# ਵਰਿਆਮ

ਨਾਮਧਾਰੀ ਵਿਦਿਅਕ
ਜੱਥੇ ਦੇ ਵਾਰਸ਼ਕ ਸੰਮੇਲਨ
ਦੇ ਅਵਸਰ ਤੇ

ਜੂਨ ੧੯੯੮



Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S. 7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

Sri Satguru Jagjit Singh Ji eLibrary NamdhariElibrary@gmail.com

https://archive.org/details/namdhari




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.

*Manufacturers & Exporters of*

## AUTO ACCESSORIES

# G N D Auto Industries

Managing Partner's : **Pawittar Singh Namdhari**

**77, Industrial Area-I, Chandigarh—160002**

Tel. 91-172-641294, 91-172-655939  Fax 91-172-656300  E Mail Uniq @ arbornet. org.

***Office at U.S.A. :***

421N. Brookhurst Street,

Suite No. 209, Anaheim—CA 92801

U.S.A.

***Mubai Office :***

502, Kakad, Market,

306, Kalbadevi Rd., Mumbai

Tel. 91-22-205-1833 Fax 91-22-375-2438

---

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

KOTA STONE, RED AGRA, MANDANA, MARBLE,
DHAULPUR & GWALIOR BUCH

PROP. S. DAYA SINGH BHUI

**WZ-2, Mansarover Garden, Ring Road,**
**NEW DELHI—110015**



Sri Satguru Jagjit Singh Ji eLibrary  NamdhariElibrary@gmail.com

https://archive.org/details/namdhari


ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTON GANJ

(Bihar)

Prop. :

S. AJIT SINGH NAMDHARI



੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

Makhan Singh Saggu

# TECHNO INDUSTRIES

## ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill Spares All Types of Graded Casting & Machinery Parts

E. D. 311, Old Railway Road,
JALANDHAR-144001.



GOLDMEDAL WINNER (1982-1983)

# JAYSON®

ELECTRIC MOTORS

FOR Agriculture, Domestic and Industrial Uses




EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications

ONE YEAR GUARANTEE AGAINST ALL MANUFACTURING DEFECTS

Manufactured by:

## Jayson Electric Co. (Regd.)

WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634




Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਜੂਨ ੧੯੯੮ ਜਿਲਦ—੨੩ ਅੰਕ—੮


ਤਤਕਰਾ


| | |
|---|---|
| ਪ੍ਰਦੂਸ਼ਣ ਦਾ ਦੈਂਤ | ੪ |
| ਮਲੇਛ-ਭਾਖਾ ਦਾ ਪਰੇਮ | ੫ |
| ਨਾਮਧਾਰੀ ਵਿਦਿਅਕ ਜਥਾ | ੭ |
| ਭਾਰਤ ਪ੍ਰਮਾਣੂ ਸ਼ਕਤੀ ਬਣਿਆ —ਜਗਦੀਸ਼ ਸਿੰਘ | ੯ |
| ਮਹਾਂਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ —ਦੀਪਕ ਜੈਤੋਈ | ੧੦ |
| ਗੀਤ — ਇੰਦਰਜੀਤ ਹਸਨਪੁਰੀ | ੧੦ |
| ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਂਅ ਖੁਲ੍ਹੀ ਚਿੱਠੀ —ਪ੍ਰੀਤਮ ਸਿੰਘ (ਪ੍ਰੋ.) | ੧੧ |
| ਧਰਤ, ਹਵਾ ਤੇ ਨਿਰਮਲ ਪਾਣੀ —ਕੌਸ਼ਲ ਸਿੰਘ | ੧੬ |
| ਚਿੱਟੀ ਵੇਈਂ ਸਰਵੇਖਣ —ਬਹਾਦਰ ਸਿੰਘ ਸੰਧੂ | ੧੭ |
| ਗੁਰਭਜਨ ਗਿੱਲ ਦੀਆਂ ਤਿੰਨ ਗ਼ਜ਼ਲਾਂ | ੨੧ |
| ਗ਼ਜ਼ਲ —ਅਜੈਬ ਸਿੰਘ | ੨੨ |
| "?" —ਤਰਲੋਕ ਮਨਸੂਰ | ੨੩ |
| ਪਹੇ ਦੀ ਝਾੜੀ ਦਾ ਫੁੱਲ —ਪ੍ਰੋ. ਰਾਮਨਿਵਾਸ ਮਾਨਵ | ੨੩ |
| ਪਰਦੇਸੀ ਪੰਜਾਬ —ਵਰਿਆਮ ਸਿੰਘ ਸੰਧੂ | ੨੪ |
| ਲਹਿੰਦੇ ਪੰਜਾਬ ਦੇ ਸ਼ਾਇਰਾਂ ਦੀਆਂ ਮਿੰਨੀ ਨਜ਼ਮਾਂ | ੩੮ |
| ਰਤਨ ਸਿੰਘ ਜੱਬਲਪੁਰਵਾਲਾ —ਜਗਦੀਸ਼ ਸਿੰਘ | ੪੦ |
| ਸ੍ਰ. ਨਾਹਰ ਸਿੰਘ ਐਮ.ਏ. —ਸੁਰਿੰਦਰ ਕੌਰ ਖਰਲ | ੪੪ |
| ਜੱਗ ਦੀ ਜਿੱਤ —ਸੁਰਜੀਤ ਸਿੰਘ ਜੀਤ | ੪_ |
| ਖ਼ਬਰਨਾਮਾ | ੪੮ |
| ਪ੍ਰਤੀਕਰਮ | ੫੩ |


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੬-੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਹਮਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧
ਫੋਨ—ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road,
Opp. Central Town,
Jalandhar-144001
Ph. 222543 (O)
56289 (R)



੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR.

Phone : 58795, 59056

Mobile Phone 9814060489 Pager 96124089




Sri Satguru Jagjit Singh Ji eLibrary NamdhariElibrary@gmail.com

# ਪਰਦੂਸ਼ਣ ਦਾ ਦੈਂਤ

ਇਸ ਅੰਕ ਵਿਚ ਪ੍ਰਕਾਸ਼ਤ "ਚਿੱਟੀ ਵੇਈਂ ਸਰਵੇਖਣ ਰਿਪੋਰਟ" ਸਫੈਦ ਵੇਈਂ ਵਿਚ ਪਰਦੂਸ਼ਣ ਬਾਰੇ ਹੈ। ਜਦ ਇਕ ਲੇਖ ਕੰਪੋਜ਼ ਹੋ ਚੁੱਕਾ ਸੀ ਤਾਂ ਇਹ ਰੋਜ਼ਾਨਾ ਅਖਬਾਰਾਂ ਵਿਚ ਵੀ ਛਪ ਗਿਆ। ਇਸ ਸਿਲਸਲੇ ਵਿਚ ਇਕ ਸਭਾ ਵੀ 'ਪੰਜਾਬੀ ਸੱਥ' ਵਲੋਂ ਆਯੋਜਤ ਕੀਤੀ ਗਈ ਸੀ। ਅਸੀਂ ਸਮਝਦੇ ਹਾਂ ਕਿ ਡਾਕਟਰ ਨਿਰਮਲ ਸਿੰਘ ਹੋਰਾਂ ਵਲੋਂ ਬਹੁ-ਦਿਸ਼ਾਵੀ ਸਰਗਰਮੀਆਂ ਵਿਚ ਵਾਤਾਵਰਨ ਅਤੇ ਪ੍ਰਦੂਸ਼ਣ ਦੀ ਸਮਸਿਆ ਵਲ ਧਿਆਨ ਕੇਂਦਰਤ ਕਰਨਾ ਅਤੇ ਇਸ ਸਬੰਧੀ ਇਕ ਬਾਕਾਇਦਾ ਸੰਸਥਾ ਬਨਾਉਣਾ ਬਹੁਤ ਮਹੱਤਵ-ਪੂਰਨ ਕਾਰਜ ਹੈ। ੫ ਜੂਨ ਨੂੰ ਸੰਸਾਰ ਵਾਤਾਵਰਨ ਦਿਵਸ ਵੀ ਹੁੰਦਾ ਹੈ। ਵਾਤਾਵਰਨ ਦੀ ਸਮੱਸਿਆ ਸੰਸਾਰ ਵਿਆਪੀ ਹੈ ਅਤੇ ਸਰਕਾਰੀ ਪੱਧਰ ਤੇ ਇਸ ਸਮੱਸਿਆ ਦੇ ਸਮਾਧਾਨ ਵਾਸਤੇ ਅੰਤਰ-ਰਾਸ਼ਟਰੀ ਪੱਧਰ ਤੇ ਕਾਨਫਰੰਸਾਂ ਵੀ ਹੋ ਚੁਕੀਆਂ ਹਨ। ਸਿਆਣਿਆਂ, ਸਾਇੰਸਦਾਨਾਂ, ਵਿਚਾਰਕਾਂ ਦਾ ਇਕ ਮਤ ਕਥਨ ਹੈ ਇਨਸਾਨ ਨੇ ਜੋ ਦਿਸਦੀ ਤਰੱਕੀ ਕੀਤੀ ਹੈ ਵਿਗਿਆਨਕ ਇਨਕਲਾਬ, ਤਕਨਾਲੋਜੀ ਦੀਆਂ ਅਪਾਰ ਪ੍ਰਾਪਤੀਆਂ, ਵੱਡੇ ਵੱਡੇ ਕਾਰਖਾਨੇ, ਸੁਖ ਆਰਾਮ ਦੇ ਸਾਧਨ ਜਹਾਜ਼, ਕਾਰਾਂ ਗੱਡੀਆਂ ਅਤੇ ਨਵੇਂ ਨਵੇਂ ਆਕਰਸ਼ਕ ਡੱਬਾ ਬੰਦ ਜਾਂ ਗੋਲੀ ਬੰਦ ਸਾਮਾਨ, ਕਾਸਮੈਟਿਕ, ਹਰ ਰੰਗ ਦੇ ਇਨਕਲਾਬ, ਗੱਲ ਕੀ ਕੁਦਰਤ ਨਾਲ ਕਿਸੇ ਵੀ ਪਰਕਾਰ ਦੇ ਛੇੜ ਛਾੜ ਦੁਆਰਾ ਪ੍ਰਾਪਤੀ ਕੀਤੀ ਤਰੱਕੀ ਦਰਅਸਲ ਮਨੁੱਖਤਾ ਦੀ ਤਬਾਹੀ ਦਾ ਹੀ ਸਾਮਾਨ ਹੈ। ਲੱਖਾਂ ਕਰੋੜਾਂ ਦੀ ਤਾਦਾਦ ਵਿਚ ਜੰਗਲਾਂ ਦੀ ਕਟਾਈ, ਧੂੰਆਂ, ਵਾਤਾਵਰਨ ਦੀ ਪਲੀਤੀ ਅਤੇ ਜ਼ਹਿਰੀਲੇ ਕੀਟ ਨਾਸ਼ਕ ਖਾਦਾਂ, ਹਵਾਵਾਂ ਧੂੰਏ ਇਸ ਸਾਰੇ ਕਾਸੇ ਦਾ ਖਮਿਆਜ਼ਾ ਮਨੁੱਖ ਦੀਆਂ ਨਸਲਾਂ ਹੀ ਨਹੀਂ ਬਾਕੀ ਜੂਨਾਂ ਵੀ ਭੁਗਤਣਗੀਆਂ—ਆਵਾਜ਼ ਦਾ ਪਰਦੂਸ਼ਣ, ਪਾਣੀ ਦਾ ਪਰਦੂਸ਼ਣ ਅਤੇ ਸਭ ਤੋਂ ਪਹਿਲਾਂ ਅਤੇ ਅਹਿਮ ਵਿਚਾਰਾਂ ਦਾ ਪਰਦੂਸ਼ਣ ਇਸ ਸੁੰਦਰ ਧਰਤੀ ਨੂੰ ਰਹਿਣ ਦੇ ਯੋਗ ਨਹੀਂ ਬਣਾਏਗਾ! ਪਿਛਲੇਰੇ ਸਾਲਾਂ ਵਿਚ 'ਵਰਿਆਮ' ਦਾ ਇਕ ਵਾਤਾਵਰਨ ਅੰਕ ਅਸੀਂ ਪ੍ਰਕਾਸ਼ਤ ਕਰ ਸਕੇ ਸਾਂ ਜਿਸ ਦੇ ਮੁੱਖ ਪੰਨੇ ਤੇ ਸੁਖਵੰਤ ਆਰਟਿਸਟ ਦੇ ਬਣਾਏ ਚਿੱਤਰ ਦੇ ਨਾਲ ਉਸ ਦਾ ਇਕ ਸ਼ਿਅਰ ਵੀ ਛਪਿਆ ਸੀ ਜੋ ਸਾਰੀ ਗੱਲ ਨੂੰ ਪ੍ਰਤੀਕਾਤਮਕ ਤੌਰ ਤੇ ਉਜਾਗਰ ਕਰਦਾ ਸੀ:

ਤਿੜਕੀ ਧਰਤੀ ਚੋਂ ਤੇਜ਼ਾਬੀ ਬੂ ਆਵੇ
ਚੁੰਝ 'ਚ ਲੈ ਕੇ ਚੋਗ ਚਿੜੀ ਕਿਧਰ ਜਾਵੇ।

ਹਜ਼ਾਰਾਂ ਸਦੀਆਂ ਤੋਂ ਸਾਡੇ ਦੇਸ਼ ਵਿਚ ਵਗਦੇ ਦਰਿਆ ਇਸ ਧਰਤੀ ਦੀ ਖੁਸ਼ਹਾਲੀ ਦਾ ਕਾਰਨ ਮੰਨੇ ਗਏ ਹਨ। ਜੀਵਨ ਦਾਤੇ, ਪਾਪ ਧੋਣ, ਵਾਲੇ ਅਤੇ ਪਵਿਤਰਤਾ ਬਖਸ਼ਣ ਵਾਲੇ। ਗੰਗਾ ਦਰਿਆ ਦਾ ਜਲ ਜਨਮ ਜਨਮਾਤਰਾਂ ਦੀ ਮੈਲ ਧੋਣ ਵਾਲਾ ਮੰਨਿਆ ਗਿਆ ਹੈ। ਲੋਕ ਬੋਤਲਾਂ ਭਰ ਕੇ ਸਨਮਾਨ ਪੂਰਬਕ ਘਰਾਂ ਨੂੰ ਲਿਜਾਂਦੇ ਰਹੇ ਹਨ। ਸਾਡੇ ਪੰਜਾਬ ਦੇਸ਼ ਦਾ ਨਾਮ ਹੀ ਪੰਜ ਦਰਿਆਵਾਂ ਦੇ ਕਾਰਨ ਪਿਆ ਹੈ। ਦਰਿਆਵਾ ਨਾਲ ਦੋਸਤੀ ਅਤੇ ਆਸ਼ਕੀ ਮਸ਼ਹੂਰ ਰਹੀ ਹੈ। ਸਭਿਅਤਾ ਇਹਨਾਂ ਦਰਿਆਵਾਂ, ਨਦੀਆਂ ਦੇ ਕੰਢੇ ਹੀ ਵਿਕਸਤ ਹੁੰਦੀ ਰਹੀ ਹੈ। ਦਰਿਆਵਾਂ ਦੀ ਦੋਸਤੀ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

ਪੌਰਾਣਕ ਕਥਾ ਹੈ ਜਮਨਾ ਦਰਿਆ ਵਿਚ ਕਾਲੀ ਨਾਗ ਰਹਿੰਦਾ ਸੀ ਜਿਸਦਾ ਜ਼ਹਿਰ ਜੋਜਨਾਂ ਤਕ ਫੈਲਿਆ ਸੀ। ਕੋਈ ਪੰਛੀ ਪਾਣੀ ਪੀ ਕੇ ਜੀਂਦਾ ਨਹੀਂ ਸੀ ਰਹਿ ਸਕਦਾ (ਜਮਨਾ ਦਾ ਮੁੜ ਓਹੋ ਹਾਲ ਹੈ)। ਉਸ ਵੇਲੇ ਭਗਵਾਨ ਕ੍ਰਿਸ਼ਨ ਨੇ ਜਮਨਾ ਵਿਚ ਛਾਲ ਮਾਰ ਕੇ ਉਸ ਕਾਲੀ ਨਾਗ ਨੂੰ ਕਾਬੂ ਕਰ ਕੇ ਜਮਨਾ ਦਾ ਪਾਣੀ ਜ਼ਹਿਰ ਮੁਕਤ ਕੀਤਾ ਸੀ।

ਵੇਈਂ ਨਦੀਆਂ ਦੁਆਬੇ ਦੇ ਇਲਾਕੇ ਦੀਆਂ ਜਿੰਦ ਜਾਨ ਰਹੀਆਂ ਹਨ। ਜੇ ਅੱਜ ਇਹਨਾਂ ਕੋਲੋਂ ਲੰਘਣ ਲਗਿਆਂ ਮੂੰਹ ਤੇ ਰੁਮਾਲ ਦੇਣਾ ਪਵੇ। ਜੇ ਇਹਨਾ ਦੇ ਕੰਢਿਆਂ ਤੇ ਜ਼ਹਿਰ ਫੈਲਿਆ ਹੋਵੇ ਤਾਂ ਸਾਡਾ ਜੀਉਣ ਦਾ ਕਾਹਦਾ ਹੱਜ ਹੈ। ਜਿਸ ਟੀਮ ਨੇ ਇਹ ਸਰਵੇਖਣ ਕੀਤਾ ਹੈ ਉਹਨੇ ਕਾਲੀ ਵੇਈਂ ਦਾ ਵੀ ਸਰਵੇਖਣ ਕੀਤਾ ਹੈ। ਹਾਲ ਉਸ ਦਾ ਵੀ ਮਾੜਾ ਹੈ। ਕਾਲੀ ਵੇਈਂ ਦੇ ਕੰਢੇ ਤੇ ਸੁਲਤਾਨਪੁਰ ਲੋਧੀ ਦਾ ਇਤਿਹਾਸਕ ਨਗਰ ਹੈ ਜਿਥੇ ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਨੇ ਜਵਾਨੀ ਦਾ ਸਮਾਂ ਲੰਘਾਇਆ ਸੀ। ਇਹ ਉਹ ਹੀ ਵੇਈਂ ਹੈ ਜਿਸ ਵਿਚ ਗੁਰੂ ਜੀ ਨੇ ਟੁੱਬੀ ਲਾਈ ਸੀ ਅਤੇ ਤਿੰਨ ਦਿਨ ਬਾਹਰ ਨਹੀਂ ਸੀ ਨਿਕਲੇ।



Sri Satguru Jagjit Singh Ji eLibrary NamdhariElibrary@gmail.com

ਇਤਿਹਾਸਕਾਰ ਦਸਦੇ ਹਨ ਕਿ ਇਸ ਟੁਬੀ ਦੌਰਾਨ ਹੀ ਗੁਰੂ ਜੀ ਨੇ ਸੱਚਖੰਡ ਵਿਚ ਈਸ਼ਵਰ ਨਾਲ ਸਾਖਸ਼ਾਤਕਾਰ ਕੀਤਾ ਅਤੇ ਉਸ ਉਪਰੰਤ ਲੋਕਾਈ ਨੂੰ ਸੋਧਣ ਅਤੇ ਸੜਦੀ ਹੋਈ ਪ੍ਰਿਥਵੀ ਤੇ ਠੰਢ ਵਰਤਾਉਣ ਲਈ ਆਪ ਨੇ ਦੁਨੀਆ ਭ੍ਰਮਣ ਲਈ ਕਮਰਕੱਸੇ ਲਾਏ ਸਨ। ਜਿਸ ਨਦੀ ਦੀ ਏਡੀ ਇਤਿਹਾਸਕ ਭੂਮਿਕਾ ਹੋਵੇ ਉਸ ਨਦੀ ਦੀ ਇਹ ਹਾਲਤ ਹੋਵੇ ਕਿ ਟੁੱਬੀ ਤਾਂ ਇਕ ਪਾਸੇ ਰਹੀ ਪੂਰੀ ਤਰ੍ਹਾਂ ਨਹਾਇਆ ਵੀ ਨਾ ਜਾ ਸਕੇ। ਉਸ ਦਾ ਪਾਣੀ ਪ੍ਰਦੂਸ਼ਤ ਹੋਵੇ ਤਾਂ ਅਸੀਂ ਕਿਸ ਵਿਰਸੇ ਤੇ ਗੌਰਵ ਕਰ ਸਕਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਨਦੀ (ਜੇ ਧਾਰਮਿਕ ਪਖੋਂ ਵੀ ਸੋਚੀਏ ਤਾਂ ਅਤਿ ਸਾਫ ਸਵੱਛ ਅਤੇ ਸੁੰਦਰ ਵਾਤਾਵਰਨ ਵਾਲੀ ਹੋਣੀ ਚਾਹੀਦੀ ਹੈ ! ਸ਼ਾਇਦ ਸਿਖ ਭਾਈਚਾਰਾ ਇਸ ਦ੍ਰਿਸ਼ਟੀਕੋਣ ਤੋਂ ਸੋਚਦਾ ਹੀ ਨਹੀਂ।)

ਭਾਵ ਇਹ ਹੈ ਕਿ ਨਦੀਆਂ ਦਾ ਵਗਦਾ ਹੋਇਆ ਪਾਣੀ ਜਿਸ ਨੂੰ ਹਰ ਪਖੋਂ ਸੁੱਚਾ ਜਲ ਮੰਨਿਆ ਗਿਆ ਹੈ। ਜੋ ਸਰੀਰਕ ਅਤੇ ਮਾਨਸਿਕ ਰੋਗਾਂ ਦੀ ਨਵਿਰਤੀ ਕਰਦਾ ਹੈ ਉਸ ਨੂੰ ਸੁੱਚਾ ਰਹਿਣ ਦੇਈਏ। ਵਾਤਾਵਰਣ ਦੀ ਸਵਛਤਾ ਸਾਡਾ ਸਾਰਿਆਂ ਦਾ ਸਾਂਝਾ ਕਰਤੱਵ, ਧਰਮ, ਫਰਜ਼ ਹੋਣਾ ਚਾਹੀਦਾ ਹੈ। ਸਰਕਾਰ ਨੇ ਇਸ ਮੰਤਵ ਲਈ ਮਹਿਕਮੇ ਬਣਾਏ ਹਨ ਕਾਨੂੰਨ ਬਣਾਏ ਹਨ ਪਰ ਲਾਗੂ ਕਰਨ ਵਾਲੇ ਤਾਂ ਇਨਸਾਨ ਹੀ ਹਨ। ਇਹ ਕਾਰਜ ਤਾਂ ਸਾਨੂੰ ਆਪਣੇ ਤੋਂ ਆਪਣੇ ਘਰ ਤੋਂ ਸ਼ੁਰੂ ਕਰਨਾ ਪਵੇਗਾ। ਇਸ ਸਮੱਸਿਆ ਨੂੰ ਮਨੋ ਗੰਭੀਰਤਾ ਨਾਲ ਕਬੂਲਣਾ ਪਵੇਗਾ। ਇਸ ਕਾਰਜ ਵਿਚ ਅਵੇਸਲਾਪਣ ਘਾਤਕ ਸਿੱਧ ਹੋ ਰਿਹਾ ਹੈ।

## ਮਲੇਛ ਭਾਖਾ ਦੀ ਤਾਅਬੇਦਾਰੀ

ਸ਼ੇਰ ਸ਼ੇਰ ਕਰਦਿਆਂ ਆਖਰ ਨੂੰ ਸ਼ੇਰ ਆ ਹੀ ਗਿਆ ਹੈ। ਪੰਜਾਬ ਸਰਕਾਰ ਨੇ ਫੈਸਲਾ ਕਰ ਦਿਤਾ ਹੈ ਕਿ ਆਜ਼ਾਦੀ ਦੀ ਅਰਧ ਸ਼ਤਾਬਦੀ ਦੇ ਜਸ਼ਨਾਂ ਵਿਚ ਹੀ ਅੰਗਰੇਜ਼ੀ ਜ਼ਬਾਨ ਨੂੰ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਲਾਗੂ ਕਰ ਦਿਓ। ਜਦੋਂ ਦੇ ਪੰਜਾਬ ਦੇ ਸਿਖਿਆ ਮੰਤਰੀ ਸ. ਤੋਤਾ ਸਿੰਘ ਹੋਰਾਂ ਨੇ ਇਸ ਮੰਤਵ ਦਾ ਬਿਆਨ ਦਾਗਿਆ ਸੀ ਉਦੋਂ ਤੋਂ ਹੀ ਪੰਜਾਬ ਦੇ ਵਿਚਾਰਵਾਨਾਂ ਅਤੇ ਸਿਖਿਆ ਸ਼ਾਸਤਰੀਆਂ ਦੇ ਮਨਾਂ ਵਿਚ ਉਥਲ ਪੁਥਲ ਹੋ ਰਹੀ ਹੈ। ਸਾਰੀ ਉਮਰ ਸਫਲ ਅਧਿਆਪਨ ਕਾਰਜ ਕਰਨ ਵਾਲੇ ਪੰਜਾਬੀ ਦੇ ਉੱਘੇ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਹੋਰਾਂ ਇਕ ਖੁਲ੍ਹੀ ਚਿੱਠੀ ਸਰਕਾਰ ਨੂੰ ਲਿਖ ਕੇ ਇਸ ਕਾਰਜ ਤੋਂ ਖਬਰਦਾਰ ਵੀ ਕੀਤਾ ਸੀ। ਇਸ ਚਿੱਠੀ ਦੀ ਨਕਲ ਅਸੀਂ 'ਵਰਿਆਮ' ਦੇ ਪੰਨਿਆਂ ਤੇ ਛਾਪ ਰਹੇ ਹਾਂ। ਅਖਬਾਰਾਂ ਵਿਚ ਬਹਿਸ ਵੀ ਚਲੀ ਕਿ ਸਰਕਾਰ ਦਾ ਇਹ ਫੈਸਲਾ ਠੀਕ ਹੈ ਜਾਂ ਗਲਤ। ਉਸ ਵਿਚ ਸਰਕਾਰ ਦੇ ਹਮਾਇਤੀਆਂ ਨੇ ਡੱਟ ਕੇ ਅੰਗਰੇਜ਼ੀ ਲਾਗੂ ਕਰਨ ਦੇ ਫੈਸਲ ਦੀ ਹਮਾਇਤ ਕੀਤੀ ਸੀ। ਪਰ ਪੰਜਾਬੀ ਵਿਚ ਅਧਿਆਪਨ ਕਾਰਜ ਦਾ ਲੰਮਾ ਸਮਾਂ ਕਾਰਜ ਕਰਨ ਵਾਲੇ, ਪੰਜਾਬੀ ਦੇ ਵਿਦਵਾਨਾਂ ਅਤੇ ਲੇਖਕਾਂ ਨੇ ਇਕ ਮੱਤ ਹੋ ਕੇ ਇਸ ਹਮਲੇ ਤੋਂ ਸੁਚੇਤ ਕੀਤਾ ਸੀ ! ਪੰਜਾਬ ਦੀ ਮੌਜੂਦਾ ਸਰਕਾਰ ਦੀ ਮੁਖ ਧਿਰ ਅਕਾਲੀ ਪਾਰਟੀ ਲੰਮਾ ਸਮਾਂ ਪੰਜਾਬੀ ਬੋਲੀ ਵਾਸਤੇ ਸੰਘਰਸ਼ ਕਰਦੀ ਰਹੀ ਹੈ। ਅਕਾਲੀ ਪਾਰਟੀ ਵਾਸਤੇ ਰਾਜ ਭਾਗ ਭੋਗਣਾ ਸੰਭਵ ਹੀ ਤਦ ਹੋ ਸਕਿਆ ਹੈ ਜਦ ਇਸ ਖਿਤੇ ਵਿਚ ਪੰਜਾਬੀ ਬੋਲਣ ਵਾਲਾ ਪੰਜਾਬੀ ਸੂਬਾ ਬਣ ਗਿਆ।

ਇਸ ਕਰਕੇ ਅਕਾਲੀ ਰਾਜ ਤੋਂ ਇਹ ਆਸ ਸੀ ਕਿ ਇਹ ਦਫਤਰਾਂ ਵਿਚ ਪਰਵਾਨਤ ਸਰਕਾਰੀ ਬੋਲੀ ਪੰਜਾਬੀ ਨੂੰ ਪੂਰੀ ਤਨਦੇਹੀ ਨਾਲ ਲਾਗੂ ਕਰੇਗੀ। ਇਸ ਮੰਤਵ ਦਾ ਵਾਇਦਾ ਮੁਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਪੰਜਾਬੀ ਲੇਖਕਾ ਦੀ ਕਾਨਫਰੰਸ ਵਿਚ ਬੁਲੰਦ ਆਵਾਜ਼ ਵਿਚ ਕੀਤਾ ਵੀ ਸੀ। ਉਹਨਾਂ ਭਾਸ਼ਾ ਨੀਤੀ ਨੂੰ ਵੀ ਵਿਚਾਰਨ ਦੀ ਗੱਲ ਕਹੀ ਸੀ ਅਤੇ ਸਿਆਣਿਆਂ, ਵਿਦਵਾਨਾਂ ਤੋਂ ਮੰਗ ਵੀ ਕੀਤੀ ਸੀ ਕਿ ਸਾਨੂੰ ਇਸ ਮਾਮਲੇ ਵਿਚ ਦਿਸ਼ਾ ਨਿਰਦੇਸ਼ ਦਿਓ।

ਪਿਛਲੇ ਲੰਮੇ ਸਮੇਂ ਤੋਂ ਵੱਖ ਵੱਖ ਸਰਕਾਰਾਂ ਵੇਲੇ ਇਹ ਮੰਗ ਬਣੀ ਰਹੀ ਹੈ ਕਿ ਪੰਜਾਬ ਵਿਚ ਪੰਜਾਬੀ ਤੋਂ ਬੇਮੁਖ ਅਫਸਰਾਂ ਵਿਰੁਧ ਸਜ਼ਾ ਦੀ ਵਿਵਸਥਾ ਹੋਣੀ ਚਾਹੀਦੀ ਹੈ। ਪੰਜਾਬੀ ਲੇਖਕਾਂ ਦੇ ਧਰਨਿਆਂ, ਮੰਗ ਪੱਤਰਾਂ ਅਤੇ ਜਲੂਸਾਂ ਨੂੰ ਨਿਸਫਲ ਕਰਨ ਵਲ ਸਰਕਾਰ ਦਾ ਜ਼ਿਆਦਾ ਧਿਆਨ ਰਿਹਾ ਹੈ। ਆਖਰਕਾਰ ਇਹ ਲੇਖਕ ਵੋਟਾਂ ਦੇ ਲਿਹਾਜ਼ ਨਾਲ ਏਨੀ ਗਿਣਤੀ ਵਿਚ ਤਾਂ ਹੈ ਨਹੀਂ ਕਿ ਇਹ ਕਿਸੇ ਵੀ ਸਰਕਾਰ ਨੂੰ ਜ਼ੋਰ ਨਾਲ ਝੁਕਾ ਸਕਣ। ਨਾ ਤਾਂ ਇਹ ਸਰਕਾਰੀ ਇਮਾਰਤਾਂ ਦੇ ਸ਼ੀਸ਼ੇ ਤੋੜ ਸਕਦੇ ਹਨ, ਨਾ ਇਹ ਰੇਲਾਂ ਤੇ ਬੱਸਾਂ ਦੇ ਪਹੀਏ ਜਾਮ ਕਰ ਸਕਦੇ ਹਨ। ਫੇਰ ਸਰਕਾਰਾਂ ਇਹਨਾਂ ਵਲ ਧਿਆਨ ਕਿਉਂ ਦੇਣ। ਇਹ ਇਕ ਕੰਮ ਕਰ ਸਕਦੇ ਹਨ ਕਿ ਲੋਕਾਂ ਦਾ ਧਿਆਨ ਇਸ ਪਾਸੇ ਵਲ ਮੋੜ ਸਕਣ ਤੇ ਜਦੋਂ ਤਕ ਲੋਕ ਨਾ ਉਠਣ ਸਰਕਾਰਾਂ



Sri Satguru Jagjit Singh Ji eLibrary NamdhariElibrary@gmail.com

ਮੰਨਦੀਆਂ ਵੀ ਨਹੀਂ ।

ਕਾਂਗਰਸੀ ਸਰਕਾਰਾਂ ਦੇ ਪੰਜਾਬੀ ਪ੍ਰਤੀ ਲਾਪ੍ਰਵਾਹੀ ਰਵਈਏ ਤੋਂ ਸਤੇ ਹੋਏ ਬਹੁਤੇ ਲੇਖਕਾਂ ਨੇ ਅਕਾਲੀ ਪਾਰਟੀ ਦੀ ਹਮਾਇਤ ਕੀਤੀ । ਸ. ਜਸਵੰਤ ਸਿੰਘ ਕੰਵਲ ਵਰਗੇ ਪਰਮੁਖ ਸਾਹਿਤਕਾਰ ਤੋਂ ਤਾ ਵੱਡੇ ਵੱਡੇ ਅਕਾਲੀ ਲੀਡਰ ਸਲਾਹਾਂ ਲੈਂਦੇ ਰਹੇ । ਇਹ ਸਾਰੀਆਂ ਗੱਲਾਂ ਇਹ ਹੀ ਦੱਸਣ ਵਾਸਤੇ ਹਨ ਕਿ ਲੋਕਾਂ ਨੂੰ ਅਕਾਲੀ ਸਰਕਾਰ ਤੋਂ ਇਹ ਆਸ ਸੀ ਕਿ ਉਹ ਤਾਂ ਘੱਟੋ ਘੱਟ ਪੰਜਾਬੀ ਦੇ ਮਸਲੇ ਤੇ ਸਹੀ ਨਿਰਨਾ ਲਵੇਗੀ । (ਜਲੰਧਰ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕੀਤੀ ਗਈ ਕਨਵੈਨਸ਼ਨ ਵਿਚ ਕਾਂਗਰਸੀ ਨੇਤਾ ਨਹੀਂ ਸਨ ਆਏ ਟੌਹੜਾ ਸਾਹਿਬ ਆਏ ਸਨ ।)

ਅਕਾਲੀ ਪਾਰਟੀ ਉਸ ਧਰਮ ਨੂੰ ਵੀ ਮੁਖ ਤੌਰ ਤੇ ਪਰਨਾਈ ਹੋਈ ਹੈ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ । ਸਿੱਖ ਗੁਰੂਆਂ ਨੇ ਤਾਂ ਬੋਲੀ ਦੀ ਮਹੱਤਤਾ ਨੂੰ ਪਛਾਣ ਕੇ ਹੀ ਤਾਂ ਇਸ ਨੂੰ ਪਰਮੁਖ ਥਾਂ ਦਿਤੀ ਸੀ । ਸਾਰੇ ਦੇਸ਼ ਚੋਂ ਪਰਸਿੱਧ ਸੰਤਾਂ ਮਹਾਂਪੁਰਖਾਂ ਦੀਆਂ ਬਾਣੀਆਂ ਦਾ ਗੁਰਮੁਖੀ ਵਿਚ ਲਿਪੀਆਂਤਰ ਕਰਕੇ ਉਸ ਨੂੰ ਪਵਿੱਤਰ ਆਦਿ ਗ੍ਰੰਥ ਵਿਚ ਸੰਭਾਲਿਆ ਸੀ । ਇਹ ਐਵੇਂ ਨਹੀਂ ਸੀ । ਉਹ ਬੋਲੀ ਨੂੰ ਸੁਤੰਤਰਤਾ ਦਾ ਅੰਗ ਮੰਨਦੇ ਸਨ । ਉਹਨਾਂ ਵਿਦੇਸ਼ੀ ਭਾਸ਼ਾ ਨੂੰ, ਸਭਿਆਚਾਰ ਨੂੰ ਨਿੰਦਿਆ । ਉਸ ਸਮੇਂ ਦੀ ਬਦੇਸ਼ੀ ਭਾਸ਼ਾ ਨੂੰ ਅਪਨਾਉਣ ਨੂੰ ਧਰਮ ਛੱਡਣ ਦੀ ਸੰਗਿਆ ਦਿਤੀ ਅਤੇ ਮੁਗਲਾਂ ਦੇ ਨੀਲੇ ਰੰਗ ਦੇ ਕੱਪੜੇ ਪਹਿਨ ਕੇ ਸਰਕਾਰ ਵਿਚ ਪ੍ਰਵਾਨ ਹੋ ਕੇ ਧਨ ਕਮਾਉਣ ਨੂੰ ਨਕਾਰਿਆ । ਉਹਨਾਂ ਸਰਕਾਰੀ ਬੋਲੀ ਨੂੰ ਮਲੇਛ ਭਾਖਾ ਕਿਹਾ ਤੇ ਸਰਕਾਰੋਂ ਪ੍ਰਾਪਤ ਧਨ ਨੂੰ ਮਲੇਛ ਧਨ ਕਿਹਾ—

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥

.........

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥...

—ਗੁਰੂ ਨਾਨਕ ਦੇਵ ਜੀ

ਕੋਈ ਵੀ ਹੁਕਮਰਾਨ ਜਦੋਂ ਆਪਣਾ ਤਸੱਲਤ ਕਾਇਮ ਕਰਦਾ ਹੈ ਤਾਂ ਉਹ ਆਪਣੀ ਬੋਲੀ ਜੜਦਾ ਹੈ । ਮੁਗਲ ਪਠਾਣਾਂ ਨੇ ਵੀ ਇਹ ਕੀਤਾ ਅਤੇ ਅੰਗਰੇਜ਼ਾਂ ਨੇ ਵੀ । ਪੰਜਾਬ ਵਾਲਿਆਂ ਦੀ ਸ਼ਾਇਦ ਇਕੋ-ਇਕ ਮਿਸਾਲ ਹੈ ਜਿਹੜੇ ਆਪਣੀ ਬੋਲੀ ਵਲੋਂ ਬੇਮੁਖ ਰਹਿੰਦੇ ਹਨ ਅਤੇ ਬਦੇਸ਼ੀ ਬੋਲੀਆਂ ਦੇ ਪ੍ਰੇਮੀ ਹਨ । ਇਹ ਗ਼ੁਲਾਮੀ ਦੀ ਮਾਨਸਿਕਤਾ ਹੈ । ਵੋਟਾਂ ਦੀ ਰਾਜਨੀਤੀ ਵਿਚ ਤੁਸੀਂ ਬਹੁਮਤ ਪ੍ਰਾਪਤ ਕਰ ਸਕਦੇ ਹੋ, ਪਰ ਇਹ ਜ਼ਰੂਰੀ ਨਹੀਂ ਕਿ ਤੁਸੀਂ ਠੀਕ ਵੀ ਹੋਵੋ ।

ਅਸੀਂ ਪੰਜਾਬੀਆਂ ਨੇ (ਜਾਂ ਪੰਜਾਬੀ ਲੇਖਕਾਂ ਨੇ) ਪਹਿਲਾਂ ਪੰਜਾਬੀ ਅੰਕਾਂ ਦੀ ਕੁਰਬਾਨੀ ਦਿੱਤੀ । ਪੰਜਾਬੀ ਅੰਕਾਂ ਦੀ ਥਾਂ ਅੰਗਰੇਜ਼ੀ ਵਰਤਣੇ ਸ਼ੁਰੂ ਕੀਤੇ । ਅਖੇ, ਜੀ ਇਹ ਸਾਰੀ ਦੁਨੀਆਂ ਵਿਚ ਸਮਝੇ ਜਾਂਦੇ ਨੇ । ਹੁਣ ਅਸੀਂ ਪੰਜਾਬੀ ਦੀ ਕੁਰਬਾਨੀ ਦੇ ਦੁਆਰ ਤੇ ਹਾਂ । ...ਜੀ ਅੰਗਰੇਜ਼ੀ ਸਾਰੀ ਦੁਨੀਆ ਵਿਚ ਸਮਝੀ ਜਾਂਦੀ ਹੈ ।

ਲੰਮਾ ਸਮਾਂ ਅਸੀਂ ਕਾਨਵੈਂਟ ਤਰਜ਼ ਦੇ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ ਸਕੂਲ ਦੀਆਂ ਦੁਕਾਨਾਂ ਨੂੰ ਵਿਕਸਿਤ ਹੋਣ ਦਾ ਸਮਾਂ ਦਿਤਾ । ਅਸੀਂ ਆਪਣੇ ਬੱਚਿਆਂ ਨੂੰ ਬਦੇਸ਼ੀ ਬੋਲੀ ਬਦੇਸ਼ੀ ਪਹਿਰਾਵੇ ਅਤੇ ਵਲਾਇਤੀ ਸਭਿਆਚਾਰ ਨੂੰ ਪਿਆਰ ਕਰਨ ਵਲ ਲਾਇਆ, ਸਭ ਤਰੱਕੀ ਦੇ ਨਾਂਅ ਤੇ । ...ਤੇ ਦੂਜੇ ਬੰਨੇ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਇਵੇਂ ਅਣਗੌਲਿਆ ਜਿਵੇਂ ਮਤਰੇਈ ਮਾਂ ਵੀ ਨਹੀਂ ਕਰਦੀ । ਪ੍ਰਾਈਵੇਟ ਸਕੂਲਾਂ ਦੀਆਂ ਵਰਦੀਆਂ ਵੀ ਦਿਲ-ਖਿੱਚਵੀਆਂ ਅਤੇ ਸਕੂਲਾਂ ਦੀਆਂ ਇਮਾਰਤਾਂ ਵੀ ਵਧੀਆ । ਕਾਰਾਂ ਦੀਆਂ ਲੰਮੀਆਂ ਕਤਾਰਾਂ ਇਹਨਾਂ ਦੇ ਬਾਹਰ ਖੜ੍ਹੀਆਂ ਤੇ ਵਿਚਾਰੇ ਸਰਕਾਰੀ ਸਕੂਲ—ਨਾ ਇਮਾਰਤ, ਨਾ ਫਰਨੀਚਰ, ਨਾ ਮਾਸਟਰ ਤੇ ਨਾ ਪੜ੍ਹਾਈ । ਪੰਜਾਹ ਸਾਲ ਪਹਿਲਾਂ ਚੌਥੀ ਜਮਾਤ ਦਾ ਵਿਦਿਆਰਥੀ ਚਿੱਠੀ ਵੀ ਲਿਖ ਲੈਂਦਾ ਸੀ ਤੇ ਅਰਜ਼ੀ ਵੀ, ਪਰ ਅੱਜ ਬੀ.ਏ. ਪਾਸ ਕਰਕੇ ਵੀ ਨਹੀਂ ਲਿਖ ਸਕਦਾ । ਗੱਲ ਵਿਡੰਬਣਾ ਦੀ ਇਹ ਹੈ ਕਿ ਜਿਹੜੇ ਬੱਚਿਆਂ ਨੂੰ ਅਸੀਂ ਪੰਜਾਬੀ ਨਹੀਂ ਪੜ੍ਹਾ ਸਕੇ, ਉਹਨਾਂ ਨੂੰ ਅੰਗਰੇਜ਼ੀ ਕਿਥੋਂ ਪੜ੍ਹਾ ਲਵਾਂਗੇ ? ਬੱਚੇ ਨੂੰ ਮੁਢਲਾ ਗਿਆਨ ਮਾਂ-ਬੋਲੀ ਵਿਚ ਚਾਹੀਦਾ ਹੈ । ਬਾਦ ਵਿਚ ਭਾਵੇਂ ਦੁਨੀਆ ਦੀਆਂ ਸਾਰੀਆਂ ਬੋਲੀਆਂ ਹੀ ਉਹ ਸਿਖ ਲਵੇ । ਦਸਤੂਰ ਇਹ ਹੈ ਕਿ ਮਾਂ-ਬੋਲੀ ਵਿਚ ਕੁਝ ਜਮਾਤਾਂ ਵਿਚ ਵਿਦਿਆਰਥੀ ਪਰਪੱਕ ਕੀਤਾ ਜਾਵੇ, ਫੇਰ ਅੰਗਰੇਜ਼ੀ ਪੜ੍ਹਾਓ ਉਹ ਗ੍ਰਹਿਣ ਕਰੇਗਾ । ਸਾਡੇ ਕੋਲ ਡਾ. ਸਰਦਾਰਾ ਸਿੰਘ ਜੌਹਲ ਵਰਗਿਆਂ ਦੀਆਂ ਮਿਸਾਲਾਂ ਹਨ, ਜੋ ਤੱਪੜਾਂ ਵਾਲੇ ਸਕੂਲਾਂ ਵਿਚ ਪੜ੍ਹ ਕੇ ਸੰਸਾਰ ਦੇ ਉਚੇ ਅਹੁਦਿਆਂ ਤਕ ਪਹੁੰਚੇ । ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ,



Sri Satguru Jagjit Singh Ji eLibrary NamdhariElibrary@gmail.com

ਪ੍ਰਧਾਨ ਮੰਤਰੀਆਂ, ਰਿਜ਼ਰਵ ਬੈਂਕਾਂ ਦੇ ਸਲਾਹਕਾਰ, ਅੰਤਰ-ਰਾਟਸ਼ਰੀ ਕਾਨਫਰੰਸਾਂ ਵਿਚ ਫਰਰ-ਫਰਰ ਅੰਗਰੇਜ਼ੀ ਬੋਲਣ ਵਾਲੇ—ਇਹਨਾਂ ਸਭ ਨੇ ਅੰਗਰੇਜ਼ੀ ਪਹਿਲੀ ਜਮਾਤ ਤੋਂ ਤਾਂ ਸ਼ੁਰੂ ਨਹੀਂ ਸੀ ਕੀਤੀ। ਅੱਜ ਵਾਗ-ਡੋਰ ਸਮਾਜ ਦੀ ਉਹਨਾਂ ਲੋਕਾਂ ਦੇ ਹੱਥ ਹੈ ਜੋ ਪੇਤਲੀ ਸਮਝ ਦੇ ਮਾਲਕ ਹਨ ਅਤੇ ਜੋਹਲ ਸਾਹਿਬ ਵਰਗੇ ਲੋਕ ਬੇਵੱਸ ਹਨ। ਉਹ ਕਹਿੰਦੇ ਹਨ ਕਿ "ਸਾਡੀ ਕੋਈ ਗੱਲ ਸੁਣਦਾ ਹੀ ਨਹੀਂ।"

ਸਾਡੀ ਅਰਦਾਸ ਹੈ "ਹੇ ਸੱਚਿਆ ਪਾਤਸ਼ਾਹ ਬਾਬਾ ਨਾਨਕ! ਆਪਣੇ ਸਿੱਖਾਂ ਤੇ ਕਿਰਪਾ ਕਰ...ਅਤੇ ਮਲੇਛ ਭਾਖਾ ਦੀ ਤਾਅਬੇਦਾਰੀ ਤੋਂ ਰੱਖਿਆ ਕਰ।

# ਨਾਮਧਾਰੀ ਵਿਦਿਅਕ ਜੱਥਾ

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ੩੪ਵਾਂ ਵਾਰਸ਼ਿਕ ਸੰਮੇਲਨ ਇਸ ਵਾਰ ਹਿਮਾਚਲ ਪ੍ਰਦੇਸ਼ ਦੇ ਪ੍ਰਸਿਧ ਨਗਰ ਮੰਡੀ ਵਿਚ ਹੋ ਰਿਹਾ ਹੈ। ਮੰਡੀ ਸ਼ਹਿਰ ਸਤਿਗੁਰੂ ਸਾਹਿਬਾਨ ਦਾ ਵਰੋਸਾਇਆ ਪਹਾੜੀ ਸ਼ਹਿਰ ਹੈ। ਇਥੋਂ ਕੁੱਲੂ ਮਨਾਲੀ ਮਨੀਕਰਨ ਨੂੰ ਸੜਕਾਂ ਜਾਂਦੀਆਂ ਹਨ। ਇਥੋਂ ਹੀ ਜੁਗਿੰਦਰ ਨਗਰ ਪਾਲਮਪੁਰ ਰਾਹੀਂ ਪਠਾਨਕੋਟ ਨੂੰ ਪੁਰਾਣੀ ਸੜਕ ਜਾਂਦੀ ਹੈ ਅਤੇ ਇਥੇ ਹੀ ਸੁੰਦਰ ਨਗਰ ਬਿਲਾਸਪੁਰ ਰਾਹੀਂ ਕੀਰਤਪੁਰ ਸਾਹਿਬ ਨੂੰ ਸੜਕ ਜੋੜਦੀ ਹੈ। ਇਸ ਤਰ੍ਹਾਂ ਇਸ ਸ਼ਹਿਰ ਦਾ ਭੂਗੋਲ ਦੇ ਪੱਖੋਂ ਅਹਿਮ ਅਸਥਾਨ ਹੈ ਅਤੇ ਤਾਰੀਖ ਦੇ ਪੱਖੋਂ ਵੀ ਮੰਡੀ ਸ਼ਹਿਰ ਪ੍ਰਸਿਧ ਰਿਹਾ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਗੁਰਦੁਆਰਾ ਹੈ, ਜਿਥੇ ਹਜ਼ੂਰ ਦਾ ਇਕ ਸੰਗੀਤ ਦਾ ਸਾਜ਼ ਵੀ ਪਿਆ ਹੈ। ਮੰਡੀ ਦੇ ਰਾਜਿਆਂ ਦਾ ਗੁਰੂ-ਘਰ ਨਾਲ ਸੰਬੰਧ ਰਿਹਾ ਹੈ। ਵਰਤਮਾਨ ਕਾਲ ਵਿਚ ਇਸ ਦੇ ਇਕ ਮਹਾਰਾਜੇ ਨੂੰ ਕਿਸੇ ਨੇ ਪੁਛਿਆ ਕਿ 'ਤੁਸੀਂ ਪੰਜਾਬੀ ਹੋ ਕਿ ਪਹਾੜੀਏ ?' ਤਾਂ ਉਸਦਾ ਉੱਤਰ ਸੀ 'ਅਸੀਂ ਪੰਜਾਬੀ ਪਹਾੜੀਏ ਹਾਂ!'

ਮੰਡੀ ਦੇ ਲਾਗੇ ਹੀ ਸ਼ਹਿਰ ਸੁੰਦਰ ਨਗਰ ਹੈ, ਜਿਸਦਾ ਪਹਿਲਾ ਨਾਮ ਸੁਕੇਤ ਸੀ। ਇਹ ਵੀ ਇਕ ਛੋਟੀ ਜਿਹੀ ਪਹਾੜੀ ਰਿਆਸਤ ਸੀ। ਪਹਿਲੋਂ ਮੰਡੀ ਨੂੰ ਦੱਸਣ ਵਾਸਤੇ 'ਮੰਡੀ ਸੁਕੇਤ' ਹੀ ਕਿਹਾ ਜਾਂਦਾ ਸੀ; ਇਸੇ ਇਲਾਕੇ ਵਿਚ ਹੀ ਰਵਾਲਸਰ ਦਾ ਪ੍ਰਸਿਧ ਤੀਰਥ ਅਸਥਾਨ ਹੈ, ਜੋ ਹਿੰਦੂਆਂ, ਸਿੱਖਾਂ ਅਤੇ ਬੋਧੀਆਂ ਲਈ ਇਤਿਹਾਸਕ ਮਹੱਤਤਾ ਵਾਲਾ ਹੈ। ਇਸ ਅਸਥਾਨ ਬਾਰੇ ਬਹੁਤ ਸਾਰੇ ਭਵਿਖਤ ਵਾਕ ਹੋਣ ਕਰਕੇ ਇਸ ਦੀ ਪੁਰਾਣੀ ਪ੍ਰਸਿਧੀ ਹੈ। ਇਨ੍ਹਾਂ ਭਵਿਖਤ ਵਾਕਾਂ ਦੇ ਅਸਰ ਹੇਠ ਹੀ ਕਿਸੇ ਸਮੇਂ ਭਾਰੀ ਤਾਦਾਦ ਵਿਚ ਨਾਮਧਾਰੀ ਸਿੱਖ ਸੰਗਤਾਂ ਨੇ ਮੰਡੀ-ਸੁਕੇਤ ਵਿਚ ਡੇਰੇ ਲਾਏ। ਇਸ ਇਲਾਕੇ ਦੇ ਸ਼ਹਿਰਾਂ ਵਿਚ ਅੱਜ ਕਲ੍ਹ ਨਾਮਧਾਰੀ ਆਪਣਾ ਕਾਰੋਬਾਰ ਕਰਦੇ ਆਮ ਵੇਖੇ ਜਾ ਸਕਦੇ ਹਨ। ਦੇਸ਼-ਵੰਡ ਤੋਂ ਪਹਿਲਾਂ ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮੰਡੀ ਅਤੇ ਸੁਕੇਤ ਨਾਲ ਡੂੰਘਾ ਸੰਬੰਧ ਤੁਰਿਆ ਆ ਰਿਹਾ ਹੈ। ਇਥੋਂ ਦੀ ਸੰਗਤ ਸੁਚੇਤ, ਸਮਰਿਧ ਅਤੇ ਸੰਗਠਤ ਹੈ। ਦਰਿਆ ਬਿਆਸ ਦੇ ਰਮਣੀਕ ਕੰਢੇ ਉਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਿਵਾਸ ਅਸਥਾਨ 'ਕੋਠੀ' ਅਧਿਆਤਮਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਸੰਗਤ ਦਾ ਗੁਰਦੁਆਰਾ ਨਾਮਧਾਰੀ ਧਰਮਸ਼ਾਲਾ ਸ਼ਹਿਰ ਵਿਚ ਸਥਿਤ ਹੈ। ਇਥੇ ਰੋਜ਼ਾਨਾ ਨਾਮ ਸਿਮਰਨ ਦਾ ਪਰਵਾਹ ਚਲਦਾ ਰਹਿੰਦਾ ਹੈ। ਮੰਡੀ ਦੇ ਨੌਜੁਆਨ ਨਾਮਧਾਰੀ ਸਿੰਘਾਂ ਦੇ ਉੱਦਮ ਸਦਕਾ ਇਥੇ ਨੌਜਵਾਨਾਂ ਦੇ ਸੰਮੇਲਨ ਹੋਣੇ ਆਰੰਭ ਹੋਏ, ਜੋ ਬਾਦ ਵਿਚ ਸੰਨ ੧੯੬੫ ਤੋਂ ਵਿਆਪਕ ਪੱਧਰ ਤੇ ਬਾਕਾਇਦਾ "ਨਾਮਧਾਰੀ ਵਿਦਿਅਕ ਜਥਾ" ਦੀ ਰਜਿਸਟਰਡ ਸੰਸਥਾ ਦੇ ਨਾਮ ਤੇ ਜਥੇਬੰਦਕ ਰੂਪ ਵਿਚ ਹੋਣੇ ਸ਼ੁਰੂ ਹੋਏ। ਮੰਡੀ ਦੇ ਮਹੱਤਵਪੂਰਨ ਸਥਾਨਕ ਸੰਮੇਲਨਾਂ ਤੋਂ ਇਲਾਵਾ ਕੁਲ ਹਿੰਦ ਪੱਧਰ ਦੇ ਤਿੰਨ ਸੰਮੇਲਨ—ਸੰਨ ੧੯੬੯, ੧੯੭੫ ਅਤੇ ੧੯੮੩ ਵਿਚ) ਹੋਏ। ਇਸ ਤੋਂ ਇਲਾਵਾ ਮੰਡੀ ਸੁੰਦਰ ਨਗਰ ਦੀ ਸੰਗਤ ਅਤੇ ਜਥੇ ਵਲੋਂ ਸ੍ਰੀ ਭੈਣੀ ਸਾਹਿਬ ਵਿਚ ਵੀ ਇਹ ਸੰਮੇਲਨ ਹੋਏ।

ਪਿਛਲੇ ੩੫ ਸਾਲਾਂ ਵਿਚ ਭਾਵੇਂ ਜ਼ਿਆਦਾ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਚ ਹੀ ਹੋਏ ਹਨ ਅਤੇ ਇਹ ਵੱਖ ਵੱਖ ਜਥਿਆਂ ਦੀ ਪ੍ਰਾਹੁਣਾਚਾਰੀ ਵਿਚ ਹੋਏ ਹਨ ਪਰ ਕੁਝ ਮਹੱਤਵ ਪੂਰਨ ਸੰਮੇਲਨ ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਦੇਸ਼ ਦੇ ਦੂਸਰੇ ਅਹਿਮ ਸਥਾਨਾਂ ਤੇ ਵੀ ਹੋਏ ਹਨ। ਸ੍ਰੀ ਜੀਵਨ ਨਗਰ, (ਹਰਿਆਣਾ), ਦਿੱਲੀ, ਡਾਲਟੰਨ ਗੰਜ (ਬਿਹਾਰ), ਜਲੰਧਰ, ਜੰਮੂ, ਬੰਗਲੌਰ, ਚੰਡੀਗੜ੍ਹ ਵਿਚ ਸ਼ਾਨਦਾਰ ਸੰਮੇਲਨ ਹੋਏ ਹਨ ਅਤੇ ਇਸ ਵਾਰ ਮੁੜ ਮੰਡੀ ਵਾਲਿਆਂ ਨੂੰ ਇਹ ਸੁਭਾਗ ਅਵਸਰ ਪ੍ਰਾਪਤ ਹੋਇਆ ਹੈ।

ਨਾਮਧਾਰੀ ਵਿਦਿਅਕ ਜੱਥੇ ਦੇ ਮੁੱਢਲੇ ਉਦੇਸ਼ਾਂ ਵਿਚ ਕੁਝ ਮਹੱਤਵਪੂਰਨ ਗੱਲਾਂ ਸ਼ਾਮਲ ਹਨ। ਜਿਵੇਂ, ਪੜ੍ਹੇ ਲਿਖੇ



Sri Satguru Jagjit Singh Ji eLibrary NamdhariElibrary@gmail.com

ਨੌਜਵਾਨਾਂ ਨੂੰ ਸੰਗਠਤ ਕਰਨਾ, ਉਹਨਾਂ ਵਿਚ ਨਾਮਧਾਰੀ ਆਚਾਰ ਤੇ ਵਿਚਾਰ ਦਾ ਵਿਕਾਸ ਕਰਨਾ ਅਤੇ ਵਿਸ਼ੇਸ਼ ਕਰਕੇ ਭਾਰਤੀ ਨਾਮਧਾਰੀ ਪਹਿਰਾਵੇ ਲਈ ਸਨਮਾਨ ਤੇ ਉਤਸ਼ਾਹ ਪੈਦਾ ਕਰਨਾ। ਸੁਚੱਜੇ ਡਿਸਿਪਲਨ ਦਾ ਵਿਕਾਸ ਕਰਨਾ, ਤਾਲੀਮ, ਬੀਮਾਰੀ ਅਤੇ ਬੇਕਾਰੀ ਵਿਚ ਨਾਮਧਾਰੀਆਂ ਅਤੇ ਗੈਰ-ਨਾਮਧਾਰੀਆਂ ਦੀ ਸਰਗਰਮ ਹੋ ਕੇ ਮਦਦ ਕਰਨਾ। ਜਥੇ ਦਾ ਮੁਖ ਉਦੇਸ਼ ਹੈ ਸ੍ਰੀ ਸਤਿਗੁਰੂ ਜੀ ਦੇ ਆਦੇਸ਼ਾਂ ਦਾਂ ਪਾਲਣ ਪੂਰੀ ਦ੍ਰਿੜ੍ਹਤਾ ਨਾਲ ਕਰਨਾ ਤੇ ਕਰਵਾਉਣਾ ਹੈ। ਨਾਮਧਾਰੀ ਮਤ ਦਾ ਵਿਗਿਆਨਕ ਢੰਗ ਨਾਲ ਪਰਚਾਰ ਕਰਨਾ, ਨੌਜਵਾਨਾਂ ਨੂੰ ਜਥੇਬੰਦ ਕਰਨਾ। ਵਿਦਿਆਲੇ, ਪੁਸਤਕਾਲੇ, ਪੁਸਤਕਾਂ, ਕੈਲੰਡਰ, ਸੇਵਾ ਪ੍ਰਬੰਧ ਅਤੇ ਔਸ਼ਧਾਲੇ ਆਦਿ ਦਾ ਇੰਤਜ਼ਾਮ ਕਰਨਾ। ਗੈਰ-ਨਾਮਧਾਰੀਆਂ ਨਾਲ ਆਪਣੇ ਅਸੂਲਾਂ ਤੇ ਕਾਇਮ ਰਹਿ ਕੇ, ਸ਼ੁਭ ਇਛਕਾਂ ਨੂੰ ਅਮਲੀ ਮਿਲਵਰਤਣ ਦੇਣਾ। ਵਿਸ਼ਵ ਧਰਮ ਸਮਾਨਤਾ, ਵਿਸ਼ਵ ਸ਼ਾਂਤੀ ਤੇ ਗਊ ਰੱਖਿਆ ਦੇ ਸੰਬੰਧ ਵਿਚ ਸੁਚੇਤ ਜਤਨ ਕਰਨਾ। ਇਹਨਾਂ ਦੇ ਨਾਲ ਨਾਲ ਹੀ ਨਾਮਧਾਰੀ ਸਿਖ ਸੰਗਤਾਂ ਦੇ ਧਾਰਮਕ ਅਸੂਲਾਂ ਅਤੇ ਸਤਿਗੁਰੂ ਜੀ ਦੁਆਰਾ ਦਰਸਾਏ ਰਹਿਤਨਾਮੇ ਤੇ ਪਾਬੰਦ ਰਹਿਣਾ।

ਵਿਦਿਅਕ ਜਥੇ ਦੀ ਇਸ ਸੋਚ ਦੇ ੩੪ ਸਾਲਾਂ ਦੇ ਇਤਿਹਾਸ ਵਿਚ ਕੁਝ ਠੋਸ ਸਿੱਟੇ ਵੀ ਨਿਕਲੇ ਹਨ। ਵਿਦਿਅਕ ਜਥਾ ਤਾਂ ਇਕ ਵਿਚਾਰ ਮੰਥਨ ਦਾ ਮੰਚ ਹੈ ਅਤੇ ਉਸ ਵਿਚੋਂ ਨਿਕਲੇ ਵਿਚਾਰਾਂ ਨੂੰ ਅਮਲੀ ਅਤੇ ਠੋਸ ਰੂਪ ਸਕੂਲ, ਅਕੈਡਮੀਆਂ, ਯੂਨੀਵਰਸਟੀ ਚੇਅਰਾਂ, ਕਲਾ ਕੇਂਦਰਾਂ ਦੇ ਰੂਪ ਵਿਚ ਨਿਕਲਿਆ ਹੈ। ਹੁਣ ਤਾਂ ਜੱਥੇ ਦੀਆਂ ਸਰਗਰਮੀਆਂ ਭਾਰਤ ਤੋਂ ਬਾਹਰ ਵੀ ਹਨ। ਇਕ ਬਹੁਤ ਮਹੱਤਵਪੂਰਨ ਅਤੇ ਦਿਲਚਸਪ ਗੱਲ ਵੀ ਭਾਸ਼ਾ ਸੰਬੰਧੀ ਹੈ। ਨਾਮਧਾਰੀ ਮੂਲ ਰੂਪ ਵਿਚ ਸ਼ੁਰੂ ਤੋਂ ਹੀ ਪੰਜਾਬੀ ਦੇ ਮੁਦਈ ਰਹੇ ਹਨ। ਸਰਕਾਰੀ ਤਾਲੀਮ ਅਤੇ ਸਕੂਲਾਂ ਦਾ ਤਾਂ ਇਹਨਾਂ ਨੇ ਸੰਨ ੧੯੪੭ ਤੋਂ ਪਹਿਲਾਂ ਤਕ ਬਾਈਕਾਟ ਹੀ ਰਖਿਆ। ਹੁਣ ਇਹ ਵਿਦੇਸ਼ਾਂ ਵਿਚ ਵੀ ਹਨ। ਹੁਣ ਨਵੇਂ ਤਕਾਜ਼ਿਆਂ ਨੂੰ ਮੁਖ ਰਖਦਿਆਂ ਥਾਈਲੈਂਡ, ਇੰਗਲੈਂਡ ਆਦਿ ਥਾਵਾਂ ਤੇ ਜਿਥੇ ਪੰਜਾਬੀ ਭਾਸ਼ਾ ਦਾ ਪ੍ਰਚਲਣ ਦਿਨੋਂ ਦਿਨ ਘੱਟ ਰਿਹਾ ਹੈ ਉਥੇ ਪੰਜਾਬੀਪੜ੍ਹਾਈ ਲਈ ਸਕੂਲ ਜਾਂ ਵਿਸ਼ੇਸ਼ ਜਮਾਤਾਂ ਦਾ ਪਰਬੰਧ ਹੋ ਰਿਹਾ ਹੈ ਅਤੇ ਭਾਰਤ ਵਿਚ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵਿਚ ਮੁਹਾਰਤ ਅਤੇ ਕੰਪਿਊਟਰੀ ਸਿਖਲਾਈ ਅਤੇ ਹੋਰ ਕਿੱਤਾ ਮੁਖੀ ਵਿਸ਼ਿਆਂ ਦਾ ਅਧਿਐਨ ਵੀ ਕੁਝ ਸਕੂਲਾਂ ਵਿਚ ਸ਼ੁਰੂ ਕੀਤਾ ਗਿਆ ਹੈ। ਇਹਨਾਂ ਪੜ੍ਹਾਈ ਦੇ ਸੰਸਥਾਨਾਂ ਵਿਚੋਂ ਜਦੋਂ ਬੱਚੇ ਬੱਚੀਆਂ ਸੰਗੀਤ ਅਤੇ ਕੀਰਤਨ ਦੀ ਪਰੰਪਰਾਗਤ ਅਤੇ ਸ਼ਾਸਤ੍ਰੀ ਸ਼ੈਲੀ ਵਿਚ ਪ੍ਰਦਰਸ਼ਨ ਕਰਦੇ ਹਨ ਤਾਂ ਸਰੋਤੇ ਵੱਡੀ ਗਿਣਤੀ ਵਿਚ ਸੁਨਣ ਨੂੰ ਪੁਜਦੇ ਹਨ ਅਤੇ ਵਾਹਵਾ ਵੀ ਕਰਦੇ ਹਨ।

ਵਿਦਿਅਕ ਜੱਥਾ ਸ਼ਾਇਦ ਵੱਡੀਆਂ ਗੱਲਾਂ ਦਾ ਦਾਅਵਾ ਨਾ ਕਰ ਸਕੇ ਅਤੇ ਨਾ ਹੀ ਇਸ ਦੀ ਏਨੀ ਸਮਰਥਾ ਜਾਂ ਕਾਰਜ ਖੇਤਰ ਹੈ ਪਰ ਫੇਰ ਵੀ ਇਸ ਦੀ ਕਾਰਵਾਈ ਸੰਤੋਖ-ਜਨਕ ਹੈ। ਵਖ ਵਖ ਥਾਵਾਂ ਤੇ ਜਥਿਆਂ ਨੂੰ ਸਥਾਪਤ ਕਰਨਾ, ਉਹਨਾਂ ਨੂੰ ਇਕ ਲੜੀ ਵਿਚ ਪ੍ਰੋਣਾ ਸੇਵਾ ਕਾਰਜ ਕਰਨੇ ਅਤੇ ਹਰ ਸਾਲ ਬਾਕਾਇਦਾ ਸੰਮੇਲਨ ਕਰਨੇ। ਜਥਿਆਂ ਦੀਆਂ ਰਿਪੋਰਟਾਂ ਸੁਨਣੀਆਂ ਉਹਨਾਂ ਦੀ ਕਾਰਵਾਈ ਦੀ ਪੜਚੋਲ ਕਰਨੀ ਪ੍ਰੋਗਰਾਮ ਉਲੀਕਣੇ ਭਾਰੀ ਸਰਗਰਮੀਆਂ ਭਰੇ ਕਾਰਜ ਹਨ। ਵਿਦਿਅਕ ਜੱਥੇ ਨੇ ਇਕ ਕਾਰਜ ਵਿਚ ਬਹੁਤ ਮਹੱਤਵ-ਪੂਰਨ ਯੋਗਦਾਨ ਪਾਇਆ ਹੈ। ਉਹ ਹੈ ਵਿਆਹ ਸੁਧਾਰ ਵਿਚ। ਨਾਮਧਾਰੀਆਂ ਨੂੰ ਇਸ ਸ਼ਰੇਅ ਜਾਂਦਾ ਹੈ ਕਿ ਉਹ ਵਿਆਹ ਸੁਧਾਰ ਦੇ ਮੋਢੀ ਹਨ। ਲੋਕ ਕਹਿੰਦੇ ਹਨ ਕਿ ਉਹਨਾਂ ਦੀਆਂ ਇਕੱਠੀਆਂ ਸ਼ਾਦੀਆਂ ਹੁੰਦੀਆਂ ਹਨ। ਉਹਨਾਂ ਦੇ ਵਿਆਹ (ਅਨੰਦ ਕਾਰਜ) ਸਵਾ ਰੁਪਏ ਵਿਚ ਹੁੰਦੇ ਹਨ। ਉਹ ਦਾਜ ਦਹੇਜ ਨਹੀਂ ਲੈਂਦੇ ਆਦਿ ਆਦਿ। ਇਹ ਗੱਲਾਂ ਹੈ ਵੀ ਠੀਕ ਪਰ ਇਹਨਾਂ ਨੂੰ ਲਾਗੂ ਕਰਨ ਲਈ ਕਿਸੇ ਸਮਾਜ ਨੂੰ ਕਿੰਨਾ ਜ਼ੋਰ ਲਾਉਣਾ ਪੈਂਦਾ ਹੈ ਉਸ ਤੋਂ ਲੋਕ ਵਾਕਿਫ ਨਹੀਂ। ਸਾਡਾ ਸਮੁਚਾ ਸਮਾਜ ਭ੍ਰਿਸ਼ਟਾਚਾਰ ਵਿਚ ਏਨਾ ਗ੍ਰਸਿਆ ਹੈ ਕਿ ਕੋਈ ਰਸਤਾ ਨਹੀਂ ਦਿਸਦਾ ਨਿਕਲਣ ਦਾ। ਨਾਮਧਾਰੀ ਵੀ ਤਾਂ ਆਖਰ ਸਮਾਜ ਦਾ ਹਿੱਸਾ ਹਨ। ਇਹਨਾਂ ਦੀਆਂ ਮਜਬੂਰੀਆਂ ਵੀ ਹਨ। ਅੱਜ ਕਲ੍ਹ ਵਿਆਹ-ਸ਼ਾਦੀਆਂ, ਦਾਜ-ਦਹੇਜ ਦੀ ਸਮੱਸਿਆ ਅਤੇ ਇਹਨਾਂ ਸ਼ਾਦੀਆਂ ਤੇ ਹੁੰਦਾ ਬੇਪਨਾਹ, ਬੇਮਕਸਦ ਜਲੌਅ ਅਤੇ ਖਰਚਾ ਸਮਾਜ ਵਿਚ ਵਾਪਰੇ ਸਮੁਚੇ ਭ੍ਰਿਸ਼ਟਾਚਾਰ ਦਾ ਜਨਮ ਦਾਤਾ ਹੈ। ਜ਼ਰਾ ਅੱਜ ਕਲ੍ਹ ਦੇ ਆਮ ਵਿਆਹਾਂ ਵਲ ਨਜ਼ਰ ਮਾਰੋ ਅਮੀਰਾਂ ਦੇ ਵੇਖਾ ਵੇਖੀ ਆਮ ਆਦਮੀ ਵੀ ਪੈਲਸਾਂ ਵਿਚ ਵਿਆਹ ਕਰਨ, ਉਥੇ ਵੱਡੀਆਂ ਪਾਰਟੀਆਂ ਦੇਣ, ਅੰਗਰੇਜ਼ੀ ਆਰਕੈਸਟਰਾਂ ਦੀਆਂ ਕੰਨ ਪਾੜਵੀਆਂ ਧੁੰਨਾਂ ਅਤੇ ਉਥੇ ਬੇਹੂਦਾ, ਵਾਹਯਾਤ ਕਾਮੁਕ ਪੱਛਮੀ ਨਾਚਾਂ ਦਾ ਪਰਬੰਧ ਕਰਨ ਲਈ ਮਜਬੂਰ ਹੈ। ਇਸ ਅਸਿਭਿਆਚਾਰਕ ਹਨੇਰੀ ਅਗੇ ਟਿਕ ਸਕਣਾ ਨੌਜਵਾਨ ਵਰਗ



Sri Satguru Jagjit Singh Ji eLibrary NamdhariElibrary@gmail.com

ਲਈ ਬਹੁਤ ਮੁਸ਼ਕਲ ਹੈ ਅਤੇ ਏਧਰ ਵਿਦਿਅਕ ਜੱਥਾ ਹੈ ਜੋ ਆਪਣੇ ਸਤਿਗੁਰੂ ਸਾਹਿਬ ਦੇ ਏਸ ਅਭਿਆਨ ਵਿਚ ਵੱਡੀ ਸੇਵਕ ਧਿਰ ਵਜੋਂ ਹਾਜ਼ਰ ਹੈ। ਨੌਜਵਾਨ ਨਾਮਧਾਰੀ ਵਰਗ ਨੇ ਇਸ ਸੁਧਾਰ ਕਾਰਜ ਲਈ ਲਗਾਤਾਰ ਕਮਰਕੱਸੇ ਬੰਨ੍ਹੀ ਰੱਖੇ ਹਨ। ਉਹਨਾਂ ਦੁਨੀਆਂ ਦੇ ਪ੍ਰਲੋਭਨਾਂ ਤੋਂ ਬੇਨਿਆਜ਼ ਹੋ ਕੇ ਅਨੰਦ ਕਾਰਜਾਂ ਦੀ ਸਫਲਤਾ ਏਥੋਂ ਤਕ ਲੈ ਆਂਦੀ ਹੈ ਕਿ ਕਈ ਵਾਰ ਤਾਂ ਕੇਵਲ ਲੜਕੇ ਲੜਕੀ ਦਾ ਅਨੰਦ ਕਾਰਜ ਕਰਕੇ ਬਗੈਰ ਮਾਪਿਆਂ ਜਾਂ ਰਿਸ਼ਤੇਦਾਰਾਂ ਦੀ ਹਾਜ਼ਰੀ ਦੇ ਉਹਨਾਂ ਨੂੰ ਘਰਾਂ ਨੂੰ ਤੋਰਿਆ ਹੈ। ਇਸ ਵਿਚ ਵਰ ਬਧੂ ਦੀ ਮਰਜ਼ੀ ਵੀ ਸ਼ਾਮਲ ਹੈ ਅਤੇ ਸਮਾਜਿਕ ਸਨਮਾਨ ਦੀ। ਜੇ ਬਾਕੀ ਸਭ ਕੁਝ ਛੱਡ ਵੀ ਦਈਏ ਤਾਂ ਘੱਟੋ ਘੱਟ ਸਾਲ ਬਾਦ ਜਦੋਂ ਸੰਮੇਲਨ ਹੁੰਦਾ ਹੈ ਤਾਂ ਇਸ ਬਾਲ ਅਤੇ ਯੁਵਾ ਵਰਗ ਦੀਆਂ ਸਰਗਰਮੀਆਂ ਇਕ ਹਾਂ ਪੱਖੀ ਗੱਲ ਹੁੰਦੀ ਹੈ। ਅੱਜ ਘਰੋ-ਘਰੀਂ ਬਾਲ ਅਤੇ ਯੁਵਕ ਮੈਂਬਰ ਤਿਆਰੀਆਂ 'ਚ ਲੱਗੇ ਹਨ। ਅਧਿਐਨ ਕਰਨ ਵਿਚ ਭਾਸ਼ਨ ਅਤੇ ਲੇਖ ਮੁਕਾਬਲਿਆਂ ਦੀ ਤਿਆਰੀ ਵਿਚ। ਵਿਦਵਾਨਾਂ ਨੂੰ ਮਿਲ ਕੇ ਪੁੱਛ ਪੁਛਾ ਕੇ ਅਪਣੇ ਟੀਚੇ ਦੀ ਪ੍ਰਾਪਤੀ ਲਈ ਅਗਰਸਰ ਹਨ। ਇਸ ਦੇ ਸਾਰੇ ਮੁਕਾਬਲਿਆਂ, ਭਾਸ਼ਨ ਹੋਣ, ਸੰਗੀਤ ਹੋਵੇ, ਕੀਰਤਨ ਹੋਵੇ, ਖੇਲਾਂ ਹੋਣ ਜਾਂ ਕੋਈ ਹੋਰ ਵਾਸਤੇ ਜ਼ਬਰਦਸਤ ਤਿਆਰੀਆਂ ਹੋ ਰਹੀਆਂ ਹਨ। ਥਾਓਂ ਥਾਈਂ ਮੀਟਿੰਗਾਂ ਹੋ ਰਹੀਆਂ ਹਨ ਮੰਡੀ ਜਾਣ ਵਾਸਤੇ। ਸਾਰਿਆਂ ਨੇ ਇਨਾਮ ਨਹੀਂ ਜਿਤਣੇ ਜੋ ਜਿਤਣਗੇ ਉਹਨਾਂ ਦੇ ਅਹੋ ਭਾਗ ਪਰ ਪ੍ਰਾਪਤੀ ਬਾਕੀਆਂ ਦੀ ਵੀ ਕੋਈ ਘੱਟ ਨਹੀਂ ਹੋਣੀ।

ਪਿਛਲੇ ਦਿਨੀਂ ਨਾਮਧਾਰੀ ਵਿਦਿਅਕ ਜੱਥੇ ਦੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਪੰਜਾਬੀ ਬੁਧੀਜੀਵੀ ਵਰਗ ਦੇ ਸਾਹਮਣੇ ਵੀ ਕੁਝ ਹੋਇਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿਚ ਹੋਈ ਕਾਨਫਰੰਸ ਦੇ ਸਮੇਂ ਅਤੇ ਇਸ ਸੰਸਥਾ ਦੇ ਚੋਣ ਸਮਾਗਮ ਤੇ ਜੋ ਲੰਗਰ ਦਾ ਪਰਬੰਧ, ਵਿਉਂਤਬੰਦੀ ਅਤੇ ਅਮਲੀ ਸੇਵਾ ਦਾ ਸਬੂਤ ਵਿਦਿਅਕ ਜੱਥੇ ਵਾਲਿਆਂ ਦਿਤਾ ਉਸ ਨਾਲ ਜਿੰਨੀ ਪਰਸੰਸਾ ਲੇਖਕ ਵਰਗ ਦੀ ਜੱਥੇ ਨੇ ਪ੍ਰਾਪਤ ਕੀਤੀ ਓਨੀ ਕਈ ਲੇਖਾਂ ਰਾਹੀਂ ਵੀ ਸ਼ਾਇਦ ਨਾ ਮਿਲਦੀ। ਇਸ ਸਾਰੀ ਗੱਲ ਪਿਛੇ ਵਰਦ ਹਸਤ ਅਤੇ ਕਿਰਪਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੀ ਪਰ ਉਸ ਕਿਰਪਾ ਨੂੰ ਅਮਲ ਵਿਚ ਲਿਆਉਣ ਵਾਸਤੇ ਸਤਿਗੁਰੂ ਜੀ ਨੇ ਨਾਮਧਾਰੀ ਵਿਦਿਅਕ ਜੱਥੇ ਨੂੰ ਹੀ ਚੁਣਿਆ।

ਨਾਮਧਾਰੀ ਵਿਦਿਅਕ ਜੱਥੇ ਦੇ ਸਾਰੇ ਪ੍ਰੋਗਰਾਮਾਂ ਦੀ ਚਰਚਾ ਜਾਂ ਪੜਚੋਲ ਕਰਨੀ ਇਥੇ ਸੰਭਵ ਨਹੀਂ। ਨਾ ਹੀ ਸਾਡਾ ਮੰਤਵ ਹੈ ਪਰ ਅਸੀਂ ਸਮਝਦੇ ਹਾਂ ਕਿ ਬਾਵਜੂਦ ਪਰਤੱਖ ਊਣਤਾਈਆਂ ਦੇ ਨਾਮਧਾਰੀ ਵਿਦਿਅਕ ਜੱਥੇ ਦੇ ਕਾਰਜ ਦੀ ਛਾਪ ਅਜ ਸਮੁਚੇ ਨਾਮਧਾਰੀ ਜਗਤ ਅਤੇ ਉਸ ਤੋਂ ਬਾਹਰ ਵੀ ਦਿਸਦੀ ਹੈ। ਨੌਜਵਾਨਾਂ ਵਿਚ ਅਪਣੇ ਸਭਿਆਚਾਰ ਅਤੇ ਵਿਸ਼ੇਸ਼ ਕਰਕੇ ਅਪਣੇ ਪਹਿਰਾਵੇ ਵਾਸਤੇ ਸਨਮਾਨ ਕਾਇਮ ਕਰਨਾ ਜਥੇ ਦੀ ਇਕ ਹੋਰ ਨਿਗਰ ਪ੍ਰਾਪਤੀ ਕਹੀ ਜਾ ਸਕਦੀ ਹੈ।

ਅਸੀਂ ਜੱਥੇ ਦੇ ਮੰਡੀ ਵਿਚ ਹੋ ਰਹੇ ਵਾਰਸ਼ਿਕ ਸੰਮੇਲਨ ਦੀ ਕਾਮਯਾਬੀ ਲਈ ਕਾਮਨਾ ਕਰਦੇ ਹਾਂ।

# ਭਾਰਤ ਪ੍ਰਮਾਣੂ ਸ਼ਕਤੀ ਬਣਿਆ

ਭਾਰਤ ਨੇ ਵੱਖ ਵੱਖ ਪ੍ਰਕਾਰ ਦੇ ਪੰਜ ਪ੍ਰਮਾਣੂ ਧਮਾਕੇ ਕਰਕੇ ਬਾਕਾਇਦਾ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ ਦੇ ਮੰਡਲ ਵਿਚ ਸ਼ਮੂਲੀਅਤ ਕਰ ਲਈ ਹੈ ਭਾਵੇਂ ਇਸ ਨੂੰ ਬਾਕਾਇਦਾ ਪ੍ਰਵਾਨਗੀ ਦੇਣ ਨੂੰ ਵੱਡੇ ਦੇਸ਼ ਤਿਆਰ ਨਹੀਂ। ਉਂਝ ਜਦੋਂ ਵਿਆਪਕ ਪ੍ਰਮਾਣੂ ਹਥਿਆਰਾਂ ਤੇ ਪਾਬੰਦੀ ਦੀ ਸੰਧੀ ਸੀ.ਟੀ.ਬੀ.ਟੀ. ਉਤੇ ਗੁਜਰਾਲ ਸਰਕਾਰ ਨੇ ਦਸਤਖਤ ਨਹੀਂ ਸਨ ਕੀਤੇ ਤਾਂ ਸੰਕੇਤ ਮਿਲ ਗਿਆ ਸੀ ਕਿ ਭਾਰਤ ਪ੍ਰਮਾਣੂ ਬੰਬ ਬਣਾਏਗਾ। ਭਾਰਤੀ ਵਿਗਿਆਨਕਾਂ ਦੀ ਯੋਗਤਾ ਬਾਰੇ ਤਾਂ ਸਭ ਦੁਨੀਆਂ ਨੂੰ ਵਿਸ਼ਵਾਸ ਸੀ ਹੀ, ਹੁਣ ਜਦੋਂ ਇਹ ਤਜਰਬੇ ਹੋ ਗਏ ਹਨ ਤਾਂ ਬਹੁਤ ਸਾਰੇ ਦੇਸ਼ਾਂ ਨੇ ਆਰਥਿਕ ਪਾਬੰਦੀਆਂ ਲਾਈਆਂ ਹਨ। ਇਹਨਾਂ ਦਾ ਅਸਰ ਤਾਂ ਅਵੱਸ਼ ਦੇਸ਼ ਦੀ ਆਰਥਿਕਤਾ ਤੇ ਪਏਗਾ। ਭਾਰਤ ਸਦਾ ਹੀ ਅਮਨ ਦਾ ਸੰਦੇਸ਼ ਵਾਹਕ ਦੇਸ਼ ਰਿਹਾ ਹੈ। ਇਨ੍ਹਾਂ ਪ੍ਰਮਾਣੂ ਧਮਾਕਿਆਂ ਬਾਅਦ ਕੇਂਦਰ ਸਰਕਾਰ ਦੇ ਵਖ ਵਖ ਮੰਤਰੀਆਂ ਵਲੋਂ ਜੋ ਗਰਮਾ-ਗਰਮ ਬਿਆਨਬਾਜ਼ੀ ਹੋ ਰਹੀ ਹੈ ਉਸ ਨਾਲ ਗਵਾਂਢੀ ਮੁਲਕਾਂ ਨਾਲ ਤਣਾਓ ਫਿਲਹਾਲ ਵਧਿਆ ਹੈ। ਇਹਨਾਂ ਬਿਆਨਾਂ ਤੋਂ ਬਗੈਰ ਵੀ ਤਾਂ ਲੋਕਾਂ ਨੂੰ ਭਾਰਤ ਦੀ ਸਮਰਥਾ ਬਾਰੇ ਪਤਾ ਹੀ ਹੈ, ਇਸ ਤੋਂ ਬਚਾਅ ਕਰਨਾ ਚਾਹੀਦਾ ਸੀ। ਦੇਸ਼ ਮਹਾਨ ਹੈ.. ਪਾਰਟੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਸਮੇਂ ਦੀ ਲੋੜ ਅਮਨ ਹੈ—ਜੰਗ ਨਹੀਂ। ਇਹ ਭਾਰਤ ਦੀ ਆਰਥਿਕਤਾ ਦੀ ਵੀ ਮੰਗ ਹੈ।

**—ਜਗਦੀਸ਼ ਸਿੰਘ**



Sri Satguru Jagjit Singh Ji eLibrary NamdhariElibrary@gmail.com

# ਮਹਾਂਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ

ਨਾਸਧਾਰੀ ਸੰਪ੍ਰਦਾਏ ਦੇ ਮਹਾਂਪ੍ਰਤਾਪੀ ਸਭਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਰੂਹਾਨੀਅਭ ਦੀ ਬੁਲੰਦੀ ਤੇ ਪਹੁੰਚੇ ਹੋਏ ਸਨ ਉਹਨਾਂ ਦੀ ਕਥਨੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਮੈਨੂੰ ਨਾ ਕੇਵਲ ਉਹਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਸਗੋਂ ਉਹਨਾਂ ਦੇ ਕਈ ਪ੍ਰਵਚਨ ਵੀ ਦਾਸ ਨੇ ਸਰਵਨ ਕੀਤੇ ਹਨ। ਮਾਲੇਰਕੋਟਲੇ ਦੇ ਲੱਕੜ ਵਿਚ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਇਕ ਜ਼ੋਰਦਾਰ ਸੰਮੇਲਨ ਕੀਤਾ ਗਿਆ। ਮੈਂ ਓਦੋਂ ਭਰ ਜਵਾਨ ਸਾਂ। ਜਦੋਂ ਮੈਂ ਕਵਿਤਾ ਪੜ੍ਹੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਅਪਣੇ ਕਰ ਕਮਲਾਂ ਨਾਲ ਸਰੋਪਾਉ ਬਖਸ਼ਿਆ। ਉਹਨੀਂ ਦਿਨੀਂ ਪ੍ਰਤਾਪ ਸਿੰਘ ਕੈਰੋਂ ਪੰਜਾਬ ਦਾ ਮੁੱਖ ਮੰਤਰੀ ਸੀ। ਉਹ ਸਤਿਗੁਰਾਂ ਨਾਲ ਬੜੀ ਈਰਖਾ ਰਖ਼ਦਾ ਸੀ, ਕੁਝ ਨਾਮਧਾਰੀ ਸਿਘਾਂ ਤੇ ਸਿਰਸਾ (ਹਰਿਆਣਾ) ਵਿਚ ਕਤਲ ਦਾ ਮੁਕੱਦਮਾ ਵੀ ਚਲਾਇਆ ਹੋਇਆ ਸੀ। ਕੁਝ ਦਿਨ ਪਹਿਲਾਂ ਕੈਰੋਂ ਨੇ ਬਿਆਨ ਦਿੱਤਾ ਕਿ ਮੈਂ ਸਤਿਗੁਰੂ ਪਰਤਾਪ ਸਿੰਘ ਨੂੰ ਹਥਕੜੀ ਲਾਕੇ ਜੇਲ ਵਿਚ ਭਿਜਵਾ ਕੇ ਦਮ ਲਵਾਂਗਾ। ਮਲੇਰਕੋਟਲੇ ਦੇ ਸੰਮੇਲਨ ਵਿਚ ਉਸ ਬਿਆਨ ਦਾ ਜ਼ਿਕਰ ਕਰਦਿਆਂ ਸਤਿਗੁਰੂ ਪ੍ਰਤਾਪ ਸਿੰਘ ਨੇ ਫ਼ਰਮਾਇਆ ਕਿ ਕੈਰੋਂ ਰਾਜ ਸ਼ਕਤੀ ਦੇ ਘੁਮੰਡ ਵਿਚ ਸਾਨੂੰ ਜੇਲ ਪਹੁੰਚਾਉਣ ਦੀਆਂ ਧਮਕੀਆਂ ਦੇ ਰਿਹਾ ਹੈ—ਪਰ ਕੈਰੋਂ ਕਿਸ ਖੇਤ ਦੀ ਮੂਲੀ ਹੈ, ਉਹ ਸਾਡੇ ਸਰੀਰ ਨੂੰ ਛੂਹ ਵੀ ਨਹੀਂ ਸਕਦਾ। ਜੇ ਉਹ ਅਪਣੇ ਨਾਪਾਕ ਇਰਾਦੇ ਤੋਂ ਬਾਜ਼ ਨਾ ਆਇਆ ਤਾਂ ਅਸੀਂ ਜੇਲ ਜਾਣ ਤੋਂ ਪਹਿਲਾਂ ਅਪਣਾ ਸਰੀਰ ਹੀ ਤਿਆਗ ਦਿਆਂਗੇ। ਸਚਮੁਚ ਸਤਿਗੁਰਾਂ ਨੇ ਓਵੇਂ ਹੀ ਕੀਤਾ। ਪਿਛੋਂ ਅਸੀਂ ਅਖਬਾਰਾਂ ਵਿਚ ਪੜ੍ਹਿਆ ਕਿ ਮਹਾਂਪ੍ਰਤਾਪੀ ਸਤਿਗੁਰੂ ਪਰਤਾਪ ਸਿੰਘ ਅਕਾਲ ਚਲਾਣਾ ਕਰ ਗਏ ਹਨ। ਕੈਰੋਂ ਦਾ ਨਾਪਾਕ ਇਰਾਦਾ ਧਰੇ ਦਾ ਧਰਿਆ ਹੀ ਰਹਿ ਗਿਆ ਅਤੇ ਉਹ ਪਵਿੱਤਰ ਆਤਮਾ ਪਰਮਾਤਮਾ ਨਾਲ ਜਾ ਮਿਲੀ। ਧੰਨ ਧੰਨ ਪਰਤੱਖ਼ ਮਹਾਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ, ਉਹਨਾਂ ਦੀ ਆਤਮਾ ਨੂੰ ਇਹ ਕਵੀ ਦੀਪਕ ਜੈਤੋਈ ਕੋਟੀ ਕੋਟੀ ਪ੍ਰਨਾਮ਼ ਕਰਦਾ ਹੈ।

**ਦੀਪਕ ਜੈਤੋਈ** (ਸ਼ਰੋਮਣੀ ਪੰਜਾਬੀ ਕਵੀ)
ਜੈਤੋ ਗੰਗਸਰ—੧੫੧੨੦੨ (ਫਰੀਦਕੋਟ)

# ਗੀਤ

—ਇੰਦਰਜੀਤ ਹਸਨਪੁਰੀ

ਫੁੱਲਾਂ ਵਾਂਗਰਾਂ ਤੂੰ ਹੱਸੇਂ ਜਾ ਬਹਾਰਾਂ ਸਦਾ ਮਾਣੇ।
ਸਾਡੀ ਝੋਲੀ ਵਿਚ ਪਾ ਦੇ ਯਾਰਾ ਗ਼ਮਾਂ ਵਾਲੇ ਦਾਣੇ।

ਸਾਨੂੰ ਇਸ਼ਕੇ ਤੇ ਯਾਰਾ ਰੱਬ ਵਰਗਾ ਭਰੋਸਾ,
ਹੱਥੀਂ ਮਿਰਚਾਂ ਵੀ ਦੇ ਦੇ ਬਣ ਜਾਣਗੇ ਮਖਾਣੇ......

ਰੱਖੂੰ ਪਲਕਾਂ ਦੀ ਡੱਬੀ 'ਚ ਲੁਕਾ ਕੇ ਇਹੇ ਮੋਤੀ,
ਯਾਰਾ ਸੋਚੀਂ ਨਾ ਕਿ ਮੈਥੋਂ ਇਹ ਸੰਭਾਲੇ ਨਹੀਓਂ ਜਾਣੇ......

ਤੀਰ ਹਵਾ 'ਚ ਚਲਾਵੇ ਉਹੋ ਕਾਹਦਾ ਏ ਸ਼ਿਕਾਰੀ,
ਇਕ ਹੁੰਦਾ ਏ ਬਥੇਰਾ ਤੀਰ ਲੱਗਿਆ ਟਿਕਾਣੇ......

ਤੇਰੇ ਇਸ਼ਕੇ 'ਚ ਲਈਏ ਹੱਸ ਹੱਸ ਕੇ ਫ਼ਕੀਰੀ,
ਜੋਗੀ ਬਣੇ ਬਿਨਾਂ ਕੰਨ ਪੜਵਾਏ ਨਹੀਓਂ ਜਾਣੇ......

ਘਰ ਦਿਲਾਂ 'ਚ ਬਣਾਈਏ ਦਿਲ ਕਿਸੇ ਦਾ ਨਾ ਢਾਈਏ,
ਇਹੇ ਸੌਖੇ ਹੁੰਦੇ ਢਾਣੇ ਔਖੇ ਹੁੰਦੇ ਨੇ ਬਨਾਣੇ......

ਲੋਰ ਇਸ਼ਕੇ ਦੀ ਹੋਵੇ ਜਦੋਂ ਚੜ੍ਹੀ "ਹਸਨਪੁਰੀ",
ਕੱਚੇ ਪੱਕੇ ਭਲਾ ਫੇਰ ਕਿਥੇ ਜਾਂਦੇ ਨੇ ਪਛਾਣੇ......
ਸਾਡੀ ਝੋਲੀ ਵਿਚ ਪਾ ਦੇ ਯਾਰਾ ਗ਼ਮਾਂ ਵਾਲੇ ਦਾਣੇ!

ਕੋਠੀ ਗੜਵਾ ਚਾਂਦੀ ਦਾ,
ਬਰੀਕਾ ਚੌਕ, ਫਿਰੋਜ਼ਪੁਰ ਰੋਡ,
ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

# ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਂਅ ਖੁਲ੍ਹੀ ਚਿੱਠੀ

ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਹੋਰਾਂ ਇਕ ਖੁਲ੍ਹੀ ਚਿੱਠੀ ਪੰਜਾਬ ਦੇ ਮੁਖ ਮੰਤਰੀ ਜੀ ਨੂੰ ੨੨ ਸਤੰਬਰ ੧੯੯੭ ਨੂੰ ਲਿਖੀ ਸੀ ਜਿਸ ਵਿਚ ਪੰਜਾਬੀ ਲੋਕ ਮਨਾਂ ਦੀ ਭਾਵਨਾ ਦੀ ਤਰਜਮਾਨੀ ਕਰਦਿਆਂ ਸਰਕਾਰ ਨੂੰ ਪਹਿਲੀ ਤੋਂ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦੀ ਚੇਸ਼ਟਾ ਤਿਆਗਣ ਲਈ ਕਿਹਾ ਸੀ। ਇਹ ਚਿੱਠੀ ਅੱਗੇ ਵੀ ਅਖਬਾਰਾਂ ਵਿਚ ਪ੍ਰਕਾਸ਼ਤ ਹੋ ਚੁੱਕੀ ਹੈ। ਪਰ ਚੂੰਕਿ ਹੁਣ ਸਰਕਾਰ ਨੇ ਪਹਿਲੀ ਅਪਰੈਲ ਤੋਂ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਪੜ੍ਹਾਉਣ ਦਾ ਨਿਰਨਾ ਲੈ ਲਿਆ ਹੈ ਤਾਂ ਇਸ ਚਿੱਠੀ ਦੀ ਮਹੱਤਤਾ ਹੋਰ ਵੀ ਵਧ ਗਈ ਹੈ। 'ਵਰਿਆਮ' ਦੇ ਪਾਠਕਾਂ ਨਾਲ ਇਸ ਚਿੱਠੀ ਦਾ ਪਾਠ ਸਾਂਝਾ ਕੀਤਾ ਜਾ ਰਿਹਾ ਹੈ।

—ਸੰਪਾਦਕ ਵਰਿਆਮ

ਪਿਆਰੇ ਸ. ਪ੍ਰਕਾਸ਼ ਸਿੰਘ ਜੀ,
ਸਤਿ ਸ੍ਰੀ ਅਕਾਲ!

ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਇਕ ਰਾਜ ਮੰਤਰੀ ਸ੍ਰੀ ਸਵਰਨਾ ਰਾਮ ਜੀ ਦਾ ਬਿਆਨ ਅਖਬਾਰਾਂ ਵਿਚ ਛਪਿਆ ਸੀ ਕਿ ਪੰਜਾਬ ਸਰਕਾਰ, ਸਰਕਾਰੀ ਸਕੂਲਾਂ ਵਿਚ, ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਜਾਰੀ ਕਰਨ ਬਾਰੇ ਸੋਚ ਰਹੀ ਹੈ।

ਇਸ ਤੋਂ ਕੁਝ ਦਿਨ ਬਾਅਦ ਸਕੂਲ ਸਿਖਿਆ ਦੇ ਮੰਤਰੀ ਸ. ਤੋਤਾ ਸਿੰਘ ਜੀ ਦਾ ਬਿਆਨ ਆਇਆ ਕਿ ਪੰਜਾਬ ਸਰਕਾਰ ਸਾਰੇ ਸਰਕਾਰੀ ਸਕੂਲਾਂ ਵਿਚ ਸ਼ੁਰੂ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕਰ ਰਹੀ ਹੈ।

ਉਪ੍ਰੋਕਤ ਦੋਵੇਂ ਬਿਆਨ, ਕਿਸੇ ਹੱਦ ਤਕ ਅਨਿਸਚਿਤ ਸਨ ਤੇ ਲਗਦਾ ਸੀ ਜਿਵੇਂ ਲੋਕ-ਰਾਏ ਨੂੰ ਟੋਹਣ ਲਈ ਦਿਤੇ ਗਏ ਹੋਣ, ਪਰ ਸਨਿਚਰਵਾਰ ੧੩ ਸਤੰਬਰ ੧੯੯੭ ਦੇ ਅੰਗਰੇਜ਼ੀ ਟ੍ਰਿਬਿਊਨ ਵਿਚ ਸ. ਤੋਤਾ ਸਿੰਘ ਨੇ ਫਤਿਹਗੜ੍ਹ ਸਾਹਿਬ ਵਿਚ ਇਕ ਪ੍ਰੈਸ ਕਾਨਫਰੰਸ ਦੇ ਦੌਰਾਨ ਜੋ ਸ਼ਬਦ ਉਚਾਰੇ ਹਨ, ਉਹ ਇੰਨੇ ਸਪਸ਼ਟ ਤੇ ਨਿਸਚਿਤ ਹਨ ਕਿ ਇਨ੍ਹਾਂ ਬਾਰੇ ਕਿਸੇ ਸ਼ੱਕ-ਸ਼ੁਬ੍ਹੇ ਦੀ ਗੁੰਜਾਇਸ਼ ਨਹੀਂ ਰਹੀ। ਉਨ੍ਹਾਂ ਦੇ ਬਿਆਨ ਤੋਂ ਸਾਫ਼ ਲਗ ਰਿਹਾ ਹੈ ਕਿ ਪੰਜਾਬ ਸਰਕਾਰ ਫੈਸਲਾ ਕਰ ਚੁਕੀ ਹੈ ਕਿ "ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਪਹਿਲੀ ਅਪਰੈਲ, ੧੯੯੮ ਤੋਂ ਪਹਿਲੀ ਜਮਾਤ ਵਿਚ ਅੰਗਰੇਜ਼ੀ ਦੀ ਪੜ੍ਹਾਈ ਜਾਰੀ ਕਰ ਦਿਤੀ ਜਾਏਗੀ।"

ਅਕਾਲੀ-ਭਾਜਪਾ ਸਰਕਾਰ ਵਲੋਂ ਪੰਜਾਬ ਦਾ ਰਾਜ-ਭਾਗ ਸੰਭਾਲਣ ਦੇ ਦਿਨ ਤੋਂ ਲੈ ਕੇ ਹੁਣ ਤਕ ਲੋਕ-ਭਲਾਈ ਦੇ ਜਿਹੜੇ ਕਦਮ ਚੁਕੇ ਗਏ ਹਨ ਤੇ ਜਿਨ੍ਹਾਂ ਦੇ ਭਵਿਖ ਵਿਚ ਚੁਕੇ ਜਾਣ ਬਾਰੇ ਸਮੇਂ ਸਮੇਂ ਐਲਾਨ ਕੀਤੇ ਜਾਂਦੇ ਰਹੇ ਹਨ, ਉਨ੍ਹਾਂ ਵਿਚੋਂ ਕੁਝ ਬਾਰੇ ਨਿਸੰਗ ਹੋ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਨੂੰ ਬੜੀ ਸਿਆਣੀ ਪੇਸ਼ਾਵਾਰਾਨਾ ਅਗਵਾਈ ਪ੍ਰਾਪਤ ਹੈ ਤੇ ਜੇ ਆਰਥਿਕ ਉੱਨਤੀ ਦੇ ਸਾਰੇ ਸਰਕਾਰੀ ਦਾਈਏ ਸਿਰੇ ਚੜ੍ਹ ਜਾਣ ਤਾਂ ਪੰਜਾਬ ਦੇ ਲੋਕ ਬੜੇ ਚਾਓ ਨਾਲ ਤੁਹਾਡੀ ਸਰਕਾਰ ਦੇ ਪੰਜ-ਸਾਲਾ ਰਾਜਕਾਲ ਦੇ ਅੰਦਰ ਅੰਦਰ ਭਰਪੂਰ ਖੁਸ਼ਹਾਲੀ ਦੇ ਆਗਮਨ ਦੀ ਆਸ-ਭਰੀ ਉਡੀਕ ਕਰਨਗੇ।

ਪਰ ਤੁਹਾਡੇ ਮੰਤਰੀ ਮੰਡਲ ਦੇ ਦੋ ਸਤਿਕਾਰਯੋਗ ਸਿਖਿਆ ਮੰਤਰੀਆਂ ਦੇ ਬਿਆਨਾਂ ਤੋਂ ਸਾਫ ਦਿਸ ਰਿਹਾ ਹੈ ਕਿ ਘੱਟੋ ਘੱਟ ਮੁਢਲੀ ਸਿਖਿਆ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੇ ਨਾ ਤਾਂ ਕਿਸੇ ਅਨੁਭਵੀ ਵਿਸ਼ੇਸ਼ੱਗ ਪਾਸੋਂ ਸੇਧ ਲਈ ਹੈ ਤੇ ਨਾ ਆਪ ਹੀ ਪਹਿਲੀ ਜਮਾਤ ਤੋਂ ਅੰਗਰੇਜ਼ੀ ਚਾਲੂ ਕਰਨ ਦੇ ਖਤਰਨਾਕ, ਬਲਕਿ ਭਿਆਨਕ ਸਭਿਆ-ਚਾਰਕ ਨਤੀਜਿਆਂ ਦਾ ਸਹੀ ਅੰਦਾਜ਼ਾ ਲਾਉਣ ਦੀ ਖੇਚਲ ਕੀਤੀ ਹੈ। ਇਸ ਲਈ ਤੁਹਾਨੂੰ ਮੇਰੀ ਬੇਨਤੀ ਹੈ ਕਿ ਜੇ ਇਹ ਫੈਸਲਾ ਮੰਤਰੀ-ਮੰਡਲ ਦਾ ਹੈ ਤਾਂ ਇਸ ਉਤੇ ਤੁਰੰਤ ਗੰਭੀਰ ਪੁਨਰ-ਵਿਚਾਰ ਕਰਕੇ ਰੱਦ ਕੀਤਾ ਜਾਏ ਤਾਂ ਜੋ ਪੰਜਾਬ ਦੀ ਅਕਲ ਦਾ ਮੌਜੂ ਉਡਾਉਣ ਵਾਲੀਆਂ ਧਿਰਾਂ ਨੂੰ ਇਸ ਸਰਕਾਰੀ ਫੈਸਲੇ ਰਾਹੀਂ ਸੱਜਰਾ ਮਸਾਲਾ ਨਾ ਮਿਲ ਜਾਏ।

ਜਿਥੋਂ ਤਕ ਤੁਹਾਡੀਆਂ ਆਪਣੀਆਂ ਜੜ੍ਹਾਂ ਦਾ ਸੰਬੰਧ ਹੈ, ਉਹ ਪੇਂਡੂ ਇਲਾਕੇ ਵਿਚ ਹਨ। ਇਸ ਲਈ ਮੇਰਾ ਮਨ ਕਹਿੰਦਾ ਹੈ ਕਿ ਤੁਹਾਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ ਤੇ ਉਨ੍ਹਾਂ ਵਿਚ ਪੰਜਾਬੀ ਜ਼ਬਾਨ ਦੀ ਪੜ੍ਹਾਈ ਦੀ ਵਰਤਮਾਨ ਹਾਲਤ ਬਾਰੇ ਕੁਝ ਨਾ ਕੁਝ ਜ਼ਾਤੀ ਵਾਕਫੀ ਜ਼ਰੂਰ ਹੋਵੇਗੀ, ਪਰ ਜੇ ਇਹ ਵਾਕਫੀ ਪੁਰਾਣੀ ਹੋ ਗਈ ਹੋਵੇ ਤਾਂ ਮੈਂ ਚਾਹਾਂਗਾ ਕਿ ਤੁਸੀਂ ਪ੍ਰਾਇਮਰੀ ਸਿਖਿਆ ਦੇ ਇਕ ਮਾਹਿਰ ਦੀ ਰਾਏ ਤੋਂ ਜ਼ਰੂਰ ਜਾਣੂ ਹੋ ਜਾਓ। ਡਾ. ਟੀ. ਆਰ.



Sri Satguru Jagjit Singh Ji eLibrary NamdhariElibrary@gmail.com

ਸ਼ਰਮਾ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿਖਿਆ ਵਿਭਾਗ ਦੇ ਸੇਵਾ ਮੁਕਤ ਮੁਖੀ ਹਨ, ਪੰਜਾਬ ਦੇ ਚੋਟੀ ਦੇ 'ਸਿਖਿਆ ਵਿਗਿਆਨੀਆਂ ਵਿਚੋਂ' ਇਕ ਹਨ। ਇਨ੍ਹਾਂ ਨੇ ਪੰਜਾਬ ਵਿਚ ਪ੍ਰਾਇਮਰੀ ਪੱਧਰ ਉਤੇ ਸਿਖਿਆ ਦੀ ਦਸ਼ਾ ਦਾ ਪਤਾ ਲਾਉਣ ਲਈ ਛੇ ਵੱਖ ਵੱਖ ਸਾਲਾਂ—੧੯੫੬, ੧੯੬੮, ੧੯੬੯, ੧੯੭੦, ੧੯੭੬ ਤੇ ੧੯੮੪ ਵਿਚ ਖੇਤਰੀ ਸਰਵੇਖਣ ਕੀਤੇ ਸਨ। ਇਨ੍ਹਾਂ ਸਰਵੇਖਣਾਂ ਦੇ ਬਾਅਦ ਉਹ ਜਿਨ੍ਹਾਂ ਨਤੀਜਿਆਂ ਉਤੇ ਪਹੁੰਚੇ, ਉਨ੍ਹਾਂ ਵਿਚੋਂ ਕੁਝ ਇਹ ਹਨ :—

(੧) ਪੰਜਾਬ ਦੇ ੧੩੦੦੦ ਪ੍ਰਾਇਮਰੀ ਸਕੂਲਾਂ ਵਿਚੋਂ ਕਿਸੇ ਇਕ ਦੀ ਵੀ ਆਪਣੀ ਬਿਲਡਿੰਗ ਨਹੀਂ ਹੈ।

(੨) ਪੰਜਾਬੀ ਦਾ ਜਿਹੜਾ ਚੰਗਾ-ਮਾੜਾ ਸਿਲੇਬਸ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਚਾਲੂ ਮੰਨਿਆ ਜਾ ਰਿਹਾ ਹੈ, ਉਸ ਦੀ ਇਕ ਵੀ ਕਾਪੀ ਕਿਸੇ ਸਕੂਲ ਵਿਚ ਨਹੀਂ ਮਿਲਦੀ। ਸ਼ਰਮਾ ਜੀ ਲਿਖਦੇ ਹਨ, "ਯਕੀਨ ਜਾਣੋ, ਪ੍ਰਾਇਮਰੀ ਦਾ ਸਿਲੇਬਸ ਪ੍ਰਾਪਤ ਕਰਨ ਲਈ ਲੇਖਕ ਨੂੰ ਮਹੀਨਾ ਹੀ ਲਗ ਗਿਆ, ਕਿਉਂ ਜੋ ਡੀ. ਪੀ. ਆਈ. ਦੇ ਦਫ਼ਤਰ ਵਿਚੋਂ ਵੀ ਪ੍ਰਾਇਮਰੀ ਸਕੂਲਾਂ ਦੇ ਸਿਲੇਬਸ ਦੀ ਇਕ ਵੀ ਕਾਪੀ ਉਸ ਨੂੰ ਨਾ ਮਿਲ ਸਕੀ...।" ਇਸ ਦਾ ਮਤਲਬ ਇਹ ਹੈ ਕਿ ਪ੍ਰਾਇਮਰੀ ਦੇ ਬੱਚਿਆਂ ਨੂੰ ਪੜ੍ਹਾਉਣ ਵਾਲਿਆਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਨੇ ਪੜ੍ਹਾਉਣਾ ਕੀ ਹੈ?

(੩) ਸਿਲੇਬਸ ਵਿਚ ਕੇਵਲ ਇਹ ਲਿਖਿਆ ਹੈ ਕਿ ਪਹਿਲੀ ਜਮਾਤ ਵਿਚ ੧੫੦ ਨਵੇਂ ਲਫ਼ਜ਼, ਦੂਜੀ ਵਿਚ ੨੦੦, ਤੀਜੀ ਵਿਚ ੨੫੦, ਚੌਥੀ ਵਿਚ ੩੫੦ ਅਤੇ ਪੰਜਵੀਂ ਵਿਚ ੦੦ ਨਵੇਂ ਸ਼ਬਦ ਸਿਖਾਏ ਜਾਣੇ ਹਨ। ਇਹ ਕਿਤੇ ਨਹੀਂ ਦਸਿਆ ਹੋਇਆ ਕਿ ਬੱਚੇ ਦੇ ਵਧਦੇ ਗਿਆਨ ਅਨੁਸਾਰ ਜਾਂ ਉਸਦੇ ਗਿਆਨ ਨੂੰ ਵਧਾਉਣ ਲਈ ਦਰਜੇਵਾਰ ਕਿਹੜੇ ਨਵੇਂ ਲਫ਼ਜ਼ ਸਿਖਾਏ ਜਾਣੇ ਹਨ? ਜਾਣੀ, ਇਹ ਪੜ੍ਹਾਉਣ ਵਾਲੇ ਦੀ ਮਰਜ਼ੀ ਹੈ ਕਿ ਉਹ ਕਿਸ ਲਫ਼ਜ਼ ਨੂੰ ਕਿਹੜੀ ਜਮਾਤ ਦੇ ਲਈ 'ਨਵਾਂ' ਮੰਨਦਾ ਹੈ।

(੪) ਇਸ ਵੇਲੇ ਪੰਜਾਬੀ ਦੀ ਪੜ੍ਹਾਈ ਲਈ ਹਰ ਕਲਾਸ ਨੂੰ ਅੱਧੇ-ਅੱਧੇ ਘੰਟੇ ਦੇ ਦੋ ਪੀਰੀਅਡ ਦਿਤੇ ਜਾਂਦੇ ਹਨ ਤੇ ਸਾਲ ਵਿਚ ਪੰਜਾਬੀ ਪੜ੍ਹਨ ਲਈ ਕੇਵਲ ੨੦੦ ਘੰਟੇ ਮਿਲਦੇ ਹਨ। ਜਿੰਨਾ ਸਮਾਂ ਅਗੇ ਦਿਤਾ ਜਾਂਦਾ ਸੀ, ਇਹ ਸਮਾਂ ਉਸ ਤੋਂ ਅੱਧਾ ਬਣਦਾ ਹੈ। ਇਹੀ ਕਾਰਨ ਹੈ ਕਿ ਜਿਥੇ ਅੱਗੇ ਉਰਦੂ ਦੀਆਂ ਚਾਰ ਜਮਾਤਾਂ ਪਾਸ ਕਰਕੇ ਵਿਦਿਆਰਥੀ ਅਰਜ਼ੀਨਵੀਸਾਂ, ਪਟਵਾਰੀਆਂ, ਬਲਕਿ ਤਹਿਸੀਲਦਾਰਾਂ ਤਕ ਦਾ ਕੰਮ ਕਰ ਲੈਂਦੇ ਸਨ ਤੇ ਹਰ ਤਰ੍ਹਾਂ ਦੀਆਂ ਕਿਤਾਬਾਂ ਤੇ ਅਖਬਾਰਾਂ ਆਮ ਪੜ੍ਹ ਲੈਂਦੇ ਸਨ, ਉਥੇ ਹੁਣ ਦੀਆਂ ਪੰਜ ਸਾਲਾਂ ਵਾਲੀ ਪ੍ਰਾਇਮਰੀ ਪਾਸ ਕਰਕੇ, ਕੋਈ ਵਿਦਿਆਰਥੀ, ਆਪਣੀ ਮਾਂ ਬੋਲੀ ਪੰਜਾਬੀ ਵਿਚ, ਇਕ ਚਿੱਠੀ ਲਿਖਣ ਜੋਗਾ ਵੀ ਨਹੀਂ ਬਣਦਾ।

(੫) ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਲਈ ਜੇ.ਬੀ.ਟੀ. ਪਾਸ ਟੀਚਰ ਲਾਏ ਜਾਂਦੇ ਹਨ। ਇਕ ਹੋਰ ਉਚ ਵਿਸ਼ੇਸ਼ੱਗ ਡਾ. ਇੰਦਰਪਾਲ ਸਿੰਘ ਜੀ, ਜੋ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋ-ਵਾਈਸ ਚਾਂਸਲਰ ਹਨ, ਖੋਜ ਉਪਰੰਤ ਇਸ ਨਤੀਜੇ ਉਤੇ ਪਹੁੰਚੇ ਸਨ ਕਿ ਇਨ੍ਹਾਂ ਵਿਚੋਂ ਬਹੁਤੇ ਟੀਚਰਾਂ ਵਿਚ ਪੰਜਾਬੀ ਪੜ੍ਹਾਉਣ ਦੀ ਪੂਰੀ ਯੋਗਤਾ ਮੌਜੂਦ ਨਹੀਂ ਹੁੰਦੀ। ਏਥੋਂ ਤਕ ਕਿ ਇਨ੍ਹਾਂ ਦੇ ਆਪਣੇ ਸ਼ਬਦ-ਜੋੜ ਵੀ ਠੀਕ ਨਹੀਂ ਹੁੰਦੇ।

ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਵਿਚ ਵਿਆਪ ਰਹੀ ਤਰਸਯੋਗ ਹਾਲਤ ਤੋਂ ਪੜ੍ਹਨ ਵਾਲੇ ਬੱਚਿਆਂ ਦੇ ਭਵਿਖ ਬਾਰੇ ਕਿਸੇ ਨੂੰ ਕੀ ਆਸ ਬੱਝ ਸਕਦੀ ਹੈ? ਇਹੀ ਕਿ ਪੰਜਾਬ ਵਿਚ ਪੰਜਾਬ ਦੇ ਆਪਣੇ ਬੱਚੇ, ਪੰਜ ਸਾਲ ਪ੍ਰਾਇਮਰੀ ਸਕੂਲ ਵਿਚ ਧੱਕੇ ਖਾਕੇ, ਨਾ ਸ਼ੁਧ ਉਚਾਰਣ ਨਾਲ ਮਿਆਰੀ ਪੰਜਾਬੀ ਬੋਲ ਸਕਣਗੇ ਤੇ ਨਾ ਆਪਣੀ ਮਾਂ-ਬੋਲੀ ਨੂੰ ਸ਼ੁਧ ਪੜ੍ਹ ਜਾਂ ਲਿਖ ਹੀ ਸਕਣਗੇ। ਜਿਸ ਸਰਕਾਰ ਦੀ ਰਾਜ-ਭਾਸ਼ਾ ਪੰਜਾਬੀ ਹੈ, ਜਿਸ ਸਰਕਾਰ ਦੇ ਸਾਰੇ ਸਰਕਾਰੀ ਪ੍ਰਬੰਧਾਂ ਦਾ ਮਾਧਿਅਮ ਪੰਜਾਬੀ ਨੇ ਬਣਨਾ ਹੁੰਦਾ ਹੈ, ਉਸ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਇਹ ਹਾਲ ਹੈ ਤਾਂ ਪ੍ਰਾਇਮਰੀ ਵਿਚ ਪੜ੍ਹਾਏ ਜਾਂਦੇ ਬਾਕੀ ਮਜ਼ਮੂਨਾਂ ਦਾ ਜੋ ਹਾਲ ਹੋਵੇਗਾ, ਮੇਰੇ-ਤੁਹਾਡੇ ਲਈ ਉਸ ਦਾ ਅਨੁਮਾਨ ਲਾਉਣਾ ਔਖਾ ਨਹੀਂ ਹੋਣਾ ਚਾਹੀਦਾ।

ਤੁਸੀਂ ਆਪਣੀ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਦੀ ਮੰਦੀ ਹਾਲਤ ਤੋਂ ਜਾਣੂ ਹੋ, ਇਸ ਲਈ ਮੇਰੇ ਵਾਂਗ ਤੁਸੀਂ ਵੀ, ਆਪਣੇ ਕਿਸੇ ਪੋਤਰੇ-ਪੋਤਰੀ, ਦੋਹਤਰੇ-ਦੋਹਤਰੀ ਨੂੰ ਇਹਨਾਂ ਦੇ ਨੇੜੇ ਨਹੀਂ ਢੁੱਕਣ ਦਿਤਾ। ਸਾਡੇ ਵਾਂਗ, ਪੰਜਾਬ ਦਾ ਹਰ ਖਾਂਦਾ-ਪੀਂਦਾ ਆਦਮੀ ਆਪਣੇ ਬੱਚੇ, ਮੁਢਲੀ ਪੜ੍ਹਾਈ ਲਈ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਵਿਚ ਦਾਖਲ ਨਹੀਂ ਕਰਾਉਂਦਾ। ਮੇਰੀ ਰਿਹਾਇਸ਼ ਇਕ ਦਲਿਤ ਬਸਤੀ



Sri Satguru Jagjit Singh Ji eLibrary NamdhariElibrary@gmail.com

ਦੇ ਕੰਢੇ ਉਤੇ ਹੈ। ਇਸ ਬਸਤੀ ਦੇ ਲੋਕਾਂ ਦੇ ਭਲੇ ਲਈ ਸਰਕਾਰ ਨੇ ਇਸ ਵਿਚ ਇਕ ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹਿਆ ਹੋਇਆ ਹੈ। ਤੁਸੀਂ ਹੈਰਾਨ ਹੋਵੋਗੇ ਏਥੋਂ ਦੀ ਕਰੀਬ ਕਰੀਬ ਅੱਧੀ ਗਰੀਬ ਆਬਾਦੀ, ਆਪਣੇ ਬੱਚੇ, ਮੋਟੀਆਂ ਫੀਸਾਂ ਤਾਰ ਕੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾ ਰਹੀ ਹੈ ਤੇ ਸਰਕਾਰ ਦੇ ਪ੍ਰਾਇਮਰੀ ਸਕੂਲ ਦੀ ਮੁਫ਼ਤ ਪੜ੍ਹਾਈ ਦਾ ਲਾਭ ਨਹੀਂ ਉਠਾ ਰਹੀ। ਜਿਹੜੀ ਬੀਬੀ ਸਾਡੇ ਘਰ ਕੰਮ ਕਰਨ ਆਉਂਦੀ ਹੈ, ਮੈਂ ਉਸ ਨੂੰ ਇਸ ਦਾ ਕਾਰਨ ਪੁਛਿਆ ਤਾਂ ਉਸ ਦਾ ਜਵਾਬ ਸ੍ਰੀ ਸਵਰਨਾ ਰਾਮ, ਸ੍ਰੀ ਤੋਤਾ ਸਿੰਘ ਅਤੇ ਤੁਹਾਡੇ ਸੁਣਨ ਵਾਲਾ ਹੈ। ਉਸ ਨੇ ਕਿਹਾ, "ਪ੍ਰੋਫੈਸਰ ਸਾਅਬ ! ਅਸੀਂ ਗਰੀਬ ਸਹੀ, ਪਰ ਅਸੀਂ ਆਪਣੇ ਬੱਚਿਆਂ ਦਾ ਅੱਗਾ ਤਾਂ ਨਹੀਂ ਮਾਰਨਾ । ਸਰਕਾਰ ਦੇ ਪ੍ਰਾਇਮਰੀ ਸਕੂਲਾਂ ਵਿਚ ਜਿਹੜੀ ਪੜ੍ਹਾਈ ਹੋ ਰਹੀ ਏ, ਉਹ ਸਾਥੋਂ ਭੁੱਲੀ ਹੋਈ ਨਹੀਂ...।"

ਇਹ ਜਿਹੜੇ ਗਲੀ-ਗਲੀ ਵਿਚ ਅੰਗਰੇਜ਼ੀ ਮਾਧਿਅਮ ਵਾਲੇ ਨਰਸਰੀ ਸਕੂਲ, ਖੁੰਬਾਂ ਦੀ ਤਰ੍ਹਾਂ ਉੱਗ ਰਹੇ ਹਨ, ਇਹ ਤੁਹਾਡੀ ਸਰਕਾਰ ਦੇ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਚੰਗੀ ਤਰ੍ਹਾਂ ਨਾ ਪੜ੍ਹਾ ਸਕਣ ਦਾ ਸਿੱਧਾ ਨਤੀਜਾ ਹਨ। ਵਿਚਾਰੇ ਭੋਲੇ-ਭਾਲੇ ਪੰਜਾਬੀ ਲੋਕ, ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੇ ਘੋਰ ਪਛੜੇਵੇਂ ਦੀ ਜ਼ਿੰਮੇਵਾਰੀ, ਸਰਕਾਰ ਦੀ ਜਾਂ ਉਸਤਾਦਾਂ ਦੀ ਅਯੋਗਤਾ ਉਤੇ ਥੱਪਣ ਦੀ ਥਾਂ, ਪੰਜਾਬੀ ਜ਼ਬਾਨ ਦੇ ਸਿਰ ਉਤੇ ਥੱਪਣ ਲਗ ਪੈਂਦੇ ਹਨ। ਉਹ ਸਮਝਦੇ ਹਨ ਕਿ ਬੱਚਿਆਂ ਦੀ ਨਾਲਾਇਕੀ ਦਾ ਸਾਰਾ ਕਸੂਰ ਪੰਜਾਬੀ ਭਾਸ਼ਾ ਦਾ ਹੈ। ਮੇਰੇ-ਤੁਹਾਡੇ ਵਰਗੇ ਸਮਾਜ ਦੇ ਆਗੂ, ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਨਰਸਰੀ ਸਕੂਲਾਂ ਵਿਚ ਪਾਉਂਦੇ ਹਨ, ਇਸ ਲਈ ਹੇਠਲੀਆਂ ਸ਼ਰੇਣੀਆਂ ਰੀਸੋ-ਰੀਸੀ, ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਮੁਕੰਮਲ ਅਸਫਲਤਾ ਦੇ ਭਜਾਏ, ਆਪਣੇ ਬੱਚਿਆਂ ਨੂੰ ਅੰਗਰੇਜ਼ੀ ਵਾਲੇ ਅੰਨ੍ਹੇ ਖੂਹਾਂ ਵਿਚ ਸੁਟੀ ਜਾ ਰਹੀਆਂ ਹਨ। ਪੰਜਾਬ ਦੇ ਹਿਤ ਉਤੇ ਪਹਿਰਾ ਦੇਣ ਵਾਲੀ ਕਿਸੇ ਵੀ ਸਰਕਾਰ ਦਾ ਫਰਜ਼ ਤਾਂ ਇਹ ਬਣਦਾ ਸੀ ਕਿ ਉਹ ਇਸ ਰੁਖ ਨੂੰ, ਪੰਜਾਬੀ ਵਿਰੋਧੀ ਮੰਨ ਕੇ, ਪੰਜਾਬੀ ਦੀ ਮੁਢਲੀ ਪੜ੍ਹਾਈ ਨੂੰ ਉਚੇਰਾ ਚੁਕਣ ਦਾ ਜਤਨ ਕਰਦੀ ਤੇ ਇਸ ਤਰ੍ਹਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਪੰਜਾਬੀ ਦੀ ਪਨੀਰੀ ਦਾ ਰਿਸ਼ਤਾ, ਇਸ ਪਨੀਰੀ ਦੇ ਬਚਪਨ ਵਿਚ ਹੀ, ਪੱਕਾ ਤੇ ਪੀਡਾ ਕਰਦੀ ਅਤੇ ਆਪਣੇ ਲੋਕਾਂ ਨੂੰ ਸਮਝਾਉਂਦੀ ਕਿ ਅੰਗਰੇਜ਼ੀ ਪੜ੍ਹਨਾ ਹੋਰ ਗੱਲ ਹੈ, ਅੰਗਰੇਜ਼ੀ ਨੂੰ ਸਾਰੀ ਪੜ੍ਹਾਈ ਦਾ ਮਾਧਿਅਮ ਬਣਾਉਣਾ ਬਿਲਕੁਲ ਵੱਖਰੀ ਅਤੇ ਆਪਣੇ ਸਭਿਆਚਾਰ ਨਾਲ ਵੈਰ ਕਮਾਉਣ ਵਾਲੀ ਗੱਲ ਹੈ, ਪਰ ਬੜੀ ਹੈਰਾਨੀ ਤੇ ਅਫਸੋਸ ਦੀ ਗੱਲ ਹੈ ਕਿ ਸਰਕਾਰ ਵਲੋਂ ਜੋ ਕੁਝ ਹੋਣ ਵਾਲਾ ਹੈ, ਉਹ ਸਰਾਸਰ ਇਸ ਦੇ ਉਲਟ ਹੈ।

ਪੰਜਾਬ ਸਰਕਾਰ ਨੇ ਪਹਿਲਾਂ ਤਾਂ ਪਿੰਡਾਂ ਵਿਚ ਵਧੀਆ ਪੜ੍ਹਾਈ ਜਾਰੀ ਕਰਨ ਦੇ ਇਰਾਦੇ ਨਾਲ 'ਆਦਰਸ਼ ਸਕੂਲ' ਜਾਰੀ ਕਰਨ ਦੀ ਸਕੀਮ ਤਿਆਰ ਕੀਤੀ, ਜਿਸ ਉੱਤੇ ਲੋਕ ਖੁਸ਼ ਹੋਏ ਕਿ ਕਿਸੇ ਨੇ ਪਿੰਡਾਂ ਦੀ ਵੀ ਸਾਰ ਲਈ ਹੈ, ਪਰ ਸਿੱਖਿਆ-ਵਿਗਿਆਨੀ ਦੁਹੱਥੜ ਪਿੱਟੇ, ਜਦੋਂ ਪਤਾ ਲੱਗਾ ਕਿ ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਰੱਖਿਆ ਗਿਆ ਹੈ। ਇਸ ਦਾ ਮਤਲਬ ਸਪਸ਼ਟ ਹੈ ਕਿ ਵਰਤਮਾਨ ਪੰਜਾਬ ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬੀ ਲੋਕ, ਪੰਜਾਬੀ ਵਿਚ ਸੋਚਣ ਅਤੇ ਇਸ ਤਰ੍ਹਾਂ ਪੰਜਾਬੀਪੁਣੇ ਨਾਲ ਜੁੜੇ ਰਹਿਣ। ਉਹ ਚਾਹੁੰਦੀ ਹੈ ਲੋਕ ਪੰਜਾਬੀਅਤ ਦੀ ਥਾਂ ਅੰਗਰੇਜ਼ੀਅਤ ਨਾਲ ਜੁੜਨ। ਸਰਕਾਰ ਇਸੇ ਨੂੰ ਸਿੱਖਿਆ ਦਾ ਆਦਰਸ਼ ਤੇ ਇਸੇ ਨੂੰ ਭਵਿੱਖ ਵਿਚ ਪੰਜਾਬ ਦੇ ਵਿਕਾਸ ਦੀ ਕੁੰਜੀ ਸਮਝੀ ਬੈਠੀ ਹੈ। ਇਹ ਧਾਰਨਾ ਇਕ ਸਿਰੇ ਤੋਂ ਹੀ ਭੁਲੇਖਿਆਂ ਨਾਲ ਭਰੀ ਹੋਈ ਹੈ ਤੇ ਇਸੇ ਲਈ ਅੰਗਰੇਜ਼ੀ ਮਾਧਿਅਮ ਵਾਲੇ 'ਆਦਰਸ਼ ਸਕੂਲ' ਪੰਜਾਬੀ ਲੋਕਾਂ, ਉਨ੍ਹਾਂ ਦੀ ਬੋਲੀ, ਵਿਰਸੇ ਤੇ ਸੱਭਿਆਚਾਰ ਨਾਲ ਵੈਰ ਕਮਾਉਣ ਵਾਲੀ ਯੋਜਨਾ ਹੈ। ਸ਼ੁਕਰ ਦੀ ਗੱਲ ਇਕੋ ਸੀ ਕਿ 'ਆਦਰਸ਼ ਸਕੂਲ' ਹਰ ਪਿੰਡ ਵਿਚ ਖੋਲ੍ਹਣ ਦਾ ਪ੍ਰੋਗਰਾਮ ਨਹੀਂ ਸੀ, ਪਰ ਸਰਕਾਰ ਦੇ ਸਕੂਲ-ਸਿੱਖਿਆ ਮੰਤਰੀ ਸ. ਤੋਤਾ ਸਿੰਘ ਨੇ ਪਹਿਲੀ ਅਪ੍ਰੈਲ ੧੯੯੮ ਤੋਂ ਜਿਹੜਾ ਨਵਾਂ ਕਦਮ ਚੁੱਕਣ ਦਾ ਐਲਾਨ ਕਰ ਦਿੱਤਾ ਹੈ, ਉਸ ਅਨੁਸਾਰ ਅੰਗਰੇਜ਼ੀ ਦੇ ਸਾਨ੍ਹ ਨੂੰ ਹਰ ਪ੍ਰਾਇਮਰੀ ਸਕੂਲ ਦੇ ਵਿਹੜੇ ਵਿਚ ਖੁੱਲ੍ਹਾ ਛੱਡਿਆ ਜਾਣਾ ਹੈ। ਜੇ ਇਹ ਸੂਚਨਾ ਠੀਕ ਹੈ—ਰੱਬ ਕਰੇ ਠੀਕ ਨਾ ਹੋਵੇ—ਤਾਂ ਸਾਡੀ ਸਰਕਾਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਏਸ ਤੋਂ ਵੱਡਾ ਹੋਰ ਕੋਈ ਧਰੋਹ ਨਹੀਂ ਕਰ ਸਕਦੀ। ਕੋਈ ਨਖਿੱਧ ਤੋਂ ਨਖਿੱਧ ਸਰਕਾਰ ਵੀ, ਜਿਸ ਦੇ ਸਿਰ ਵਿਚ ਲੋਕਾਂ ਦਾ ਰਤੀ ਭਰ ਹਿਤ ਵੀ ਮੌਜੂਦ ਹੋਵੇ, ਆਪਣੇ ਪ੍ਰਾਇਮਰੀ ਸਕੂਲਾਂ ਵਿਚ ਬਦੇਸ਼ੀ ਮਾਧਿਅਮ ਨੂੰ ਵਾੜਨ ਤੋਂ ਸੰਕੋਚ ਵਰਤੇਗੀ, ਪਰ ਕਿਸ ਕਿਸਮ ਦਾ ਪੁੱਠਾ ਹਿਤ ਹੈ, ਬਾਦਲ ਜੀ ! ਤੁਹਾਡੀ ਸਰਕਾਰ ਦਾ ਆਪਣੇ ਲੋਕਾਂ ਨਾਲ ?



Sri Satguru Jagjit Singh Ji eLibrary NamdhariElibrary@gmail.com

ਬਾਦਲ ਜੀ ! ਆਪਣੀ ਸਰਕਾਰ ਦੇ ਦਿਮਾਗ ਵਿਚੋਂ ਇਹ ਕੀੜਾ ਕੱਢ ਦਿਓ ਕਿ ਪੰਜਾਬ ਦੀ ਤਰੱਕੀ, ਸਾਰੀ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਬਣਾਉਣ ਨਾਲ ਜੁੜੀ ਹੋਈ ਹੈ । ਯਕੀਨ ਜਾਣੋ, ਹਜ਼ਾਰ ਸਾਲ ਇਹ ਕੋਸ਼ਿਸ਼ ਕਰਦੇ ਰਹੋ, ਫੇਰ ਵੀ ਤੁਸੀਂ ਕਾਮਯਾਬ ਨਹੀਂ ਹੋ ਸਕੋਗੇ—ਹਾਂ ਕਾਮਯਾਬ ਹੋਵੋਗੇ ਪੰਜਾਬੀਅਤ ਨੂੰ ਵੱਧ ਤੋਂ ਵੱਧ ਗੰਦਲਾ ਤੇ ਦੋਗਲਾ ਬਣਾਉਣ ਵਿਚ ।

ਬਾਦਲ ਜੀ ! ਇਸ ਵੇਲੇ ਤੁਸੀਂ ਇਕ-ਭਾਸ਼ੀ ਪੰਜਾਬ ਰਾਜ ਦੀ ਕਾਇਮੀ ਲਈ ਕੁਰਬਾਨੀਆਂ ਦੇਣ ਤੇ ਲੰਮੇ ਸੰਘਰਸ਼ ਦੀ ਅਗਵਾਈ ਕਰਨ ਵਾਲੀ ਪਾਰਟੀ ਦੇ ਮੁਖੀ ਹੋ । ਤੁਸੀਂ ਪੰਜਾਬੀ ਨਾਲ ਵਫ਼ਾ ਪਾਲਣ ਦਾ ਬਚਨ ਦੇ ਕੇ ਲੋਕਾਂ ਪਾਸੋਂ ਵੋਟਾਂ ਲਈਆਂ ਹਨ, ਪਰ ਖਿਮਾ ਕਰਨਾ, ਮੈਂ ਸਾਫ਼ ਸ਼ਬਦਾਂ ਵਿਚ ਤੁਹਾਡੇ ਤਕ ਇਹ ਗੱਲ ਪਹੁੰਚਾਉਣੀ ਚਾਹੁੰਦਾ ਹਾਂ ਕਿ ਰਾਜ-ਭਾਗ ਦੀਆਂ ਉਚੇਰੀਆਂ ਪਰਤਾਂ ਵਿਚ ਪੰਜਾਬੀ ਲਾਗੂ ਕਰਨ ਦੇ ਮਾਮਲੇ ਵਿਚ ਨਾ ਤੁਸੀਂ ਤੇ ਨਾ ਤੁਹਾਡੀ ਸਰਕਾਰ ਕੋਈ ਖਾਸ ਨਾਂ ਪੈਦਾ ਕਰ ਸਕੀ ਹੈ । ਲੋਕ ਮੂੰਹ ਪਾੜ ਕੇ ਕਹਿਣ ਲੱਗ ਪਏ ਹਨ ਕਿ ਮੁਖ ਮੰਤਰੀ ਦੀ ਪੱਧਰ ਉੱਤੇ, ਉਚੇਰੇ ਸਕੱਤਰੇਤੀ ਦਫਤਰਾਂ, ਬੋਰਡਾਂ ਤੇ ਕਾਰਪੋਰੇਸ਼ਨਾਂ ਅਤੇ ਯੂਨੀਵਰਸਿਟੀਆਂ ਦੇ ਉਚੇਰੇ ਆਸਣਾਂ ਉੱਤੇ ਬੈਠੇ ਅਧਿਕਾਰੀਆਂ ਦੀ ਸਰਕਾਰੀ ਲਿਖਾ-ਪੜ੍ਹੀ ਦੇ ਪੰਜਾਬੀ ਵਿਚ ਕੀਤੇ ਜਾਣ ਬਾਰੇ, ਕੋਈ ਖਾਸ ਦਿਲਚਸਪੀ ਵੇਖਣ ਵਿਚ ਨਹੀਂ ਆਉਂਦੀ । ਹੇਠਲੀ, ਪ੍ਰਾਇਮਰੀ ਦੀ ਪੱਧਰ ਉੱਤੇ, ਪੰਜਾਬੀ ਦੀ ਜੋ ਹਾਲਤ ਹੈ, ਉਹ ਮੈਂ ਉੱਪਰ ਦੱਸ ਹੀ ਆਇਆ ਹਾਂ । ਹੁਣ, ਜੇ ਤੁਸੀਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਵਾਲਾ ਸੌ ਫੀਸਦੀ ਗਲਤ ਕਦਮ ਵੀ ਚੁੱਕ ਲਿਆ ਤਾਂ ਬਿਲਕੁਲ ਯਕੀਨ ਜਾਣੋ ਕਿ ਇਤਿਹਾਸ ਤੁਹਾਨੂੰ ਬਖਸ਼ੇਗਾ ਨਹੀਂ । ਸਿਆਣੇ ਲੋਕ ਤੁਹਾਡੀ ਸਰਕਾਰ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਵੈਰਨ ਤੇ ਹੋਰ ਖਬਰੇ ਕੀ ਕੀ ਕਹਿਣਾ ਸ਼ੁਰੂ ਕਰ ਦੇਣਗੇ । ਕੀ ਤੁਹਾਡੀ ਸਰਕਾਰ ਵਿਚ ਕਿਸੇ ਨੂੰ ਵੀ ਨਹੀਂ ਪਤਾ ਕਿ ਮੁੱਢਲੀਆਂ ਜਮਾਤਾਂ ਵਿਚ ਸਿੱਖਿਆ ਵਜੋਂ ਕੇਵਲ ਮਾਂ-ਬੋਲੀ ਹੀ ਬੱਚੇ ਦੇ ਕੰਨਾ ਵਿਚ ਪੈਣੀ ਚਾਹੀਦੀ ਹੈ ? ਕੀ ਤੁਹਾਡੀ ਵਜ਼ੀਰ-ਮੰਡਲੀ ਵਿਚ ਜਾਂ ਸਕੱਤਰਾਂ ਦੇ ਬੜੇ ਵੱਡੇ ਲਾਣੇ ਵਿਚ ਇਕ ਵੀ ਅਜਿਹਾ ਸੁਜਾਨ ਤੇ ਦਲੇਰ ਬੰਦਾ ਨਹੀਂ ਹੈ, ਜੋ ਆਪਣੀ ਸਰਕਾਰ ਨੂੰ ਇਹ ਦੱਸੇ ਕਿ ਹਰ ਭਾਸ਼ਾ ਆਪਣੇ ਨਾਲ ਆਪਣਾ ਵਿਸ਼ੇਸ਼ ਕਲਚਰ ਵੀ ਲਿਆਉਂਦੀ ਹੈ । ਅੰਗਰੇਜ਼ੀ ਆਏਗੀ ਤਾਂ ਅੰਗਰੇਜ਼ੀਅਤ ਵੀ ਆਏਗੀ । ਲੇਖਕ ਤਾਂ ਇਹ ਆਸ ਲਾਈ ਬੈਠੇ ਸਨ ਕਿ ਪੰਜਾਬੀ ਦੀ ਮੁਦੱਈ ਨਵੀਂ ਸਰਕਾਰ, ਪੰਜਾਬੀ ਦੀ ਮੁੱਢਲੀ ਸਿੱਖਿਆ ਦਾ ਮਿਆਰ ਚੁੱਕਣ ਲਈ ਪੂਰਾ ਤਾਣ ਲਾਵੇਗੀ ਤੇ ਅੰਗਰੇਜ਼ੀ ਮਾਧਿਅਮ ਵਾਲੇ ਪੰਜਾਬੀ-ਵਿਰੋਧੀ ਸਕੂਲਾਂ ਨੂੰ ਕਿਸੇ ਤਰ੍ਹਾਂ ਦੀ ਕਾਨੂੰਨੀ ਨੱਥ ਪਾਵੇਗੀ, ਪਰ ਪੰਜਾਬੀ ਦਾ ਕੁੜ ਸਵਾਰਨ ਦੀ ਥਾਂ, ਸਰਕਾਰ ਆਪ ਹੀ ਅੰਗਰੇਜ਼ੀ ਦੀ ਹਮਾਇਤ ਵਿਚ ਇਕ ਧਿਰ ਬਣ ਕੇ ਖੜੀ ਹੋ ਗਈ ਹੈ । ਪ੍ਰਾਇਮਰੀ ਵਿਚ ਪੰਜਾਬੀ ਪੜ੍ਹਾਉਣ ਲਈ ਤਾਂ ਸਰਕਾਰ ਨੇ ਵੱਖਰੇ ਕੁਆਲੀਫਾਈਡ ਉਸਤਾਦ ਰੱਖੇ ਨਹੀਂ ਹੋਏ, ਅੰਗਰੇਜ਼ੀ ਪੜ੍ਹਾਉਣ ਲਈ ਉਚੇਚੇ ਉਸਤਾਦ ਰੱਖਣ ਜੋਗੇ ਪੈਸਿਆਂ ਦਾ ਪ੍ਰਬੰਧ ਕਿਵੇਂ ਕਰ ਲਵੇਗੀ ? ਬੱਚੇ ਨੂੰ ਮੁੱਢਲੀਆਂ ਕਲਾਸਾਂ ਵਿਚ ਜਿਹੋ-ਜਿਹੀ ਪੰਜਾਬੀ ਸਿਖਾਈ ਜਾ ਰਹੀ ਹੈ, ਉਸ ਨਾਲ ਤਾਂ ਅਸੀਂ ਬਿਲਕੁਲ ਸੰਤੁਸ਼ਟ ਨਹੀਂ ਹਾਂ । ਵਿਸ਼ੇਸ਼ੱਗਾਂ ਦੀ ਮੰਗ ਹੈ ਕਿ ਪੰਜਾਬੀ ਦੀ ਪੜ੍ਹਾਈ ਵਾਸਤੇ ਹੋਰ ਸਮਾਂ ਦਿੱਤਾ ਜਾਵੇ । ਜੇ ਅੰਗਰੇਜ਼ੀ ਚਾਲੂ ਕਰੋਗੇ ਤਾਂ, ਬਦੇਸ਼ੀ ਭਾਸ਼ਾ ਹੋਣ ਕਰਕੇ, ਉਸ ਨੇ ਪੰਜਾਬੀ ਤੋਂ ਵੱਧ ਸਮਾਂ ਦੇਣਾ ਪਵੇਗਾ । ਉਹ ਕਿਥੋਂ ਲਿਆਓਗੇ ? ਪੰਜਾਬੀ ਨੂੰ ਮਿਲ ਰਹੇ ਅੱਗੇ ਹੀ ਥੋੜ੍ਹੇ ਸਮੇਂ ਨੂੰ ਕੁਤਰੋਗੇ ਨਹੀਂ ਤਾਂ ਹੋਰ ਕੀ ਕਰੋਗੇ ? ਤੁਸੀਂ ਵੀ ਕਰੋਗੇ ਤੇ ਤੁਹਾਡੀ ਨੌਕਰਸ਼ਾਹੀ ਪਾਸ ਤਾਂ ਬਣੀ-ਬਣਾਈ ਦਲੀਲ ਹੋਵੇਗੀ ਹੀ ਕਿ "ਪੰਜਾਬੀ ਤਾਂ ਜੀ ਬੱਚੇ ਨੂੰ ਅੱਗੇ ਹੀ ਆਉਂਦੀ ਹੈ, ਅਸਲ ਲੋੜ ਤਾਂ ਅੰਗਰੇਜ਼ੀ ਉੱਤੇ ਵਕਤ ਲਾਉਣ ਦੀ ਹੈ ।" ਸੋ ਪੰਜਾਬੀ ਪੂਰੀ ਤਰ੍ਹਾਂ ਖੁੱਡੇ-ਲਾਈਨ ਲੱਗ ਜਾਵੇਗੀ । ਨਾਲੇ ਜਿਹੜਾ ਮਾੜਾ-ਮੋਟਾ ਪੰਜਾਬੀਪੁਣਾ ਅਜੇ ਪੰਜਾਬ ਦੇ ਪਿੰਡਾਂ ਵਿਚ ਕਾਇਮ ਹੈ, ਪਹਿਲੀ ਜਮਾਤ ਵਿਚ ਅੰਗਰੇਜ਼ੀ ਦੇ ਪ੍ਰਵੇਸ਼ ਤੇ 'ਆਦਰਸ਼ ਸਕੂਲਾਂ' ਵਿਚ ਅੰਗਰੇਜ਼ੀ ਮਾਧਿਅਮ ਵਰਤੇ ਜਾਣ ਦੇ ਕਾਰਨ, ਦਸਾਂ-ਵੀਹਾਂ ਸਾਲਾਂ ਦੇ ਅੰਦਰ-ਅੰਦਰ ਉਹ ਵੀ ਉੱਡਣ ਦੀ ਤਿਆਰੀ ਕਰਨ ਲਗ ਪਵੇਗਾ ।

ਬਾਦਲ ਜੀ ! ਜਿਸ ਕਿਸੇ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਚਾਲੂ ਕਰਨ ਵਾਲਾ ਪ੍ਰੋਗਰਾਮ, (ਭਾਵੇਂ ਮਾਪਿਆਂ ਦੀ ਮਰਜ਼ੀ ਉੱਤੇ ਛੱਡੇ ਜਾਣ ਵਾਲਾ ਹੋਵੇ ਤੇ ਭਾਵੇਂ ਉੱਤੇ ਠੋਸੇ ਜਾਣ ਵਾਲਾ), ਤੁਹਾਡੇ ਪੰਜਾਬ ਦੇ ਸਭ-ਪੱਖੀ ਵਿਕਾਸ ਵਾਲੇ ਪ੍ਰੋਗਰਾਮ ਦਾ ਹਿੱਸਾ ਬਣਵਾਇਆ ਹੈ, ਉਹ ਨਾ ਤੁਹਾਡਾ ਹਿਤੈਸ਼ੀ ਹੈ, ਨਾ ਤੁਹਾਡੀ ਸਰਕਾਰ ਦਾ, ਨਾ ਤੁਹਾਡੀ ਪਾਰਟੀ ਦਾ ਤੇ ਨਾ ਪੰਜਾਬ ਦਾ । ਉਸ ਤੋਂ ਖ਼ਬਰਦਾਰ ਹੋ



Sri Satguru Jagjit Singh Ji eLibrary NamdhariElibrary@gmail.com

ਜਾਓ—ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਗੂੜ੍ਹਾ ਪਰ ਬੜਾ ਖ਼ਤਰਨਾਕ ਦੁਸ਼ਮਨ ਜੇ ।

ਅੰਗਰੇਜ਼ੀ ਪੜ੍ਹਾਓ, ਜ਼ਰੂਰ ਪੜ੍ਹਾਓ, ਪਰ ਪੰਜਵੀਂ ਜਮਾਤ ਤੋਂ ਤੇ ਪੜ੍ਹਾਓ ਐਸੇ ਆਧੁਨਿਕ ਢੰਗ ਨਾਲ ਕਿ ਬੱਚਾ ਦਸਵੀਂ ਜਮਾਤ ਤਕ ਪਹੁੰਚਦਿਆਂ ਅੰਗਰੇਜ਼ੀ ਫਰਨ-ਫਰਨ ਬੋਲ ਵੀ ਸਕੇ ਤੇ ਲਿਖ ਵੀ ਸਕੇ । ਭਾਸ਼ਾ ਪੜ੍ਹਾਉਣ ਦੀਆਂ ਜੁਗਤਾਂ, ਤੁਹਾਡੇ ਸਿੱਖਿਆ-ਅਧਿਕਾਰੀਆਂ ਦੇ ਦਿੱਸ-ਹੱਦਿਆਂ ਤੋਂ ਕਿਤੋ ਅਗੇਰੇ ਲੰਘ ਚੁਕੀਆਂ ਹਨ। ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਲਾਗੂ ਕਰਨ ਵਾਲੀ ਨਿਰੀ ਝੱਲੀ ਯੋਜਨਾ ਤੋਂ ਬਚਿਆ ਪੈਸਾ, ਪੰਜਾਬੀ ਦੀ ਮੁੱਢਲੀ ਮੰਦਹਾਲੀ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਵੱਲ ਲਾਓ । ਪੰਜਾਬੀ, ਪੰਜਾਬ ਦੀ ਮਾਦਰੀ ਜ਼ਬਾਨ ਹੈ । ਅੰਗਰੇਜ਼ੀ ਨੂੰ ਇਸ ਦੇ ਨਾਲ ਬਰਾਬਰੀ ਦੇਣ ਤੋਂ ਟਲ ਜਾਓ । ਪਹਿਲੀਆਂ ਪੰਜ ਜਮਾਤਾਂ ਵਿਚ ਬੱਚੇ ਦੀ ਮਾਂ-ਬੋਲੀ ਵਾਲੀ ਨੀਂਹ ਮਜ਼ਬੂਤ ਹੋ ਜਾਵੇ ਤਾਂ ਦਸਵੀਂ ਤੱਕ ਪੰਜਾਬੀ ਪੜ੍ਹੇ ਬੱਚੇ ਨੂੰ ਸਾਰੀ ਤੇ ਪੂਰੀ ਪੰਜਾਬੀ ਆ ਜਾਣੀ ਚਾਹੀਦੀ ਹੈ। ਉਹ ਪੰਜਾਬੀ ਵਿਚ ਮੌਲਿਕ ਰਚਨਾਵਾ ਰਚਣ ਦੇ ਯੋਗ ਹੋ ਜਾਣਾ ਚਾਹੀਦਾ ਹੈ ।

ਪਿਆਰੇ ਤੇ ਸਤਿਕਾਰੇ, ਦਿਲੋਂ ਪੰਜਾਬ ਦਾ ਹਿਤ ਚਾਹੁਣ ਵਾਲੇ ਬਾਦਲ ਜੀਓ । ਤੁਸੀਂ ਸੰਭਲ ਜਾਓ, ਇਕ-ਭਾਸ਼ੀ ਪੰਜਾਬ ਨੂੰ ਇਕ-ਭਾਸ਼ੀ ਹੀ ਰਹਿਣ ਦਿਓ । ਜਿੰਨਾ ਕੁ ਹੇਜ ਤੁਹਾਡੇ ਸਿੱਖਿਆ ਮੰਤਰੀ, ਅੰਗਰੇਜ਼ੀ ਲਈ ਵਿਖਾ ਰਹੇ ਹਨ, ਉਸ ਤੋਂ ਅੱਧਾ ਵੀ ਤੁਸੀਂ ਪੰਜਾਬੀ ਲਈ ਵਿਖਾ ਦਿਓ ਤਾਂ ਤੁਹਾਡੀ ਜੈਜੈਕਾਰ ਹੋਵੇਗੀ । ਵਰਨਾ ਉਨ੍ਹਾਂ ਸੰਬੋਧਨਾਂ ਲਈ ਤਿਆਰ ਰਹੋ, ਜਿਨ੍ਹਾਂ ਰਾਹੀਂ ਤੁਹਾਨੂੰ, ਤੁਹਾਡੀ ਪਾਰਟੀ ਤੇ ਤੁਹਾਡੀ ਸਰਕਾਰ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਹਤਿਆਰਾ ਦੱਸ ਕੇ ਯਾਦ ਕੀਤਾ ਜਾਵੇਗਾ ।

ਬਾਦਲ ਜੀ ! ਯਾਦ ਕਰੋ ਗੁਰੂ ਅਮਰਦਾਸ ਜੀ ਦਾ ਫੁਰਮਾਨ :

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥

ਤੁਹਾਡਾ ਭਲਾ ਲੋਚਣ ਵਾਲਾ

ਪ੍ਰੀਤਮ ਸਿੰਘ (ਪ੍ਰੋ.)

ਸਾਬਕਾ ਪ੍ਰਧਾਨ,

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਤੇ

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

ਮਿਤੀ ੨੨-੯-੯੭

੨, ਪ੍ਰੀਤ ਨਗਰ, ਲੋਅਰ ਮਾਲ,

ਪਟਿਆਲਾ—੧੪੭੦੦੧.






Sri Satguru Jagjit Singh Ji eLibrary NamdhariElibrary@gmail.com

ਪ੍ਰਦੂਸ਼ਣ 'ਤੇ ਇਕ ਕਵਿਤਾ

# ਧਰਤ, ਹਵਾ ਤੇ ਨਿਰਮਲ ਪਾਣੀ

—ਕੋਮਲ ਸਿੰਘ

ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।
ਏਸ ਜੱਗ ਤੇ ਏਨ੍ਹਾਂ ਬਾਝੋਂ
ਮੁਸ਼ਕਲ ਹੋਜੂ ਰਹਿਣਾ।......

ਪੌਦੇ ਬਣਕੇ ਪਹਿਰੇਦਾਰ ਨੇ
ਸਾਡੀ ਰੱਖਿਆ ਕਰਦੇ।
ਪਰ ਬੇਚਾਰੇ ਬੇਦੋਸ਼ੇ ਏਹ
ਸਾਡੇ ਹੱਥੋਂ ਮਰਦੇ।
ਆਵੇ ਜਦੋਂ ਤੂਫ਼ਾਨ ਹਨੇਰੀ
ਪਏ ਏਹਨਾਂ ਨੂੰ ਸਹਿਣਾ......
ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।

ਪਾਣੀ ਸਾਡੇ ਜੀਵਨ ਦਾ ਹੈ
ਵੱਡਮੁੱਲਾ ਸਰਮਾਇਆ।
ਪਰ ਸਾਡੇ ਹੀ ਲੋਭ ਲਾਲਚਾਂ
ਅਪਵਿੱਤਰ ਏਹ ਬਣਾਇਆ।
ਬਣਕੇ ਅੰਮ੍ਰਿਤ ਸਾਡੇ ਲਈ
ਹੈ ਪਾਣੀ ਨੇ ਸਦਾ ਵਹਿਣਾ......
ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।

ਧਰਤੀ ਸਾਡੀ ਮਾਵਾਂ ਵਰਗੀ
ਦੇਂਦੀ ਅੱਜ ਦੁਹਾਈ।
ਦੂਸ਼ਤ ਨਾ ਏਹ ਹੋਏ ਚੌਗਿਰਦਾ
ਰੱਖੋ ਨਿੱਤ ਸਫ਼ਾਈ।
ਵਿਚ ਗੰਦਗੀ ਮੁਸ਼ਕਲ ਹੋਜੂ
ਸਾਡਾ ਏਥੇ ਬਹਿਣਾ......
ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।

ਗੁਰੂਆਂ ਪੀਰਾਂ ਵੀ ਹਨ ਕੀਤੇ
ਸਾਨੂੰ ਇਹ ਫ਼ੁਰਮਾਨ।
ਪੌਣ ਪਾਣੀ ਤੇ ਧਰਤੀ ਲੱਕੋ
ਸਾਡੀ ਨੇ ਜਿੰਦ ਜਾਨ।
ਰੱਖੋ ਸਾਂਭ ਅਨਮੋਲ ਖਜ਼ਾਨੇ
ਬਾਰ ਬਾਰ ਏਹ ਕਹਿਣਾ......
ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।

ਸਮਝੀਏ ਜਾਨੋਂ ਵਧ ਪਿਆਰੇ
ਆਓ ਸੌਹਾਂ ਖਾਈਏ।
ਪਵਨ ਗੁਰੂ, ਪਾਣੀ ਪਿਤਾ ਤੇ
ਮਾਤਾ ਧਰਤ ਬਚਾਈਏ।
"ਕੋਮਲ" ਏਨ੍ਹਾਂ ਬਾਝੋਂ ਤੇਰੇ
ਪੱਲੇ ਕੁਝ ਨਹੀਂ ਪੈਣਾ......
ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ! ਗਹਿਣਾ।

ਧਰਤ, ਹਵਾ ਤੇ ਨਿਰਮਲ ਪਾਣੀ
ਜ਼ਿੰਦਗੀ ਦਾ ਏ ਗਹਿਣਾ।
ਏਸ ਜਗ ਤੇ ਏਨ੍ਹਾਂ ਬਾਝੋਂ
ਮੁਸ਼ਕਲ ਹੋਜੂ ਰਹਿਣਾ।......



Sri Satguru Jagjit Singh Ji eLibrary NamdhariElibrary@gmail.com

ਇਕ ਰਿਪੋਰਟ

# ਚਿੱਟੀ ਵੇਈਂ ਸਰਵੇਖਣ

**—ਬਹਾਦਰ ਸਿੰਘ ਸੰਧੂ**

ਇਹ ਰਿਪੋਰਟ ਡਾ. ਨਿਰਮਲ ਸਿੰਘ ਮਾਲਵਾ ਦੀ ਅਗਵਾਈ ਹੇਠ ਕੈਪਟਨ ਸਰਬਜੀਤ ਸਿੰਘ ਢਿਲੋਂ, ਕੋਮਲ ਸਿੰਘ, ਰੁਪਿੰਦਰ ਸਿੰਘ ਤੇ ਮੈਂ ੨੦ ਅਪ੍ਰੈਲ ਤੋਂ ੩੦ ਅਪ੍ਰੈਲ ੧੯੯੮ ਤੱਕ ਤਕਰੀਬਨ ਡੇਢ ਸੌ ਕਿਲੋਮੀਟਰ ਦਾ ਪੰਧ ਤੇ ੧੦ ਪਿੰਡਾਂ ਦੇ ਚੋਣਵੇਂ ਨੁਮਾਇੰਦਿਆਂ ਨਾਲ ਮੁਲਾਕਾਤਾਂ ਕਰਕੇ, ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ, ਵੱਖੋ ਵੱਖਰੇ ਥਾਵਾਂ ਤੋਂ ਵੇਈਂ ਦੀਆਂ ਅਤੇ ਇਸ ਦੇ ਪਾਣੀ ਕਾਰਨ ਪ੍ਰਭਾਵਿਤ ਲੋਕਾਂ ਦੀਆਂ ਤਸਵੀਰਾਂ ਖਿਚ ਕੇ ਮੁਕੰਮਲ ਕੀਤੀ।

ਜਿਸ ਤਰ੍ਹਾਂ ਕਿ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਅਸੀਂ ਪ੍ਰਦੂਸ਼ਣ ਦੀ ਸਮੱਸਿਆ ਕਾਰਨ ਜਿਸਮਾਨੀ, ਆਰਥਿਕ ਤੇ ਸਮਾਜਿਕ ਤੌਰ ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਾਂ। ਇਸ ਮੁੱਦੇ ਨੂੰ ਮੁਖ ਰੱਖਕੇ ਅਸੀਂ ਵੇਈਂ ਨਾਲ ਸਬੰਧਿਤ ਸਿਹਤ, ਮਾਲ ਡੰਗਰ, ਖੇਤੀਬਾੜੀ ਅਤੇ ਵਾਤਾਵਰਣ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਨ ਦਾ ਟੀਚਾ ਮਿੱਥ ਕੇ ਇਹ ਯਤਨ ਅਰੰਭਿਆ।

ਇਹ ਛੋਟੀ ਨਦੀ ਪੰਜਾਬ ਦੇ ਹੁਸ਼ਿਆਰਪੁਰ, ਰੋਪੜ ਤੇ ਹਿਮਾਚਲ ਦੇ ਊਨਾ ਜ਼ਿਲੇ ਤੇ ਸ਼ਿਵਾਲਿਕ ਪਹਾੜੀਆਂ ਦੇ ਕੰਡੀ ਖੇਤਰ ਵਿਚੋਂ ਨਿਕਲਣ ਵਾਲੇ ਕਿੰਨੇ ਹੀ ਚੋਆਂ ਦੇ ਇਕੱਠੇ ਹੋਣ ਨਾਲ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਬੜਵਾ-ਬਗੋਰਾਂ ਕੋਲੋਂ ਸ਼ੁਰੂ ਹੋਈ ਆਖੀ ਜਾ ਸਕਦੀ ਹੈ। ਇਥੋਂ ਵਿੰਗ ਵਲੇਵੇਂ ਖਾਂਦੀ ਹੋਈ ਹੁਸ਼ਿਆਰਪੁਰ ਤੋਂ ਦੱਖਣ ਪੂਰਬ ਵੱਲ ਦੀ ਤੇ ਨਵਾਂ ਸ਼ਹਿਰ-ਬੰਗੇ ਤੋਂ ਉੱਤਰ ਪੱਛਮ ਦੀ ਗੁੱਠ ਵਿਚੋਂ ਲੰਘਦੀ ਫਗਵਾੜੇ ਤੇ ਜਲੰਧਰ ਦਰਮਿਆਨ ਚਹੇੜੂ ਦੇ ਪੁੱਲ ਹੇਠੋਂ ਜਰਨੈਲੀ ਸੜਕ ਨੂੰ ਪਾਰ ਕਰਦੀ ਜਲੰਧਰ ਤੋਂ ਪੂਰਵ-ਦੱਖਣ ਵੱਲ ਹੁੰਦੀ ਹੋਈ ਨਕੋਦਰ ਜਾਣ ਵਾਲੀ ਸੜਕ ਨੂੰ ਪਿੰਡ ਕੰਗ ਸਾਹਬੂ ਕੋਲੋਂ ਪਾਰ ਕਰਦੀ ਹੈ। ਅੱਗੋਂ ਮੱਲੀਆਂ, ਨਕੋਦਰ-ਕਪੂਰਥਲਾ ਸੜਕ ਲੰਘ ਕੇ ਕਸਬਾ ਮਲਸੀਆਂ ਦੇ ਦੱਖਣ-ਪੱਛਮ ਵੱਲ ਵਗਦੀ ਲੋਹੀਆ ਤੋਂ ਲਹਿੰਦੇ ਪਾਸੇ ਗਿਦੜਪਿੰਡੀ ਕੋਲ ਪਿੰਡ ਕਾਲੂ ਮੁੰਡੀ ਦੇ ਨਜ਼ਦੀਕ ਦਰਿਆ ਸਤਲੁਜ ਵਿਚ ਜਾ ਮਿਲਦੀ ਹੈ।

ਦੁਆਬੇ ਦੇ ਚਾਰੇ ਜ਼ਿਲਿਆਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਕਪੂਰਥਲਾ ਅਤੇ ਜਲੰਧਰ ਵਿਚੋਂ ਦੀ ਲੰਘਦੀ ਇਹ ਨਦੀ ਤਕਰੀਬਨ ੧੫੦ ਕਿਲੋਮੀਟਰ ਪੈਂਡਾ ਮਾਰਦੀ ਹੈ। ਇਸ ਦੇ ਦੋਵੇਂ ਕੰਢਿਆਂ ਤੇ ਵਸੇ ਪਿੰਡਾਂ ਦੀ ਗਿਣਤੀ ਲਗ ਭਗ ੧੨੦ ਦੇ ਨੇੜੇ ਤੇੜੇ ਹੈ। ਜਿਨ੍ਹਾਂ ਦੀ ਵਸੋਂ ਦੋ ਲੱਖ ਤੱਕ ਪੁਜ ਜਾਂਦੀ ਹੈ। ਜੇਕਰ ਵੇਈਂ ਦਾ ਪ੍ਰਭਾਵਿਤ ਖੇਤਰ ਦੋਵੇਂ ਪਾਸੇ ਦੋ-ਦੋ, ਢਾਈ-ਢਾਈ ਕਿਲੋਮੀਟਰ ਮਿਥ ਲਿਆ ਜਾਵੇ ਤਾਂ ਪਿੰਡਾਂ ਦੀ ਗਿਣਤੀ ਦੁਗਣੀ ਤੇ ਅਬਾਦੀ ਪੰਜ ਲੱਖ ਬਣ ਜਾਂਦੀ ਹੈ।

ਇਸ ਸਰਵੇਖਣ ਦੌਰਾਨ ਅਸੀਂ ਆਪਣਾ ਧਿਆਨ ਇਹਨਾਂ ਖੇਤਰਾਂ ਤੇ ਕੇਂਦਰਤ ਕੀਤਾ :—

੧. ਇਨਸਾਨੀ ਸਿਹਤ
੨. ਮਾਲ ਡੰਗਰ ਦੀ ਸਿਹਤ
੩. ਭੋਂਇ ਤੇ ਫਸਲਾਂ ਉਤੇ ਪ੍ਰਭਾਵ
੪. ਪਾਣੀ ਉੱਤੇ ਪ੍ਰਭਾਵ
੫. ਹਵਾ ਉੱਤੇ ਪ੍ਰਭਾਵ
੬. ਸਮਾਜਿਕ ਸੰਬੰਧ

ਸਭ ਤੋਂ ਪਹਿਲਾਂ ਅਸੀਂ ਵੇਈਂ ਦੇ ਸਤਲੁਜ ਵਿਚ ਮਿਲਾਪ ਤੋਂ ਸਰਵੇਖਣ ਸ਼ੁਰੂ ਕੀਤਾ।

ਮੰਡਾਲਾ ਜੋ ਸ਼ਾਹਕੋਟ ਤਹਿਸੀਲ ਵਿਚ ਤੇ ਵੇਈਂ ਤੋਂ ੧੦੦ ਮੀਟਰ ਦੀ ਦੂਰੀ ਤੇ ਵਸਿਆ ਪਿੰਡ ਹੈ। ਇਸ ਪਿੰਡ ਦਾ ਬਲਬੀਰ ਸਿੰਘ ਸਾਨੂੰ ਟੁੱਟੀ ਜਿਹੀ ਬੇੜੀ ਵਿਚ ਵੇਈਂ ਤੋਂ ਪਾਰ ਲੈ ਗਿਆ ਜਿਥੇ ਉਸਦੇ ਢਾਈ ਦੇ ਢਾਈ ਖੇਤ ਵੇਈਂ ਉੱਚੀ ਹੋ ਜਾਣ ਕਾਰਨ ਛੱਪੜ ਬਣੇ ਹੋਏ ਸਨ। ਇਸ ਹੀ ਪਿੰਡ ਦਾ ਬੀਰਾ ਬਲਵੀਰ ਜੋ ਵੇਈਂ ਤੇ ਬੱਕਰੀਆਂ ਚਾਰਦਾ ਤੇ ਉਸਦੀਆਂ ੨੫ ਵਿਚੋਂ ੧੦ ਬੱਕਰੀਆਂ ਵੇਈਂ ਦਾ ਜ਼ਹਿਰੀਲਾ ਪਾਣੀ ਪੀ ਕੇ ਮਰ ਗਈਆਂ ਹਨ ਤੇ ਉਸਨੂੰ ਵੇਈਂ ਦੇ ਗੰਦੇ ਤੇ ਜ਼ਹਿਰੀਲੇ ਪਾਣੀ ਵਿਚ ਲੰਘਣ ਕਾਰਨ ਚਮੜਸ (ਐਗਜ਼ੀਮਾ) ਹੋ ਗਿਆ ਹੈ।

ਨਸੀਰਪੁਰ ਵੇਈਂ ਤੋਂ ਅੱਧਾ ਕਿਲੋਮੀਟਰ ੧੨੦੦ ਲੋਕਾਂ ਦਾ ਪਿੰਡ ਹੈ। ਇਸ ਪਿੰਡ ਦੇ ਮਹਿੰਦਰ ਸਿੰਘ ਫੌਜੀ ਨੇ ਕਿਹਾ ਕਿ ਦੋ ਮਹੀਨੇ ਛੁਟੀ ਕੱਟਣ ਆਈ ਦਾ ਪਰ ਬਦਬੂ ਏਨੀ ਜ਼ਿਆਦਾ ਆਉਂਦੀ ਹੈ ਕਿ ਅਸੀਂ ਗਰਮੀਆਂ ਵਿਚ ਕੋਠਆਂ ਤੇ ਸੌਂ ਨਹੀਂ ਸਕਦੇ।

ਨੱਲ ਪਿੰਡ ਦੇ ਬਿਜ਼ਨਸ ਮੈਨਜਮੈਂਟ ਵਿਚ ਪੋਸਟ ਗਰੇਜੂਏਟ ਬਲਕਾਰ ਸਿੰਘ ਸਰਪੰਚ ਨੇ ਦੱਸਿਆ ਕਿ ਫ਼ਸਲਾਂ ਨੂੰ ਲਾਉਣ ਵਾਲਾ ਪਾਣੀ ਤਾਂ ਛੱਡੋ, ਪੀਣ ਵਾਲਾ ਪਾਣੀ



Sri Satguru Jagjit Singh Ji eLibrary NamdhariElibrary@gmail.com

ਵੇਈਂ ਤੋਂ ਪੰਜ-ਪੰਜ ਕਿਲੋਮੀਟਰ ਤੱਕ ਖਰਾਬ ਹੋ ਚੁੱਕਾ ਹੈ ਜੋ ਥੋੜ੍ਹੀ ਦੇਰ ਪਿਆ ਰਹਿਣ ਤੇ ਮੁਸ਼ਕ ਮਾਰਨ ਲੱਗ ਪੈਂਦਾ ਹੈ।

ਮਾਸਟਰ ਪਰਵਿੰਦਰ ਸਿੰਘ ਮਹਿਮੂਵਾਲ ਨੇ ਕਿਹਾ ਕਿ ਵੇਈਂ ਨਾਲ ਲਗਦੀਆਂ ਜ਼ਮੀਨਾਂ ਵਾਲਿਆਂ ਨੇ ਵੇਈਂ ਤੋਂ ਦਰਖਤ ਕੱਟ ਲਏ ਹਨ। ਜਿਸ ਕਰਕੇ ਮਿੱਟੀ ਖੁਰ ਖੁਰ ਵੇਈਂ ਉੱਚੀ ਹੋ ਗਈ ਹੈ। ਤੇ ਵੇਈਂ ਦਾ ਪਾਣੀ ਝੱਟ ਹੀ ਪਿੰਡਾਂ ਵਿਚ ਆਣ ਚੜ੍ਹਦਾ ਹੈ।

ਨਵਾਂ ਪਿੰਡ ਖਾਨੇਵਾਲ ਜੋ ਲੋਹੀਆਂ, ਸ਼ਾਹਕੋਟ ਸੜਕ ਤੇ ਵੇਈਂ ਦੇ ਬਿਲਕੁਲ ਉੱਪਰ ਸਥਿਤ ਹੈ। ੫੦ ਸਾਲਾ ਜੀਤ ਕੌਰ ਪਤਨੀ ਬਚਨ ਸਿੰਘ ਨੇ ਦੱਸਿਆ ਕਿ ਗੋਹਾ ਪੱਥਦੀ ਨੂੰ ਘਰੋਂ ਸੁਨੇਹਾ ਆ ਗਿਆ ਕਿ ਉਹਨਾਂ ਦੇ ਰਿਸ਼ਤੇਦਾਰ ਆਏ ਹਨ ਤੇ ਉਸਨੇ ਕਾਹਲੀ ਵਿਚ ਵੇਈਂ ਵਿਚ ਹੀ ਹੱਥ ਤੇ ਬਾਹਾਂ ਧੋ ਲਈਆਂ। ਉਦੋਂ ਤੋਂ ਹੀ ਉਸਦੀਆਂ ਬਾਹਾਂ ਤੇ ਹੱਥਾਂ ਦੀ ਚਮੜੀ ਖਰਾਬ ਹੋਈ ਹੋਈ ਆ।

ਮੁਰੀਦਵਾਲ ਦੇ ਸਰਪੰਚ ਗੁਰਮੀਤ ਸਿੰਘ ਨੇ ਦਸਿਆ ਕਿ ਬਾਰਾਂ ਸੌ ਦੀ ਅਬਾਦੀ ਦਾ ਇਹ ਪਿੰਡ ਸੌ ਮੀਟਰ ਦੀ ਦੂਰੀ ਤੇ ਵਸਿਆ ਹੈ। ਹੜ੍ਹਾਂ ਵਿਚ ਸਾਰਾ ਪਿੰਡ ਪਾਣੀ ਦੀ ਲਪੇਟ ਵਿਚ ਆ ਜਾਂਦਾ। ਪਾਣੀ ਵਿਚ ਰੁੜ੍ਹ ਕੇ ਆਏ ਸੱਪ ਘਰਾਂ ਵਿਚ ਆ ਵੜਦੇ ਹਨ। ਫਸਲਾਂ ਖਾਸਕਰ ਝੋਨੇ ਅਤੇ ਪੱਠਿਆਂ ਉਤੇ ਗੰਦ ਅਤੇ ਪਲਾਸਟਿਕ ਪੇਪਰ ਜੰਮ ਜਾਂਦੇ ਹਨ। ਹੜ੍ਹਾਂ ਦਾ ਪਾਣੀ ਨਿਕਲ ਜਾਣ ਤੋਂ ਬਾਅਦ ਫਸਲਾਂ ਮੁਸ਼ਕ ਮਾਰਨ ਲਗ ਪੈਂਦੀਆਂ ਹਨ ਤੇ ਸੜ ਜਾਂਦੀਆਂ ਹਨ।

ਲੋਹੀਆਂ ਇਲਾਕੇ ਵਿਚ ਪੈਂਦੇ ਪਿੰਡ ਗਿੱਦੜਪਿੰਡੀ, ਜਲਾਲਪੁਰ, ਸਿੱਧੂਪੁਰ ਮਾਣਕ, ਫੂਲ ਘੁੱਦੂਵਾਲ, ਨਵਾਂ ਪਿੰਡ ਦੋਨੇਵਾਲ, ਟੁਰਨਾ, ਅਲੀਵਾਲ, ਸੇਦਾ, ਲਸੂੜੀ, ਸਿਦੜ, ਮੱਖੀ ਬਾਦਸ਼ਾਹਪੁਰ, ਈਸੇਵਾਲ, ਕਾਸੂਪੁਰ, ਮਲੀਵਾਲ ਵੇਈਂ ਤੋਂ ਅੱਧਾ-ਅੱਧਾ ਕਿਲੋਮੀਟਰ ਤੇ ਵਸੇ ਤੀਹ-ਪੈਂਤੀ ਹਜ਼ਾਰ ਆਬਾਦੀ ਦੇ ਇਹ ਪਿੰਡ ਵੇਈਂ ਦੀ ਮਾਰ ਤੋਂ ਸਿਧੇ ਪ੍ਰਭਾਵਿਤ ਹਨ।

ਮਲਸੀਆਂ ਲਾਗੇ ਬਣੀ ਗੱਤਾ ਮਿੱਲ ਨੇ ਆਪਣਾ ਨਿਕਾਸੀ ਪਾਣੀ ਤਿੰਨ ਕਿਲੋਮੀਟਰ ਤੋਂ ਅੰਡਰ-ਗਰਾਊਂਡ ਕਰਕੇ ਵੇਈਂ ਵਿਚ ਸੁਟਿਆ ਹੈ, ਜਿਸ ਦੀ ਸੜ੍ਹਿਆਂਦ ਕਾਂਗਣਾ ਸਗਰੀਵਾਲ, ਸੀਰੋਂਵਾਲ, ਗਿੱਲਾਂ, ਖਾਨਪੁਰ, ਵੱਡਾ ਹੁੰਦਲ ਨੂੰ ਸਿਧਾ ਪ੍ਰਭਾਵਿਤ ਕਰਦੀ ਹੈ।

ਉੱਚੀਆਂ ਤੇ ਨੀਵੀਆਂ ਮੱਲ੍ਹੀਆਂ ਵੇਈਂ ਤੋਂ ਦੋ ਸੌ ਮੀਟਰ ਦੀ ਦੂਰੀ ਤੇ ਵਸੇ ਹੋਏ ਹਨ। ਮਾਸਟਰ ਸਵਰਨ ਸਿੰਘ ਦਾ ਕਹਿਣਾ ਹੈ ਕਿ ਮੁਸ਼ਕ ਅਤੇ ਮੱਛਰਾਂ ਦੀ ਭਰਮਾਰ ਹੋਣ ਕਰਕੇ ਅਨੇਕਾਂ ਬੀਮਾਰੀਆਂ ਲੋਕਾਂ ਨੂੰ ਲੱਗੀਆਂ ਹੋਈਆਂ ਹਨ।

ਖੋਸਿਆਂ ਦੇ ਮਿਸਤਰੀ ਗੁਰਦਾਸ ਨੇ ਦਸਿਆ ਕਿ ਜਹਾਂਗੀਰ ਪਿੰਡ ਦੀ ਜ਼ਮੀਨ ਵੇਈਂ ਦੇ ਆਰ-ਪਾਰ ਹੋਣ ਕਰਕੇ ਲੋਕਾਂ ਨੂੰ ਕਈ ਵਾਰ ਇਸ ਵਿਚੋਂ ਮਜਬੂਰੀ-ਵੱਸ ਲੰਘਣਾ ਪੈ ਜਾਂਦਾ ਹੈ, ਜਿਸ ਕਰਕੇ ਉਹਨਾਂ ਨੂੰ ਖੁਰਕ ਪੈ ਜਾਂਦੀ ਹੈ।

ਕੰਗ ਸਾਹਿਬ ਰਾਇ ਦੇ ੬੦ ਸਾਲਾ ਸੋਹਣ ਸਿੰਘ ਨੇ ਆਪਣੀਆਂ ਵੇਈਂ ਦੇ ਪਾਣੀ ਨਾਲ ਖਰਾਬ ਹੋਈਆਂ ਲੱਤਾਂ ਵਿਖਾਈਆਂ, ਜੋ ਕਿ ਡੰਗਰ ਚਾਰਨ ਵੇਲੇ ਪਾਣੀ ਵਿਚੋਂ ਲੰਘਣ ਕਾਰਨ ਗਲੀਆਂ ਪਈਆਂ ਹਨ। ਇਥੋਂ ਦੇ ਗਰੰਥੀ ਨੇ ਵੀ ਦਸਿਆ ਕਿ ਸਾਰੇ ਇਲਾਕੇ ਦੇ ਲੋਕਾਂ ਨੂੰ ਖਾਰਸ਼ ਦੀ ਸ਼ਕਾਇਤ ਹੈ। ਲੋਕ ਹਰ ਐਤਵਾਰ ਗੁਰਦੁਆਰਾ ਸਾਹਿਬ ਇਸ਼ਨਾਨ ਕਰਨ ਆਉਂਦੇ ਹਨ।

ਤਲਵੰਡੀ ਭਰੋ ਤੇ ਸਹਿਮ ਵੇਈਂ ਤੋਂ ਇਕ ਕਿਲੋਮੀਟਰ ਤੇ ਵਸੇ ਹੋਏ ਪਿੰਡ ਹਨ। ਸਹਿਮ ਦੇ ਸਰਪੰਚ ਵੀਰ ਸਿੰਘ ਨੇ ਕਿਹਾ, ਅਸੀਂ ਲੋਕ ਗੰਦਗੀ ਦੇ ਆਦੀ ਹੋ ਚੁਕੇ ਹਾਂ, ਕਰ ਵੀ ਕੀ ਸਕਦੇ ਹਾਂ।

ਵੇਈਂ ਤੋਂ ਪੰਜ ਸੌ ਮੀਟਰ ਦੀ ਦੂਰੀ ਤੇ ਛੋਟੇ ਜਿਹੇ ਪਿੰਡ ਅਵਾਣਾਂ ਦੇ ਸਰਪੰਚ ਗੁਰਮੇਜ ਸਿੰਘ ਨੇ ਕਿਹਾ ਕਿ ਪਹਿਲਾਂ-ਪਹਿਲਾਂ ਅਸੀਂ ਵੇਈਂ ਦਾ ਪਾਣੀ ਚੁਕ ਕੇ ਖੇਤਾਂ ਨੂੰ ਲਾਉਂਦੇ ਸੀ ਫਸਲਾਂ ਚੰਗੀਆਂ ਹੁੰਦੀਆਂ ਸਨ, ਪਰ ਹੁਣ ਜ਼ਮੀਨਾਂ ਵਿਚ ਕੱਲਰ ਪੈਣਾ ਸ਼ੁਰੂ ਹੋ ਗਿਆ ਹੈ।

ਕੰਗ ਸਾਹਬੂ ਡੇਰੇ ਤੇ ਰਹਿੰਦੀ ਬੀਬੀ ਜਸਵੀਰ ਕੌਰ ਨੇ ਦਸਿਆ ਕਿ ਮੇਰਾ ਪੇਕਾ ਪਿੰਡ ਤੇ ਸਹੁਰਾ ਪਿੰਡ ਵੇਈਂ ਉਤੇ ਹੀ ਹਨ। ਡਾਕਟਰ ਕਹਿੰਦੇ ਹਨ ਕਿ ਇਸ ਗੰਦੇ ਵਾਤਾਵਰਣ ਕਰਕੇ ਹੀ ਤੈਨੂੰ ਦਮੇ ਤੇ ਚਮੜੀ ਦੀਆਂ ਬੀਮਾਰੀਆਂ ਹਨ। ਉਸ ਦੇ ਕਹਿਣ ਮੁਤਾਬਿਕ ਜਦੋਂ ਉਹ ਕੁਝ ਦਿਨ ਵੇਈਂ ਤੋਂ ਦੂਰ ਚਲੇ ਜਾਂਦੀ ਹੈ ਤਾਂ ਕੁਝ ਆਰਾਮ ਮਹਿਸੂਸ ਕਰਦੀ ਹੈ। ਇਕ ਵਾਰੀ ਉਹ ਇੰਗਲੈਂਡ ਚਲੇ ਗਈ ਉਥੇ ਉਸਨੂੰ ਕੋਈ ਦਵਾਈ ਵੀ ਨਹੀਂ ਖਾਣੀ ਪਈ। ਹੁਣ ਉਸ ਦੀ ਨੂੰਹ ਨੂੰ ਵੀ ਅਲਰਜੀ ਦੀ ਸ਼ਕਾਇਤ ਹੈ। ਡਾਕਟਰ ਦਾ ਕਹਿਣਾ ਹੈ ਕਿ ਤੁਸੀਂ ਵੇਈਂ ਤੋਂ ਦੂਰ ਘਰ ਬਣਾਓ।

ਕੰਗ ਸਾਹਬੂ ਪੁਲ ਦੇ ਨਾਲ ਹੀ ਇਕ ਗੱਤਾ ਮਿੱਲ ਲਗ ਗਈ ਹੈ, ਜਿਸ ਦਾ ਨਿਕਾਸੀ ਪਾਣੀ ਵੀ ਵੇਈਂ ਵਿਚ ਪਾ ਦਿਤਾ ਗਿਆ ਹੈ, ਜੋ ਸਰਦੀਆਂ ਵਿਚ ਜ਼ਹਿਰੀਲੀ ਭਾਫ


Sri Satguru Jagjit Singh Ji eLibrary NamdhariElibrary@gmail.com

ਛੱਡਦਾ ਹੈ। ਸੜਕ ਤੋਂ ਲੰਘਣ ਵਾਲੇ ਹਜ਼ਾਰਾਂ ਲੋਕਾਂ ਨੂੰ ਹਰ ਰੋਜ਼ ਪ੍ਰਭਾਵਿਤ ਕਰਦਾ ਹੈ।

ਟੁੱਟ ਕਲਾਂ, ਹੇਰਾਂ, ਸੈਦੂਪੁਰ, ਮੁੰਧਾਂ ਦੇ ਲੋਕ ਇਸ ਗੰਦੇ ਮੁਸ਼ਕ ਤੋਂ ਸਿਧੇ ਪ੍ਰਭਾਵਿਤ ਹਨ। ਮੁੰਧ ਦੇ ਹੰਸ ਰਾਜ ਦਾ ਕਹਿਣਾ ਹੈ—ਅੱਗੇ ਤਾਂ ਵੇਈਂ ਵਿਚੋਂ ਮੱਛੀਆਂ ਫੜ ਲਈਦੀਆਂ ਸਨ...ਪਰ ਹੁਣ ਪਾਣੀ ਜ਼ਹਿਰੀਲਾ ਹੋਣ ਕਰਕੇ ਮੱਛੀਆਂ ਤਾਂ ਇਕ ਪਾਸੇ ਕੱਛੂ ਪਰੇਤਾਂ ਤੇ ਮੁਰਗਾਬੀਆਂ ਵੀ ਵੇਈਂ ਵਿਚ ਨਹੀਂ ਰਹੀਆਂ। ਸਗੋਂ ਜ਼ਹਿਰੀਲੇ ਕੀੜੇ ਪੈਦਾ ਹੋ ਗਏ ਹਨ, ਜੋ ਲੜ ਕੇ ਧੱਫੜ ਪਾ ਦਿੰਦੇ ਹਨ।

ਪ੍ਰਤਾਪਰੇ ਦੀ ਮੈਡੀਕਲ ਗਰੈਜੂਏਟ ਬੀਬੀ ਰਛਪਾਲ ਕੌਰ ਨੇ ਦਸਿਆ ਕਿ ਸਵੇਰੇ ਸਵੇਰੇ ਤਿੰਨ ਕਿਲੋਮੀਟਰ ਤੋਂ ਵੀ ਗੰਦੀ ਬਦਬੂ ਆਉਂਦੀ ਹੈ। ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਵੇਈਂ ਨਾਲ ਲਗਦੀ ਸਾਡੀ ਜ਼ਮੀਨ ਦੇ ਪਾਈਪ ਤੇਜ਼ਾਬੀ ਪਾਣੀ ਹੋਣ ਕਰਕੇ ਬਾਰ-ਬਾਰ ਗਲ ਰਹੇ ਹਨ।

ਸਕੂਲਾਂ ਵਿਚ ਛੁੱਟੀਆਂ ਹੋਣ ਕਰਕੇ ਵਿਹਲੇ ਫਿਰਦੇ ਉਦੋਂਪੁਰ ਦੇ ਅੱਠਵੀਂ ਵਿਚ ਪੜ੍ਹਦੇ ਮਨਜੀਤ ਤੇ ਜਸਵੀਰ ਅਤੇ ਦਸਵੀਂ ਵਿਚ ਪੜ੍ਹਦੇ ਲਖਵਿੰਦਰ ਸਿੰਘ ਨੇ ਸਾਨੂੰ ਦਸਿਆ ਕਿ ਜੇਕਰ ਵੇਈਂ ਗੰਦੀ ਨਾ ਹੁੰਦੀ ਤਾਂ ਅਸੀਂ ਵੇਈਂ ਵਿਚ ਚੁੱਭੀਆਂ ਲਾਇਆ ਕਰਨੀਆਂ ਸੀ। ਇਸੇ ਹੀ ਪਿੰਡ ਦੇ ਸਹਾਇਕ ਵੈਟਰੇਨਰੀ ਡਾਕਟਰ ਮੇਜਰ ਸਿੰਘ ਨੇ ਦਸਿਆ ਕਿ ਵੇਈਂ ਦੇ ਲਾਗੇ ਦੇ ਪਸ਼ੂਆਂ ਨੂੰ ਹੀ ਜ਼ਿਆਦਾ ਅਹੀਰਾਂ ਤੇ ਫੋੜੇ ਨਿਕਲਦੇ ਹਨ। ਅਜੀਤ ਸਿੰਘ ਉਦੋਂਪੁਰ ਨੇ ਦਸਿਆ ਕਿ ਨਲਕਿਆਂ ਦਾ ਪਾਣੀ ਤੇਜ਼ਾਬੀ ਹੋ ਚੁਕਾ ਹੈ, ਜਿਸ ਕਰਕੇ ਸਰੀਰ ਵਿਚ ਪੱਥਰੀਆਂ ਹੋ ਰਹੀਆਂ ਹਨ। ਨਲਕਿਆਂ ਦੇ ਪਾਈਪ ਤੇ ਗੀਜ਼ਰ ਗਲ ਰਹੇ ਹਨ। ਬਰਸਾਲ, ਮੀਰਾਪੁਰ, ਹਮੀਰੀ ਖੇੜਾ, ਫਤਹਿਪੁਰ ਵੇਈਂ ਤੋਂ ਸਿਧੇ ਪ੍ਰਭਾਵਿਤ ਪਿੰਡ ਹਨ।

ਖੁਣਖੁਣ ਦੀ ਸਰਪੰਚ ਬੀਬੀ ਗੁਰਬਖਸ਼ ਕੌਰ ਦਾ ਕਹਿਣਾ ਹੈ ਕਿ ਜਦੋਂ ੨੦ ਸਾਲ ਪਹਿਲਾਂ ਵੇਈਂ ਸੌ ਮੀਟਰ ਤੇ ਵਗਦੀ ਸੀ ਤਾਂ ਨਦੀ ਲਗਦੀ ਸੀ। ਜ਼ਿਮੀਂਦਾਰ ਕੋਠੀਆਂ ਪਾਕੇ ਵੇਈਂ ਦੇ ਨਾਲ ਨਾਲ ਬਹਿ ਗਏ। ਪਰ ਹੁਣ ਵੇਈਂ ਗੰਦੀ ਹੋ ਜਾਣ ਕਰਕੇ ਸਾਡਾ ਜਿਊਣਾ ਨਰਕ ਹੋਇਆ ਪਿਆ ਹੈ। ਕੋਈ ਰਿਸ਼ਤੇਦਾਰ ਸਾਡੇ ਕੋਲ ਰਾਤ ਠਹਿਰਨ ਲਈ ਤਿਆਰ ਨਹੀਂ ਹੁੰਦਾ। ਇਸੇ ਤਰ੍ਹਾਂ ਦੀ ਸ਼ਕਾਇਤ ਸਮਰਾਏ ਪਿੰਡ ਦੇ ਮਾਸਟਰ ਬਲਵਿੰਦਰ ਸਿੰਘ ਨੇ ਕੀਤੀ ਹੈ ਕਿ ਉਸਦਾ ਪੁਤਰ ਪਵਿੱਤਰ ਸਿੰਘ ਅਮਰੀਕਾ ਤੋਂ ਆਪਣੇ ਪਰਿਵਾਰ ਸਮੇਤ ਇਥੇ ਆਇਆ। ਉਹਨੇ ਬੱਚਿਆਂ ਨੂੰ ਦਸਿਆ ਕਿ ਇਹ ਵੇਈਂ ਨਦੀ ਹੈ, ਤਾਂ ਬੱਚਿਆਂ ਨੇ ਉਸ ਦੀ ਖਿੱਲੀ ਉਡਾਈ ਤੇ ਕਿਹਾ—ਨਦੀ ਤਾਂ ਮੁਸ਼ਕ ਮਾਰਦੀ ਆ!

ਚੋਲਾਂਗ ਦੇ ਸਰਪੰਚ ਪਿਆਰਾ ਸਿੰਘ ਦੇ ਪੁਤਰ ਗੁਰਨਾਮ ਸਿੰਘ ਨੇ ਦਸਿਆ ਕਿ ਉਸਦੀਆਂ ਭੈਣਾਂ ਇਸ ਵੇਂਈ ਤੇ ਹੀ ਖੇਡਦੀਆਂ ਮੌਲਦੀਆ ਵੱਡੀਆਂ ਹੋਈਆਂ ਹਨ। ਹੁਣ ਉਹ ਕਨੇਡਾ, ਅਮਰੀਕਾ ਤੇ ਇੰਗਲੈਂਡ ਵਿਆਹੀਆਂ ਗਈਆਂ ਹਨ। ਪਿਛਲੇ ਦਿਨੀਂ ਉਹ ਇਥੇ ਆਈਆਂ ਤੇ ਵੇਈਂ ਦੇ ਮੁਸ਼ਕ ਤੋਂ ਬਹੁਤ ਪ੍ਰੇਸ਼ਾਨ ਹੋਈਆਂ। ਜਿਸ ਕਰਕੇ ਸਾਨੂੰ ਉਹਨਾਂ ਦੇ ਰਹਿਣ ਲਈ ਜਲੰਧਰ ਘਰ ਲੈਣਾ ਪਿਆ।

ਬਲਦੇਵ ਸਿੰਘ ਸੰਧੂ ਉਦੋਂਪੁਰ ਦਾ ਕਹਿਣਾ ਹੈ ਕਿ ਹੁਣ ਵੇਈਂ ਵਿਚ ਸ਼ਹਿਰੀ ਗੰਦੇ ਪਾਣੀ ਨਾਲ ਗਾਰ ਜੰਮਕੇ ਵੇਈਂ ਦਸ ਫੁਟ ਉੱਚੀ ਹੋ ਗਈ ਹੈ। ਵੇਈਂ ਦੀ ਜ਼ਮੀਨ ਵੀ ਲੋਕਾਂ ਦੇ ਵਾਹ ਲੈਣ ਕਰਕੇ ਥੋੜਾ ਜਿਹਾ ਮੀਂਹ ਪੈਣ ਤੇ ਹੀ ਪਾਣੀ ਪਿੰਡਾਂ ਵੱਲ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸੇ ਪਿੰਡ ਦੀ ੮੦ ਸਾਲਾ ਹੁਕਮ ਕੌਰ ਤੇ ਸਿੰਘ ਦੇ ਸ. ਮਲੂਕ ਸਿੰਘ ਦਾ ਕਹਿਣਾ ਹੈ ਕਿ ਵੇਈਂ ਦੇ ਕੰਢਿਆਂ ਤੇ ਮਾਘੀ, ਵਿਸਾਖੀ ਲੱਗਦੀ ਹੁੰਦੀ ਸੀ ਤੇ ਲੋਕ ਇਥੇ ਇਸ਼ਨਾਨ ਕਰਦੇ ਹੁੰਦੇ ਸੀ।

ਕੰਗਣੀ ਵਾਲ ਦੇ ਸਰਪੰਚ ਜੋਗਾ ਸਿੰਘ ਦੇ ਪਿਤਾ ਜੀਤ ਸਿੰਘ ਨੇ ਕਿਹਾ ਕਿ ਬੱਚੇ ਤੇ ਜ਼ਨਾਨੀਆਂ ਮੱਛਰਾਂ ਤੋਂ ਚੀਕਦੇ ਰਹਿੰਦੇ ਆ ਅਸੀਂ ਤਾਂ ਸ਼ਰਾਬ ਦਾ ਲੀਟਰ ਪੀ ਕੇ ਫਰਾਟ ਪੱਖੇ ਮੂਹਰੇ ਪਏ ਰਹੀਦਾ।

ਚੋਲਾਂਗ ਪਿੰਡ ਦੀ ਜ਼ਮੀਨ ਵਿਚ ਬੈਠੇ ਗੁਜਰ ਰਾਜੂ ਨੇ ਦੱਸਿਆ ਕਿ ਜਦੋਂ ਉਹ ਵੇਈਂ ਤੋਂ ਹਟਵੇਂ ਪਿੰਡ ਸ਼ੰਕਰ ਰਹਿੰਦੇ ਸਨ ਉਨ੍ਹਾਂ ਦੀਆਂ ਮੱਝਾਂ ਦਾ ਦੁੱਧ ਵਧੀਆ ਸੀ ਤੇ ਬੀਮਾਰੀ ਵੀ ਡੰਗਰਾਂ ਨੂੰ ਨਹੀਂ ਸੀ, ਪਰ ਜਦ ਦੇ ਇਸ ਪਿੰਡ ਵਿਚ ਆਏ ਹਨ। ਮੱਝਾਂ ਵੇਈਂ ਦਾ ਪਾਣੀ ਪੀ ਜਾਂਦੀਆਂ ਹਨ ਜਿਸ ਕਰਕੇ ਉਹਨਾਂ ਦੀਆਂ ਰਗਾਂ ਫੁਲ ਜਾਂਦੀਆਂ ਹਨ ਪੈਰਾਂ ਦੇ ਨੌਂਹ ਉਖੜ ਗਏ ਹਨ ਤੇ ਕਈਆਂ ਮੱਝਾਂ ਨੇ ਬੱਚੇ ਸੁਟ ਦਿਤੇ ਹਨ।

ਵੇਈਂ ਦੇ ਪਾਣੀ ਨਾਲ ਪਲੇ ਪੱਠੇ ਪਾਣ ਨਾਲ ਜੀਤੇ ਦੀਆਂ ਮੱਝਾਂ ਦੀਆਂ ਪੂਛਾਂ ਟੁਟ ਤੇ ਝੜ ਗਈਆਂ ਹਨ ਤੇ ਹੁਣ ਜੀਤਾ ਵਿਹੰਡਲ ਤੋਂ ਲਿਆ ਕੇ ਪਸ਼ੂਆਂ ਨੂੰ ਪੱਠੇ ਪਾਉਂਦਾ ਹੈ।

ਚੱਕ ਕਲਾਂ ਵਿਚ ਖੇਤੀਬਾੜੀ ਮਹਿਕਮੇ ਨੇ (ਗੰਦਾ ਪਾਣੀ ਸਿੰਚਾਈ ਸਕੀਮ) ਇਕ ਪੰਪ ਛੱਪੜ ਤੇ ਦੂਜਾ ਵੇਈਂ ਤੇ ਲਾਇਆ ਹੋਇਆ ਹੈ। ਜਿਸ ਤੇ ਸਾਢੇ ਦਸ ਲੱਖ ਖਰਚ



Sri Satguru Jagjit Singh Ji eLibrary NamdhariElibrary@gmail.com

ਆਇਆ ਹੈ। ਛੱਪੜ ਦਾ ਪਾਣੀ ਤਾਂ ਲੋਕ ਖੇਤਾਂ ਨੂੰ ਦੇ ਲੈਂਦੇ ਹਨ। ਪਰ ਅਜੇ ਤੱਕ ਕਿਸੇ ਵੀ ਜ਼ਿਮੀਦਾਰ ਨੇ ਵੇਈਂ ਦਾ ਪਾਣੀ ਖੇਤਾਂ ਨੂੰ ਨਹੀਂ ਲਾਇਆ। ਸਰਪੰਚ ਸ਼ਲਿੰਦਰ ਸਿੰਘ ਦਾ ਕਹਿਣਾ ਹੈ ਕਿ ਅਸੀਂ ਤਾਂ ਪਿੰਡ ਦਾ ਗੰਦਾ ਪਾਣੀ ਵੇਈਂ ਵਿਚ ਸੁਟਣਾ ਸੀ। ਵੇਈਂ ਦਾ ਗੰਦ ਆਪਣੇ ਪਿੰਡ ਵਿਚ ਆਉਣ ਨੂੰ ਤਾਂ ਪੰਜ ਲੱਖ ਲੋਕਾਂ ਕੋਲੋਂ ਇਕੱਠਾ ਕਰਕੇ ਨਹੀਂ ਦਿਤਾ।

ਪੀਰਪੁਰ, ਵਿਹਡਲ, ਪੰਡੋਰੀ, ਬਜੂਹਾ ਕਲਾਂ, ਬਜੂਹਾ ਖ਼ੁਰਦ, ਬੋਪਾਰਾਏ, ਗੋਹੀਰ ਦੇ ਲੋਕ ਵੀ ਸਿਧੇ ਵੇਈਂ ਤੋਂ ਪੀੜਤ ਹਨ।

ਦੀਵਾਲੀ, ਜਮਸ਼ੇਰ, ਖੇੜਾ, ਜੰਡਾਲੀ, ਦਾਦੂਲਾਲ, ਹਰਦੋਂ ਫਰਾਲਾ, ਰਾਮਪੁਰ, ਕੁਕੜ ਪਿੰਡ, ਖੁਸਰੋ ਪੁਰ, ਸੋਫੀ ਪਿੰਡ, ਅਲੀ ਪੁਰ, ਬੰਬੀਆਲ ਪਿੰਡਾ ਦੇ ਪੈਂਤੀ-ਚਾਲੀ ਹਜ਼ਾਰ ਲੋਕ ਚੁਫੇਰਿਉਂ ਜਲੰਧਰ ਛਾਉਣੀ ਦੇ ਗੰਦੇ ਨਾਲੇ ਅਤੇ ਵੇਈਂ ਦੀ ਗਰਿਫਤ ਵਿਚ ਆਏ ਹੋਏ ਹਨ।

ਚਹੇੜੂ ਦੇ ਲਾਗੇ ਹੱਡੀਆਂ ਦੀ ਮਿੱਲ ਤੋਂ ਵੇਈਂ ਦਾ ਮੁਸ਼ਕ ਰਲਕੇ ਜਰਨੈਲੀ ਸੜਕ ਤੋਂ ਲੰਘਣ ਵਾਲੇ ਲੱਖਾਂ ਲੋਕਾਂ ਨੂੰ ਨੱਕ ਘੁਟਣ ਲਈ ਮਜਬੂਰ ਕਰਦੇ ਹਨ।

ਵੇਈਂ ਦੇ ਨਾਲ ਲਗਦੇ ਖਜੂਰਲਾ, ਸੇਮੀ, ਈਸਰਵਾਲ ਨੌਲੀ, ਉੱਚਾ, ਬਹਾਨੀ, ਦੁਗਾਂ, ਡਮੇਲੀ, ਜਗਪਾਲਪੁਰ, ਰਾਣੀਪੁਰ, ਮਾਧੋਪੁਰ, ਰੌਲਪਿੰਡੀ, ਕੋਟਲੀ ਥਾਨ ਸਿੰਘ ਦੇ ਲੋਕ ਹਰ ਦੂਜੇ ਤੀਜੇ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦੇ ਹਨ।

ਢੱਡੇ, ਚੇਤਾ, ਲਾਦੀਆਂ, ਕੋਟਲਾ, ਕਟਾਰੀਆਂ, ਗੋਬਿੰਦਪੁਰ, ਪਠਲਾਵਾ ਦੇ ੧੫੦੦੦ ਲੋਕ ਸੈਲਾ ਖੁਰਦ ਦੀ ਗੱਤਾ ਮਿੱਲ ਦੇ ਨਿਕਾਸੀ ਗਰਮ ਜ਼ਹਿਰੀਲੇ ਪਾਣੀ ਦੀ ਸੜ੍ਹਆਂਦ ਤੋਂ ਸਿਧੇ ਪੀੜਤ ਹਨ।

ਪੱਦੀ ਸੂਰਾ ਸਿੰਘ, ਪੋਸੀ, ਮੋਰਾਂਵਾਲੀ, ਐਮਾ, ਨੂਰਪੁਰ, ਬਿਜੋ, ਲਦਾਣਾ ਉੱਚਾ, ਗੁਜਰਪੁਰ, ਪੱਦੀ ਮਟਵਾਲੀ, ਸੈਫਨਾ, ਮਾਣਕ-ਪੁਰਾਣਾ, ਲੱਖਪੁਰ, ਮਲਕਪੁਰ, ਬਾਲੋਂ ਇਹ ਪੰਦਰਾਂ ਪਿੰਡ ਨਵਾਂ ਸ਼ਹਿਰ ਦੀ ਸ਼ੂਗਰ ਮਿੱਲ ਤੇ ਸੀਵਰੇਜ ਦੀ ਗੰਦਗੀ ਕਾਰਨ ਦੁਖੀ ਹਨ। ਸਾਡੀ ਟੀਮ ਤੋਂ ਇਤਿਹਾਸਿਕ ਪਿੰਡ ਮੋਰਾਂਵਾਲੀ ਦਾ ਮਿਸਤਰੀ ਜਗ ਸਿੰਘ ਏਨਾ ਪ੍ਰਭਾਵਿਤ ਹੋਇਆ ਉਸਨੇ ਕਿਹਾ ਕਿ ਜੇ ਵੇਈਂ ਸਾਫ ਹੋ ਜਾਵੇ ਅਸੀਂ ਤਾਂ ਤੁਹਾਡੇ ਚਰਨ ਧੋ ਧੋ ਪੀਆਂਗੇ।

ਸਤਲੁਜ ਵਲੋਂ ਸੈਲੇ ਤਕ ਦੇ ਵੇਈਂ ਦੇ ਆਪਣੇ ਸਰਵੇ ਦੌਰਾਨ ਅਸੀਂ ਆਪਣੀਆਂ ਅੱਖਾਂ ਨਾਲ ਇਸ ਇਤਿਹਾਸਕ ਨਦੀ ਦੇ ਪਾਣੀਆਂ ਦਾ ਰੰਗ ਬਦਲਦਾ ਪ੍ਰਤੱਖ ਦੇਖਿਆ। ਜਿਸ ਤਰ੍ਹਾਂ ਬੜਵਾ ਬਗੋਰਾਂ ਕੋਲ ਪਾਣੀ ਬਿਲਕੁਲ ਸਾਫ ਤੇ ਨਿੱਤਰਿਆ ਹੋਇਆ ਸੀ, ਕਟਾਰੀਆਂ ਕੋਲ ਪਾਣੀ ਦਾ ਰੰਗ ਘਸਮੈਲਾ ਹੋ ਗਿਆ ਅਤੇ ਚਹੇੜੂ ਕੋਲ ਮਟੈਲਾ ਤੇ ਫਿਰ ਕੰਗਣੀਵਾਲ ਕੋਲ ਫਿੱਕਾ ਕਾਲਾ। ਕੰਗ ਸ਼ਾਹਬੂ ਕੋਲ ਸ਼ਾਹ ਕਾਲਾ। ਸਤਲੁਜ ਵਿਚ ਪੈਣ ਸਮੇਂ ਪਿੰਡ ਮੰਡਾਲੇ ਕੋਲ ਤਾਂ ਵੇਈਂ ਕੰਢੇ ਕੁਝ ਪਲਾਂ ਲਈ ਖੜੋਣਾ ਮੁਸ਼ਕਲ ਲਗਦਾ ਹੈ। ਪਰ ਧੰਨ ਹਨ ਉਹ ਲੋਕ ਜੋ ਵੇਈਂ ਦੇ ਕਿਨਾਰੀਂ ਜੀਅ ਰਹੇ ਹਨ।

ਇਸ ਸਰਵੇਖਣ ਦੌਰਾਨ ਅਸੀਂ ਕਿਤੇ ਵੀ ਜਲ ਜੀਵਾਂ ਦੀ ਕੋਈ ਵੀ ਕਿਸਮ, ਜਿਵੇਂ ਡੱਡੂ, ਕੱਛੂ, ਮੱਛੀਆਂ ਮੁਰਗਾਬੀਆਂ ਨਹੀਂ ਦੇਖੀ। ਸ਼ਾਇਦ ਪਸ਼ੂ-ਪੰਛੀ ਵੀ ਸਿਆਣੇ ਹੋਣ। ਤਿਹਾਇਆ ਕਾਂ, ਚਿੜੀ ਜਾਂ ਗਰਮੀ ਦੀ ਮਾਰੀ ਹੋਈ ਮੱਝ ਗਾਂ ਵੀ (ਗੁਜਰਾਂ ਤੋਂ ਸਿਵਾ) ਅਸੀਂ ਵੇਈਂ ਦੇ ਨੇੜੇ ਢੁਕਦੀ ਨਹੀਂ ਡਿੱਠੀ।

ਵੇਈਂ ਦਾ ਇਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਸਦੇ ਆਲੇ-ਦੁਆਲੇ ਦੀ ਇੰਚ-ਇੰਚ ਜਮੀਨ ਹਲ੍ਹਾਂ ਹੇਠ ਆ ਚੁੱਕੀ ਹੈ ਭਾਵੇਂ ਕਿ ਉਹਨਾਂ ਖੇਤਾਂ ਵਿਚ ਸਾਨੂੰ ਕਿਧਰੇ ਵੀ ਭਰਪੂਰ ਫਸਲ ਨਜਰੀਂ ਨਹੀਂ ਪਈ। ਵੇਈਂ ਦਾ ਪਾਟ ਖਤਰਨਾਕ ਹੱਦ ਤੱਕ ਘੱਟ ਗਿਆ ਹੈ ਤੇ ਇਹਦੇ ਆਲੇ-ਦੁਆਲੇ ਕਿਸੇ ਵੀ ਜੰਗਲ ਬੇਲਾ ਤਾਂ ਇਕ ਪਾਸੇ ਕਿਸੇ ਵੱਡੇ ਰੁੱਖ ਦਾ ਨਾਮੋ ਨਿਸ਼ਾਨ ਵੀ ਨਹੀਂ ਹੈ।

ਵੇਈਂ ਵਿਚ ਗਾਰ ਜੰਮਣ ਕਾਰਨ ਇਸਦੀ ਡੂੰਘਾਈ ਹੱਦ ਦਰਜੇ ਤੋਂ ਕਿਤੇ ਵੱਧ ਘਟ ਗਈ ਹੈ। ਤੇ ਅਸੀਂ ਵਿਸਾਖ ਮਹੀਨੇ ਵਿਚ ਵੀ ਪਿਛਲੇ ਵਰ੍ਹੇ ਵਿਚ ਹੋਈ ਹੜ੍ਹਾਂ ਦੀ ਮਾਰ ਦੇ ਸਬੂਤ ਪ੍ਰਤੱਖ ਦੇਖ ਸਕਦੇ ਹਾਂ।

ਸਾਨੂੰ ਤਾਂ ਇਸ ਸਰਵੇਖਣ ਦੌਰਾਨ ਇੰਝ ਜਾਪਿਆ ਹੈ ਕਿ ਇਹ ਚਿੱਟੀ ਵੇਈਂ ਨਹੀਂ ਇਹ ਤਾਂ ਕੋਈ ਨਰਕ ਦੀ ਬੇਤਰਨੀ ਨਦੀ ਹੈ ਜਿਸ ਵਿਚੋਂ ਲੰਘਣ ਵਾਲਾ ਸ਼ਾਇਦ ਹੀ ਕੋਈ ਸਹੀ ਸਲਾਮਤ ਪਰਲੇ ਪਾਰ ਪੁਜੇ। ਆਲਾ-ਦੁਆਲਾ, ਭੋਇੰ ਦੀ ਰੰਗਲੀ ਹਵਾ ਦੀ ਵਾਸ਼ਨਾ, ਪਾਣੀ ਦਾ ਸਰੂਪ, ਰੁਖਾ ਦੀ ਅਣਹੋਂਦ ਭਿਆਨਕ ਤੇ ਖਤਰਨਾਕ ਪੁਲ ਆਸੇ ਪਾਸੇ ਵੱਸਦੇ ਅਨੇਕਾਂ ਹੀ ਪਿੰਡਾਂ ਦੇ ਆਫਤਾਂ ਮਾਰੇ ਵਸਨੀਕ ਇਸ ਤੱਥ ਦੀ ਗਵਾਹੀ ਭਰ ਰਹੇ ਹਨ ਕਿ ਅਖੌਤੀ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਵਿਚ ਉੱਨਤੀ ਨਹੀਂ ਬਰਬਾਦੀ ਹੋਈ ਹੈ। ਉਜਾੜਾ ਹੋਇਆ, ਲੋਕ ਲੋੜਾਂ ਨੂੰ ਮਨੁੱਖੀ ਹੱਕਾਂ ਨੂੰ ਅਣਦੇਖੇ ਕਰਦੇ ਹੋਏ ਸਿਰਫ ਨਾਹਰੇਬਾਜ਼ੀ ਤੇ ਸਿਆਸਤ ਦੀ ਖੇਡ ਖੇਡੀ ਜਾਂਦੀ ਰਹੀ ਹੈ। )=(



Sri Satguru Jagjit Singh Ji eLibrary NamdhariElibrary@gmail.com

# ਗੁਰਭਜਨ ਗਿੱਲ ਦੀਆਂ ਤਿੰਨ ਗ਼ਜ਼ਲਾਂ



(੧)

ਵੱਢਿਆ ਟੁੱਕਿਆ ਜਿਸਮ ਪਿਆ ਹੈ ਰੋਜ਼ ਦੀਆਂ ਘਟਨਾਵਾਂ ਨਾਲ !
ਕਿੱਦਾਂ ਅੱਖ ਮਿਲਾਵਾਂ ਯਾਰੋ, ਅੱਜ ਮੈਂ ਪੰਜ ਦਰਿਆਵਾਂ ਨਾਲ ।

ਬੰਸਰੀਆਂ ਦੇ ਪੋਰ 'ਚ ਸਿੱਕਾ ਭਰ ਦਿੱਤਾ ਹੈ ਵਕਤਾਂ ਨੇ,
ਨੱਚਦੇ ਨੱਚਦੇ ਮੋਰ ਸਹਿਮ ਗਏ, ਕਿਹੜਾ ਸਾਜ਼ ਵਜਾਵਾਂ ਨਾਲ ।

ਖੜ੍ਹੀਆਂ ਫ਼ਸਲਾਂ, ਕੱਚੇ ਕੋਠੇ ਕਿਉਂ ਢਾਹੁੰਦੇ ਹੋ ਕਮਜ਼ਰਫ਼ੋ,
ਆਉ ਯਾਰੋ ਗੱਲ ਤਾਂ ਕਰੀਏ ਸੁੱਕ ਰਹੇ ਦਰਿਆਵਾਂ ਨਾਲ ।

ਨੇਰ੍ਹੇ ਦੇ ਵਿਚ ਜੰਮੇ ਜਾਏ, ਕਿੱਸਰਾਂ ਸੱਚ ਪਛਾਨਣਗੇ,
ਸੂਰਜ ਦੇ ਵੱਲ ਮੂੰਹ ਕਰਿਆਂ ਬਿਨ ਨਹੀਂ ਤੁਰਦਾ ਪਰਛਾਵਾਂ ਨਾਲ ।

ਰਿਸ਼ਤੇ ਦੀ ਚਾਦਰ ਦੀਆਂ ਲੀਰਾਂ ਖਿੱਲਰ ਗਈਆਂ ਏਸ ਤਰ੍ਹਾਂ,
ਚਾਰ ਕਦਮ ਨਹੀਂ ਤੁਰ ਕੇ ਰਾਜ਼ੀ ਸੱਕੀ ਭੈਣ ਭਰਾਵਾਂ ਨਾਲ ।

ਸੁਰ ਦੀ ਮਹਿਫ਼ਲ ਦੇ ਵਿਚ ਆ ਕੇ ਕੀ ਸੋਚੇਗਾ ਤਾਨਸੇਨ,
ਸਾਰੀ ਫੌਜ ਵਜੰਤਰੀਆਂ ਦੀ, ਜਾ ਬੈਠੀ ਏ ਕਾਂਵਾਂ ਨਾਲ ।

ਜਿਹੜਾ ਫੁੱਲ ਖੁਸ਼ਬੋਈ ਵਾਲਾ, ਹਰ ਸੂਰਤ ਵਿਚ ਮਹਿਕੇਗਾ,
ਇਹ ਨਹੀਂ ਹਟਣਾ ਬਾਗਬਾਨ ਜੀ, ਡਾਢੀਆਂ ਸਖਤ ਸਜ਼ਾਵਾਂ ਨਾਲ ।

ਅੰਨਾ ਬੰਦਾ ਵੀ ਬੁੱਝ ਲੈਂਦੈ, ਪੈੜਚਾਲ ਦੇ ਲਹਿਜੇ ਤੋਂ,
ਕਿਹੜਾ ਬੰਦਾ ਸਾਂਝ ਪੁਗਾਵੇ ਕਿਸ ਤਰ੍ਹਾਂ ਦੇ ਰਾਹਵਾਂ ਨਾਲ !

ਸਾਰੇ ਚੌਂਕ ਚੁਰਸਤੇ ਮੱਲੇ ਕਾਲੇ ਫਨੀਅਰ ਨਾਗਾਂ ਨੇ,
ਯਤਨ ਕਰ ਰਿਹਾ ਕੀਲਾਂ ਲਵਾਂ ਮੈਂ, ਗ਼ਜ਼ਲਾਂ ਤੇ ਕਵਿਤਾਵਾਂ ਨਾਲ !

੧੧੩ ਐਫ., ਸ਼ਹੀਦ ਭਗਤ ਸਿੰਘ ਨਗਰ,
ਮਾਡਲ ਟਾਊਨ, ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

## (੨)

### ਇਲਿਆਸ ਘੁੰਮਣ ਦੇ ਨਾਂਅ

ਜ਼ਿੰਦਗੀ ਕਿਸ ਦੋਸ਼ ਬਦਲੇ ਦੇ ਗਈ ਕਰੜੀ ਸਜ਼ਾ,
ਪਹਿਲਾਂ ਵਾਅ ਨੇ ਟਾਹਣ ਤੋੜੇ ਫਿਰ ਜੜ੍ਹਾਂ ਤੋਂ ਪੁੱਟਿਆ।

ਮੇਰੀ ਮਾਂ ਭੁੱਲਦੀ ਨਹੀਂ ਅੱਧੀ ਸਦੀ ਪਹਿਲਾਂ ਦੀ ਬਾਤ,
ਇਕ ਛੰਨਾ ਪੋਣੇ ਬੱਧੀ ਰੋਟੀ ਕੁੱਤਾ ਲੈ ਗਿਆ।

ਕਸਰ ਤੂੰ ਛੱਡੀ ਨਾ ਕੋਈ ਅੱਗ ਲਾ ਛੱਡੀ ਹਵਾ,
ਫੇਰ ਵੀ ਤੂੰ ਵੇਖ ਕਿੱਦਾਂ ਝੂਮਦਾ ਜੰਗਲ ਹਰਾ।

ਸਿਰ ਦੀ ਚੁੰਨੀ ਲਾਸ਼ ਪੁੱਤਰ ਦੀ ਤੇ ਪਾ ਅੱਗੇ ਤੁਰੀ,
ਏਸ ਤੋਂ ਵਧ ਕੇ ਭਲਾ ਹੋਵੇਗੀ ਕਿਹੜੀ ਕਰਬਲਾ ?

ਜਿਸ ਨੂੰ ਤੂੰ ਆਖੇਂ ਆਜ਼ਾਦੀ ਲੱਭ ਲੈ ਕਿਧਰ ਗਈ ?
ਉਹ ਤਾਂ ਸੀ ਇਕ ਖ਼੍ਵਾਬ ਰਾਤੀਂ ਆਇਆ ਆਕੇ ਤੁਰ ਗਿਆ।

ਰੰਗ ਬਦਲੇ, ਢੰਗ ਨਾ ਬਦਲੇ, ਨਾ ਕਿਸੇ ਬਦਲੇ ਵਿਧਾਨ,
ਕੁਰਸੀਆਂ 'ਤੇ ਕਾਲਾ ਧਨ ਚਿਹਰਾ ਬਦਲਕੇ ਬਹਿ ਗਿਆ।

ਬੰਦਿਆਂ ਤੇ ਰੋਕ, ਸਰਹੱਦ, 'ਤਾਰ ਕੰਡਿਆਲੀ ਖੜ੍ਹੀ,
ਕੌਣ ਡੱਕ ਸਕਦੈ ਭਲਾਂ ਦੱਸ ਹਾਉਕਿਆਂ ਦਾ ਕਾਫ਼ਲਾ !

## (੩)

ਹਮਕਦਮ ਹੋਇਆ ਮੈਂ ਕਾਹਦਾ ਦੋ ਕੁ ਪਲ ਖੁਸ਼ਬੂ ਦੇ ਨਾਲ।
ਉਮਰ ਭਰ ਰਹਿਣੀ ਏ ਮੈਨੂੰ, ਨਰਗਸੀ ਫੁੱਲਾਂ ਦੀ ਭਾਲ।

ਮੈਂ ਸਧਾਰਨ ਆਦਮੀ ਆਇਆਂ ਭਰਾਵਾਂ ਪਿੰਡ ਤੋਂ;
ਸ਼ਹਿਰੀਆਂ ਦੇ ਵਾਂਗ ਨਾ ਜਾਣਾਂ ਮੈਂ ਬੁਣਨੇ ਸ਼ਬਦ-ਜਾਲ।

ਪਾਰਦਰਸ਼ੀ ਰਿਸ਼ਤਿਆਂ ਵਿਚ ਸ਼ਕਤੀਆਂ ਹੋਵਣ ਅਥਾਹ,
ਤੋੜ ਸਕੇ ਏਸ ਨੂੰ ਦੱਸੋ ਭਲਾ ਕਿਸ ਦੀ ਮਜਾਲ।

ਤੂੰ ਤਾਂ ਬੱਸ ਏਨਾ ਕਿਹਾ ਸੀ, ਲੱਭ ਦੇਹ ਚੌਦਾਂ ਰਤਨ,
ਇਹ ਤਾਂ ਮੇਰਾ ਝੱਲ ਸੀ, ਦਿੱਤੇ ਜਿੰਨੇ ਸਾਗਰ ਹੰਗਾਲ।

ਧਰਤ ਅੰਬਰ ਚੰਨ ਸੂਰਜ, ਫੋਲ ਕੇ ਫੁੱਲਿਆ ਫਿਰੇਂ,
ਏਸ ਤੋਂ ਵੱਖਰੇ ਪਏ ਨੇ, ਅਣਕਹੇ ਲੱਖਾਂ ਸੁਆਲ।

ਮੈਂ ਜਦੋਂ ਵੀ ਪਿੰਡ ਜਾਣੋਂ ਹਰ ਗਿਆ ਤਾਂ ਸਮਝਣਾ,
ਚੌਖਟੇ ਵਿਚ ਬੰਦ ਬੈਠਾ ਹੈ ਕੁਈਂ ਰੂਹ ਦਾ ਕੰਗਾਲ।

ਸੂਰਮ ਫੁੱਲਾਂ ਨਾਲ ਭਰ ਜਾਏਗੀ ਇਕ ਦਿਨ ਵੇਖਣਾ,
ਮੈਂ ਹੁਣੇ ਜੋ ਲਾ ਕੇ ਹਟਿਆ ਸੁਪਨਿਆਂ ਦੀ ਸਬਜ਼ ਡਾਲ।

—ਅਜੈਬ ਸਿੰਘ

## ਗ਼ਜ਼ਲ

ਸਜਨਾਂ ਦੀ ਆਵੇ ਕਨਸੋ
ਹਾਲੇ ਦਿਲਾ ਭੀੜਾ ਬੂਹਾ ਢੋ।

ਕੀ ਆਇਓਂ ਸਦ ਤਰਸ ਤਰਸ ਕੇ
ਅੱਖਾਂ ਗਈਆਂ ਪੱਥਰ ਹੋ।

ਸਜਨ ਬਿਨ ਹੋਰ ਕੌਣ ਹੋ ਸਕਦੈ
ਮਹਿਕਾਂ ਭਰੀ ਆਈ ਖੁਸ਼ਬੋ।

ਹਰ ਸ੍ਵਾਹ ਤੇਰੇ ਲੇਖੇ ਲਾਇਆ
ਕੌਣ ਕਹੇ ਤੂੰ ਤੇ ਮੈਂ ਦੋ।

ਤੂੰ ਹਾਲੇ ਤਕਿਆ ਹੀ ਕੀ ਹੈ
ਹੋਰ ਜਰਾ ਨੇੜੇ ਤਾਂ ਹੋ।

ਜੋ ਮੇਰੀ ਰਗ ਰਗ ਤੋਂ ਜਾਣੂੰ
ਉਸ ਤੋਂ ਕਾਹਦਾ ਭਲਾ ਲਕੋ!

ਅਸਾਂ ਭੀ ਪਿਛੇ ਹੁਣ ਨਹੀਂ ਮੁੜਨਾਂ
ਲੱਖ ਰਾਹ ਰੋਕਣ ਨਦੀਆਂ ਚੋ।

—ਅਸੀਸ, ਫੀ ਮਾਲ ਕਪੂਰਥਲਾ



Sri Satguru Jagjit Singh Ji eLibrary NamdhariElibrary@gmail.com

## "?"

—ਤਰਲੋਕ ਮਨਸੂਰ

ਤੇਰੀਆਂ ਅੱਖਾਂ ਦੇ ਵਿਚ ਕੀ ਹੈ ?
ਅਦਭੁੱਤ, ਮਿਕਨਾਤੀਸ ਜਿਹਾ ?
ਸਰਬ-ਵਿਆਪਕ ਰਹਿਸ ਜਿਹਾ,
ਪਾਰਬ੍ਰਹਸ ਜਗਦੀਸ਼ ਜਿਹਾ ।
ਤੇਰੀਆਂ ਅੱਖਾਂ ਦੇ ਵਿਚ ਕੀ ਹੈ ?
ਅੱਖ ਤੇਰੀ ਦਾ ਇਕ ਝਲਕਾਰਾ,
ਨਦਰੀ ਨਦਰ ਨਿਹਾਲ ਕਰੇ ।
ਸਗਲ ਬਨਸਪਤ ਮੌਲੇ ਮਹਿਕੇ,
ਸੁਕੇ ਕਾਸ਼ਠ ਹੋਣ ਹਰੇ ।
ਪਰਮ-ਧੁੱਪ ਦੀ ਵਾਦੀ ਅੰਦਰ,
ਪੂਰਨਿਮਾ ਦਾ ਚੰਨ ਚੜ੍ਹੇ ।
ਰਾਤ ਦੁਧੀਆ ਚਾਨਣ ਵਰਸੇ,
ਕੋਮਲ ਦੇਹ ਇਸ਼ਨਾਨ ਕਰੇ ।
ਛਮ ਛਮ ਵਰਸੇ ਅਮ੍ਰਿਤ-ਧਾਰਾ,
ਸੁਕੇ ਸਾਗਰ ਜਾਣ ਭਰੇ ।
ਨਜ਼ਰ ਤੇਰੀ 'ਚੋਂ ਕੀ ਹੈ ਝਰਦਾ,
ਇਸ ਦੀ ਤੁਲਨਾ ਕੌਣ ਕਰੇ ?
ਰਕਤ-ਕਣਾਂ ਵਿਚ ਘੁੰਗਰੂ ਛਣਕਣ,
ਥਿਰਕੇ, ਮਧੁਰ ਮਧੁਰ ਸੰਗੀਤ ਜਿਹਾ ।
ਤੇਰੀਆਂ ਅੱਖਾਂ ਦੇ ਵਿਚ ਕੀ ਹੈ ?
ਪਾਰਬ੍ਰਹਿਮ ਜਗਦੀਸ਼ ਜਿਹਾ,
ਸਰਬ-ਵਿਆਪਕ ਰਹਿਸ ਜਿਹਾ,
ਅਦਭੁੱਤ, ਮਿਕਨਾਤੀਸ ਜਿਹਾ ।

੧੬੦, ਫੈਕਟਰੀ ਏਰੀਆ,
ਗੋਇੰਦਵਾਲ ਸਾਹਿਬ—੧੪੩੪੨੩

ਹਿੰਦੀ ਕਵਿਤਾ

## ਪਹੇ ਦੀ ਝਾੜੀ ਦਾ ਫੁਲ

ਮੂਲ ਲੇਖਕ : ਪ੍ਰੋ. ਰਾਮ ਨਿਵਾਸ ਮਾਨਵ

ਹੇ ਮਿੱਤਰ ਪਿਆਰ ਨੂੰ ਸੂਤਰਬੱਧ ਨਾ ਕਰ,
ਮੁਕਤ ਹੀ ਰਹਿਣ ਦੇ ।
ਇਹ ਕੋਈ ਵਪਾਰ ਦੀ ਕਸੌਟੀ ਨਹੀਂ,
ਕਿ ਬਜਾਰੂ ਮੁੱਲ ਪਵੇਗਾ ।

ਇਹ ਤਾਂ ਸੋਤ ਹੈ ।
ਨਿਰੰਤਰ, ਸੂਤਰਾਂ ਦੀ ਪਕੜ ਥੀਂ ਆਜ਼ਾਦ,
ਇਹ ਸਬਿਲਤਾ ਦੀ ਧੁੰਧ ਨਹੀਂ,
ਨਾ ਹੀ ਸੁਆਰਥ ਦੀ ਦੁਰਗੰਧ,
ਇਹ ਤਾਂ ਕਿਸੇ ਪਹੇ ਦੀ ਝਾੜੀ ਦਾ ਫੁੱਲ ਹੈ ।
ਜੋ ਚਾਹੇ ਅਣਚਾਹੇ,
ਆਪ ਹੀ ਖਿਲਦਾ ਹੈ ਤੇ ਖੁਸ਼ਬੂ ਵੰਡਦਾ ਹੈ ।

ਇਹ ਤਾਂ ਇਕ ਸਵੈ ਸਮਰਪਨ ਹੈ
ਕੋਈ ਚਾਹੁਣ ਜਾਂ ਨਾ ਚਾਹੁਣ ਦੀ ਵਸਤ ਨਹੀਂ,
ਪਿਆਰ ਕੋਈ ਲੈਣ ਵਾਲਾ ਸੌਦਾ ਨਹੀਂ,
ਸਗੋਂ ਤੇਰਾ ਹੀ ਤੇਰਾ ਦਾ ਕਰਮ ਹੈ ।

ਹੇ ਮਿਤਰ ਪਿਆਰ ਨੂੰ ਸੂਤਰਬੱਧ ਨਾ ਕਰ,
ਮੁਕਤ ਹੀ ਰਹਿਣ ਦੇ ।
ਕਿਉਂਕਿ ਇਹ ਸੋਤ ਹੈ, ਨਿਰੰਤਰ,
ਨਾ ਕਿ ਕਾਗਜ਼ਨਸ ਤੇ ਸਜਾਉਣ ਵਾਲਾ ਕੋਈ ਫੁੱਲ ।

ਖੁਲ੍ਹਾ ਅਨੁਵਾਦ : ਡਾ. ਤੇਜਵੰਤ ਮਾਨ

(ਹਿੰਦੀ ਪਤਰਿਕਾ 'ਪਰਤ-ਦਰ-ਪਰਤ' ਸਿਰਸਾ 'ਚੋਂ ਧੰਨਵਾਦ ਸਹਿਤ)



Sri Satguru Jagjit Singh Ji eLibrary NamdhariElibrary@gmail.com

# "ਲਾਹੌਰ ਬੰਦ ਹੋ ਗਿਆ"

—ਵਰਿਆਮ ਸਿੰਘ ਸੰਧੂ

"..... ਭਾ ਜੀ, ਚਲੋ ਤੁਹਾਨੂੰ ਅੱਜ ਇਕ ਥਾਂ ਵਿਖਾਉਣੀ ਆਂ!"

ਗਾੜ੍ਹੀ ਬੱਦਲਵਾਈ ਵਾਲਾ ਮੌਸਮ ਸੀ.. ਦਿਨ ਵੇਲੇ ਵੀ ਨਿੰਮ੍ਹਾ ਜਿਹਾ ਖੁਸ਼ਗਵਾਰ ਹਨੇਰਾ। ਨਿਊਯਾਰਕ ਦੀਆਂ ਉੱਚੀਆਂ ਇਮਾਰਤਾਂ ਦੀਆਂ ਨੋਕਾਂ ਬੱਦਲਾਂ ਦੇ ਢਿੱਡ ਵਿਚ ਖੁੱਭੀਆਂ ਪਈਆਂ ਸਨ।

ਕਿਣਮਿਣ ਹੋਣ ਲੱਗੀ।

ਗੁਰਚਰਨ ਕਾਰ ਚਲਾ ਰਿਹਾ ਸੀ ਤੇ ਮੈਂ ਉਸਦੇ ਨਾਲ ਓਹਦੇ ਰਾਹੀਂ ਨਿਊਯਾਰਕ ਨੂੰ ਵੇਖ ਰਿਹਾ ਸਾਂ। ਜਗਦੀਆਂ ਬੁਝਦੀਆਂ ਬੱਤੀਆਂ, ਰੁਕਦੀਆਂ ਤੁਰਦੀਆਂ ਰੰਗ-ਬਰੰਗੀਆਂ ਕਾਰਾਂ ਦੀਆਂ ਕਤਾਰਾਂ। ਸਮੁੰਦਰ ਤੇ ਬਣੇ ਵੱਡੇ ਪੁਲ। ਰੱਬ ਨਾਲ ਗੱਲਾਂ ਕਰਦੀਆਂ ਇਮਾਰਤਾਂ। ਯੂ. ਐਨ. ਓ. ਦੀ ਬਿਲਡਿੰਗ, ਇਕ ਸੌ ਦਸ ਮੰਜ਼ਲਾਂ ਉੱਚਾ 'ਵਰਲਡ ਟਰੇਡ ਸੈਂਟਰ'। ਸਮੁੰਦਰ ਦੇ ਕਿਨਾਰੇ ਖੜੋਤਾ ਵੱਡਾ ਸਮੁੰਦਰੀ ਬੇੜਾ ਜੋ ਦੂਜੀ ਸੰਸਾਰ ਜੰਗ ਵਿਚ ਦਨਦਨਾਉਂਦਾ ਰਿਹਾ ਸੀ, ਤੇ ਹੁਣ 'ਅਜਾਇਬ ਘਰ' ਬਣਕੇ ਖੜੋਤਾ ਸੀ।

ਪਰ ਮੈਨੂੰ ਵਿਖਾਈ ਜਾਣ ਵਾਲੀ 'ਥਾਂ' ਇਨ੍ਹਾਂ ਸਭ ਤੋਂ ਵੱਖਰੀ ਸੀ ਤੇ ਗੁਰਚਰਨ ਲਈ ਵਿਸ਼ੇਸ਼ ਵੀ। ਇਕ ਬਹੁਤ ਵੱਡੇ ਹੋਟਲ ਕੋਲੋਂ ਕਾਰ ਦੀ ਚਾਲ ਮੱਧਮ ਕਰਦਿਆਂ ਉਸਨੇ ਬੜੇ ਹੁਲਾਸ ਨਾਲ ਦਸਿਆ,

"...ਏਥੇ ਆ ਕੇ ਮੈਂ ਸਭ ਤੋਂ ਪਹਿਲਾਂ ਇਸੇ ਹੋਟਲ ਵਿਚ ਕੰਮ ਕੀਤਾ...ਲਾਸ ਏਂਜਲਸ ਓਲੰਪਿਕ ਸਮੇਂ ਮੈਂ ਏਥੇ ਹੀ ਠਹਿਰ ਗਿਆ ਸਾਂ।"

ਗੁਰਚਰਨ ਅਜ ਕਲ੍ਹ ਗਰੀਨ-ਕਾਰਡ-ਹੋਲਡਰ ਹੈ ਅਮਰੀਕਾ ਦਾ। ਹਰ ਸਾਲ ਨੇਮ ਅਨੁਸਾਰ ਕੁਝ ਮਹੀਨੇ ਅਮਰੀਕਾ ਲਾ ਆਉਂਦਾ ਹੈ ਉਹ ਆਖਦਾ ਹੈ, "ਭਾ ਜੀ, ਜੇ ਬੰਦਾ ਘਰੋਂ ਸਹਿੰਦਾ ਹੋਵੇ ਉਹਨੂੰ ਬਾਹਰ ਆ ਕੇ ਟੱਕਰਾਂ ਮਾਰਨ ਦੀ ਲੋੜ ਨਹੀਂ। ਹੁਣ ਉਥੇ ਜੋ ਆਪਣਾ ਇਜ਼ਤ ਮਾਣ ਬਣਿਆ ਹੋਇਆ ਹੈ, ਉਹਨੂੰ ਨਿਰਾ ਪੈਸੇ ਨਾਲ ਤਾਂ ਨਹੀਂ ਨਾ ਤੋਲਿਆ ਜਾ ਸਕਦਾ...।" ਉਹ ਆਪਣੇ ਪਰਿਵਾਰ ਦੀ ਬਣੀ ਹੋਈ ਸਾਖ਼ ਤੇ ਖ਼ੁਸ਼ ਸੀ।

"...ਓਦੋਂ ਵੀ ਮੈਨੂੰ ਪਿਛੋਂ ਕਰਤਾਰ ਹੁਰਾਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਸਨ ਕਿ ਵਾਪਸ ਆ ਜਾਵਾਂ...ਪਰ ਮੇਰਾ ਤਾਂ ਏਥੇ ਲਾਹੌਰ ਲੱਗਾ ਹੋਇਆ ਸੀ।"

ਉਸਨੇ 'ਲੱਗੇ ਲਾਹੌਰ' ਦਾ ਸ਼ਵਿਚ 'ਆਨ' ਰਖਿਆ,

".. ਮੇਰਾ ਕੰਮ ਸੀ ਇਸ ਹੋਟਲ ਵਿਚ ਆਏ ਗਾਹਕਾਂ ਨੂੰ ਅੱਗੇ ਹੋ ਕੇ 'ਜੀ ਆਇਆਂ' ਕਹਿਣਾ ਤੇ ਅਦਬ-ਸਤਿਕਾਰ ਨਾਲ ਉਹਨਾਂ ਦੀ ਸੀਟ ਤਕ ਲੈ ਕੇ ਜਾਣਾ। ਜਾਣ ਲੱਗਿਆਂ ਵਿਦਾ ਕਰਨ ਜਾਣਾ। ਆਉਂਦੇ ਸਮੇਂ ਉਹਨਾਂ ਦੀ ਕਾਰ ਪਾਰਕ ਕਰਨੀ। ਧਿਆਨ ਰੱਖਣਾ ਕਿ ਕਾਰ ਕਿਥੇ ਪਾਰਕ ਕੀਤੀ ਹੈ। ਤੁਰਨ ਲੱਗਿਆਂ ਓਥੋਂ ਲਿਆ ਦੇਣੀ। ਉਹਨਾਂ ਬੜੇ ਖੁਸ਼ ਹੋਣਾ। ਕਾਰ ਪਾਰਕ ਕਰਨਾ ਏਥੇ ਖਾਸਾ ਔਖਾ ਕੰਮ ਹੈ। ਸੜਕ ਕੰਢੇ ਵੀ ਹਰੇਕ ਥਾਂ ਤੇ ਪਾਰਕਿੰਗ ਨਹੀਂ ਕੀਤੀ ਜਾ ਸਕਦੀ। ਕੁਝ ਖਾਸ ਥਾਵਾਂ ਤੇ ਹੀ ਕਾਰ ਖੜ੍ਹੀ ਕੀਤੀ ਜਾ ਸਕਦੀ ਹੈ। ਉਥੇ ਵੀ ਮੀਟਰ ਲੱਗੇ ਹੁੰਦੇ ਹਨ, ਤੁਸੀਂ ਜਿਥੇ ਗੱਡੀ ਖੜ੍ਹੀ ਕਰਦੇ ਹੋ ਅਤੇ ਜਿੰਨੇ ਸਮੇਂ ਲਈ ਕਰਦੇ ਹੋ, ਓਨੇ ਸਮੇਂ ਲਈ ਨਿਸਚਿਤ ਪੈਸੇ ਮੀਟਰ ਵਿਚ ਪਾਉਣੇ ਪੈਂਦੇ ਹਨ ਤੇ ਮੀਟਰ ਦੀ ਸੂਈ ਸਮੇਂ ਦੀ ਸੂਚਨਾ ਦਿੰਦੀ ਰਹਿੰਦੀ ਹੈ। ਜੇ ਸਮੇਂ ਦੇ ਵਿਚ ਵਿਚ ਗੱਡੀ ਉਥੋਂ ਆ ਕੇ ਨਹੀਂ ਹਟਾਈ ਜਾਂਦੀ ਤੇ ਪੁਲਿਸ ਵਾਲਾ ਨੋਟ ਕਰ ਲਵੇ ਕਿ ਸਮਾਂ ਵਧ ਗਿਆ ਹੈ ਤਾਂ 'ਟਿਕਟ' ਮਿਲ ਜਾਂਦੀ ਹੈ। ਗਲਤ ਥਾਂ ਤੇ ਗੱਡੀ ਖੜ੍ਹੀ ਕਰਨ, ਲਾਈਟਾਂ ਤੋਂ ਬਿਨਾਂ ਗੱਡੀ ਤੋਰ ਲੈਣ ਜਾਂ ਮਿਥੀ ਸਪੀਡ ਤੋਂ ਵਧ ਚਲਾਉਣ ਤੇ ਵੀ 'ਟਿਕਟ' ਮਿਲ ਜਾਂਦੀ ਹੈ। ...ਟਿਕਟ ਦਾ ਮਤਲਬ ਜੁਰਮਾਨੇ ਦੀ ਪਰਚੀ ਸਮਝੋ।"

ਜਿਹੜੀ ਗੱਲ ਉਹ ਉਤਸ਼ਾਹ ਨਾਲ ਦੱਸਣੀ ਚਾਹੁੰਦਾ ਸੀ ਉਹ ਤਾਂ ਟਰੈਫਿਕ ਨੇਮਾਂ ਦੇ ਭਾਰ ਹੇਠਾਂ ਦੱਬੀ ਚੱਲੀ ਸੀ, ਪਰ ਉਹ ਛੇਤੀ ਹੀ ਇਸ ਭਾਰ ਹੇਠੋਂ ਨਿਕਲ ਆਇਆ।

"...ਜਦੋਂ ਕਾਰ ਪਾਰਕ ਕਰਨ ਅਤੇ ਲਿਆ ਕੇ ਦੇਣ ਦਾ ਕੰਮ ਕਰਨਾ ਸ਼ੁਰੂ ਕੀਤਾ ਤਾਂ ਗਾਹਕ ਬੜੇ ਖੁਸ਼ ਹੁੰਦੇ। ਜਾਣ ਲੱਗੇ ਵਾਹਵਾ ਸੱਬਰਕੱਤੀ ਟਿੱਪ ਦੇ ਕੇ ਜਾਂਦੇ। ਮੈਂ ਤਾਂ ਭਾ ਜੀ! ਅੰਦਰ ਬਾਹਰ ਵੱਡੀਆਂ ਜੇਬ੍ਹਾਂ ਵਾਲਾ ਕੋਟ ਸਵਾ ਲਿਆ। ...ਤੇ ਜੇਬ੍ਹਾਂ ਮੇਰੀਆਂ ਭਰਦੀਆਂ ਰਹਿੰਦੀਆਂ ਨੋਟਾਂ ਨਾਲ। ਮੇਰੇ ਉਤੇ ਕਰਤਾਰ ਹੁਰਾਂ ਦੇ ਫੋਨਾਂ ਦਾ ਕੀ ਅਸਰ ਹੋਣਾ ਸੀ!"



Sri Satguru Jagjit Singh Ji eLibrary NamdhariElibrary@gmail.com

ਗੁਰਚਰਨ ਐਸ ਵੇਲੇ ਦਿਲ ਤੋਂ ਬੋਲ ਰਿਹਾ ਸੀ ।

"...ਇਕ ਦਿਨ ਪਾਰਕਿੰਗ ਲਈ ਠੀਕ ਥਾਂ ਨਾ ਮਿਲਿਆ, ਗੱਡੀ ਗਲਤ ਥਾਂ 'ਤੇ ਪਾਰਕ ਹੋ ਗਈ । ਸੋਚਿਆ, ਕੀ ਪਤਾ ਪੁਲਸੀਏ ਦੀ ਨਜ਼ਰ ਤੋਂ ਬਚ ਹੀ ਜਾਵੇ । ਪਰ ਇੰਝ ਨਾ ਹੋਇਆ, ਪੁਲਸੀਆ ਟਿਕਟ ਦੇ ਗਿਆ ! ਟਿਕਟ 'ਉਹ' ਕਾਰ ਦੇ ਸ਼ੀਸ਼ੇ 'ਤੇ ਹੀ ਚਿਪਕਾ ਜਾਂਦਾ ਹੈ । ਉਸਨੂੰ ਵੇਖ ਕੇ ਮਿਥੀ ਤਰੀਕ ਤਕ ਆਪ ਹੀ ਪੈਸੇ ਭਰਨੇ ਪੈਂਦੇ ਹਨ, ਨਹੀਂ ਤਾਂ ਤੁਹਾਨੂੰ ਨੋਟਿਸ ਆ ਜਾਂਦਾ ਹੈ ।"

"...ਜਦੋਂ ਮੈਂ ਗੱਡੀ ਲੈ ਕੇ ਆਇਆ ਤਾਂ ਟਿੱਪ ਤਾਂ ਕੀ ਦੇਣੀ ਸੀ...ਗੋਰਾ ਟਿਕਟ ਲੱਗੀ ਵੇਖ ਕੇ ਮੈਨੂੰ ਅਬਾ-ਤਬਾ ਬੋਲਣ ਲੱਗਾ । ਮੈਂ ਘੇਸਲ ਮਾਰ ਛੱਡੀ ..ਹੋਰ ਕੀ ਕਰਦਾ । ਫਿਰ ਮੈਂ ਸੋਚਿਆ ਕਿ ਟਿਕਟ ਬਾਰੇ ਪਤਾ ਹੀ ਨਾ ਲੱਗਣ ਦਿਆ ਕਰਾਂ । ਜੇ ਕਿਤੇ ਠੀਕ ਥਾਂ ਨਾ ਮਿਲਣੀ ਤਾਂ ਮੈਂ ਗਲਤ ਥਾਂ ਵੀ ਗੱਡੀ ਲਾ ਦੇਣੀ । ਟਿਕਟ ਲੱਗੀ ਵੇਖ ਕੇ ਮੈਂ ਆਪ ਹੀ ਪਾੜ ਦੇਣੀ ਤੇ ਟਿੱਪ ਖਰੀ ਕਰ ਲੈਣੀ । ਮੈਂ ਸੋਚਦਾ ਸਾਂ ਕਿ ਜਦੋਂ ਜੁਰਮਾਨਾ ਨਾ ਭਰਨ 'ਤੇ ਇਹਨਾਂ ਨੂੰ ਨੋਟਿਸ ਮਿਲੂ ਓਦੋਂ ਤਕ ਇਹਨਾਂ ਨੂੰ ਕੀ ਪਤਾ ਲੱਗਣੈ ਕਿ ਇਹ ਟਿਕਟ ਓਸ ਹੋਟਲ ਅੱਗੇ ਮਿਲੀ ਹੈ ? ...ਪਰ ਅਗਲੇ ਬੜਾ ਹਿਸਾਬ ਰੱਖਦੇ ਨੇ ਕਿ ਫਲਾਣੇ ਦਿਨ ਫਲਾਣੀ ਥਾਂ ਤੇ ਖਾਣਾ ਖਾਧਾ ਸੀ, ਫਲਾਂ-ਫਲਾਂ ਥਾਂ 'ਤੇ ਰੁਕੇ ਸਾਂ । ਜਦੋਂ ਕਈਆਂ ਜਣਿਆਂ ਨੂੰ ਨੋਟਿਸ ਆਉਣੇ ਸ਼ੁਰੂ ਹੋਏ ਤਾਂ ਉਹਨਾਂ ਨੇ ਹੋਟਲ ਨੂੰ ਸ਼ਕਾਇਤਾਂ ਕਰਨੀਆਂ ਸ਼ੁਰੂ ਕੀਤੀਆਂ । ਆਖਰਕਾਰ ਜੋ ਹੋਣਾ ਸੀ ਹੋ ਗਿਆ—ਆਪਣਾ ਲਾਹੌਰ ਬੰਦ ਹੋ ਗਿਆ—ਤੇ ਮੈਨੂੰ ਨੌਕਰੀ ਤੋਂ ਜੁਆਬ ਮਿਲ ਗਿਆ !"

ਬਿਰਤਾਂਤ ਖਤਮ ਕਰਕੇ ਉਹ ਖਿੜਖਿੜਾਕੇ ਹੱਸਿਆ !

# ਟੈਕਸੀਆਂ ਵਾਲੇ

"ਵੇਖੀਂ, ਬਚਕੇ ! ਕੌਡਾ ਰਾਖ਼ਸ਼ ਆਉਂਦਾ ਈ...।"

ਕਾਰ ਰੈਡ-ਲਾਈਟ ਕਾਰਨ ਰੁਕੀ ਹੋਈ ਸੀ ਤੇ ਉਸ ਵੱਲ ਇਕ ਸਵਾ ਛੇ ਫੁੱਟਾ ਮਜ਼ਬੂਤ ਕਾਲਾ ਵਧਦਾ ਆ ਰਿਹਾ ਸੀ । ਗੁਰਚਰਨ ਉਸੇ ਆਦਮੀ ਤੋਂ ਕਾਰ ਚਲਾ ਰਹੇ ਲਾਲੀ ਨੂੰ ਸੁਚੇਤ ਕਰ ਰਿਹਾ ਸੀ ।

"ਪਰ ਉਹ ਤਾਂ ਕਾਰ ਸਾਫ਼ ਕਰਨ ਆ ਰਿਹਾ ਸੀ..."

ਗੁਰਚਰਨ ਨੇ ਛੇਤੀ ਹੀ ਮੇਰੀ ਸ਼ੰਕਾ ਦੂਰ ਕਰ ਦਿੱਤੀ ।

"ਭਾ ਜੀ ! ਕਰਾਈਮ ਬਹੁਤ ਹੈ ਨਿਊਯਾਰਕ ਵਿਚ ਕਾਲੇ ਗਲਾਂ 'ਚ ਪਿਆ ਸੋਨਾ ਤੱਕ ਲੁਹਾ ਲੈਂਦੇ ਨੇ । ਹੁਣ ਆਪਣੇ ਮੁੰਡੇ ਵੀ ਇਹੋ ਜਿਹੇ ਕੰਮ ਕਰਨ ਲੱਗ ਪਏ ਨੇ । ਪਿਛਲੇ ਦਿਨੀਂ ਇਕ ਕਾਲੇ ਨੇ ਕਿਸੇ ਦੀ ਪੁੜਪੁੜੀ ਤੇ ਗੰਨ ਰੱਖ ਕੇ ਉਸਤੋਂ ਪੈਸੇ ਮੰਗੇ । ਅਗਲੇ ਨੇ ਜੇਬ ਵਿਚ ਪਏ ਢਾਈ ਸੌ ਡਾਲਰ ਉਸਦੇ ਅੱਗੇ ਕਰ ਦਿੱਤੇ । ਉਹ ਅੱਗੋਂ ਕਹਿੰਦਾ, '(more 'ਮੋਰ' । ਪਰ ਉਸਨੇ ਦਿੱਤੇ ਨਾ ਜਾਂ ਦੇ ਨਾ ਸਕਿਆ ਤੇ ਉਹਨੇ ਗੋਲੀ ਉਹਦੀ ਪੁੜਪੁੜੀ 'ਚੋਂ ਲੰਘਾ ਦਿੱਤੀ । ਕਾਲੇ ਤਾਂ ਵਿਹਰ ਕੇ ਮੰਗਦੇ ਨੇ । ਲਾਈਟਾਂ ਕੋਲ ਕਾਰਾਂ ਸਾਫ਼ ਕਰਦੇ ਨੇ । ਮੰਗਣ ਦਾ ਬਹਾਨਾ । ਲੋਕ ਉਹਨਾਂ ਦੇ ਮੁੰਗਲੀਆਂ ਵਰਗੇ ਡੌਲਿਆਂ ਨੂੰ ਵੇਖ ਕੇ ਡਰਦੇ ਹੀ ਪੈਸੇ ਦੇ ਦਿੰਦੇ ਨੇ । ਪੈਸੇ ਸਾਂਭ ਕੇ ਕੰਜਰ ਪਾਸੇ ਹੋ ਕੇ ਡੰਡ ਬੈਠਕਾਂ ਮਾਰਨ ਲੱਗ ਜਾਂਦੇ ਨੇ...।"

ਅਚਨਚੇਤ ਟੈਕਸੀ ਵਿਚਲਾ ਵਾਇਰਲੈਸ ਸੈਟ ਬੋਲਿਆ, "ਹੈਲੋ ! ਹੈਲੋ !...ਲਾਲੀ...ਕਿਥੇ ਐਂ ਐਸ ਵੇਲੇ...।"

"ਬੱਲੇ ! ਬੱਲੇ !!...ਸੁਣਾ ਪੁੱਠਿਆ ਕਿਵੇਂ ਐ... ਆਪਣੇ ਭਾਊ ਆਏ ਏ...ਇਹਨਾਂ ਨੂੰ ਸੀ-ਪੋਰਟ ਤੇ ਛੱਡਣ ਚੱਲਿਆਂ ।...ਗੋਰੀ ਬਿਠਾਈ ਉ ਕਿ ਕੋਈ ਕਰੜਝੋਟ ਈ ਲਈ ਫਿਰਦੈਂ ।"

ਗੱਲਾਂ ਕਰਦਿਆਂ ਉਹਨਾਂ ਨੇ ਇਕ ਦੂਜੇ ਨੂੰ ਮਿਲਣ ਦਾ ਸਮਾਂ ਨਿਸਚਿਤ ਕਰ ਲਿਆ । ਪਤਾ ਲੱਗਾ ਕਿ ਇਹ ਵਾਇਰਲੈਸ ਸੈਟ ਵਰਗਾ ਜੰਤਰ ਹੁਣ ਹਰੇਕ ਟੈਕਸੀ ਵਿਚ ਹੈ ਕਿਉਂਕਿ ਟੈਕਸੀ ਵਾਲਿਆਂ ਨੂੰ ਹਰ ਵੇਲੇ ਕਿਸੇ ਸੰਕਟ ਵਿਚ ਫਸ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ । ਇਹਨਾਂ ਸੈਟਾਂ ਉੱਤੇ ਆਪੋ ਆਪਣੇ ਮਿੱਤਰ-ਗਰੁੱਪਾਂ ਦੇ ਚੈਨਲ ਹਨ । ਉਸ ਚੈਨਲ 'ਤੇ ਜਦੋਂ ਗੱਲ ਕੀਤੀ ਜਾਂਦੀ ਹੈ ਤਾਂ ਸਭ ਨੂੰ ਸੁਣੀ ਜਾਂਦੀ ਹੈ । ਜੇ ਕੋਈ ਮੁਸੀਬਤ ਵਿਚ ਫਸ ਗਿਆ ਹੋਵੇ ਤਾਂ ਉਹ ਆਪਣੇ ਚੈਨਲ 'ਤੇ ਸਾਥੀਆਂ ਨੂੰ ਦੱਸ ਦਿੰਦਾ ਹੈ ਕਿ ਉਹ ਫਲਾਂ ਜਗ੍ਹਾ 'ਤੇ ਫਲਾਂ ਮੁਸ਼ਕਿਲ ਵਿਚ ਫ਼ਸ ਗਿਆ ਹੈ । ਪੰਜਾਂ ਮਿੰਟਾਂ ਵਿਚ ਹੀ ਉਸ ਹਦੂਦ ਦੇ ਨੇੜੇ-ਤੇੜੇ ਵਿਚਰ ਰਹੇ ਯਾਰ ਦੋਸਤ ਟੈਕਸੀ ਲੈ ਕੇ ਦੌੜੇ ਆਉਂਦੇ ਹਨ । ਵਧਦੇ ਜਾਂਦੇ ਕਰਾਈਮ ਦਾ ਸੰਗਠਿਤ ਜੁਆਬ ਦੇਣ ਤੇ ਆਪਣਾ ਬਚਾਉ ਕਰਨ ਦਾ ਇਹ ਉਹਨਾਂ ਨੇ ਵਧੀਆ ਢੰਗ ਲੱਭ ਲਿਆ ਸੀ । ਡਰਾਈਵਰ ਦੀ ਸੀਟ ਪਿਛੇ ਬੁਲਟ ਪਰੂਫ ਸ਼ੀਸ਼ਾ ਲੱਗਾ ਹੁੰਦਾ ਹੈ ਤਾਂ ਕਿ ਕੋਈ ਪਿਛੋਂ ਹਮਲਾ ਨਾ ਕਰ ਲੇਵੇ । ਬਿੱਲ ਦੀ ਸਲਿੱਪ ਵੀ ਛਪ ਕੇ ਸ਼ੀਸ਼ੇ ਹੇਠੋਂ ਬਣੇ ਰਾਹ ਥਾਣੀਂ ਬਾਹਰ ਆ ਜਾਂਦੀ ਹੈ । ਏਸੇ ਰਾਹੀਂ ਪੈਸੇ ਦਿਤੇ ਜਾਂਦੇ ਹਨ ।



Sri Satguru Jagjit Singh Ji eLibrary NamdhariElibrary@gmail.com

ਹੁਣ ਤਾਂ ਕੰਪਿਊਟਰ ਵੀ ਬੋਲ ਕੇ ਗਾਹਕ ਨੂੰ ਬਣਦਾ ਕਿਰਾਇਆ ਦੱਸ ਦਿੰਦਾ ਹੈ।

"ਗੋਰੀਆਂ ਪੁਛਦੈਂ...ਤੈਨੂੰ ਗੋਰੀਆਂ ਦੇ ਹੱਥ ਨਹੀਂ ਲੱਗੇ ?" ਗੁਰਚਰਨ ਨੇ ਲਾਲੀ ਨੂੰ ਛੇੜਿਆ। ਲਾਲੀ ਸਮਝ ਗਿਆ ਕਿ ਉਸਨੂੰ ਪਿਛਲੇ ਦਿਨਾਂ ਵਾਲੀ ਗੱਲ ਰੜਕਾਈ ਜਾ ਰਹੀ ਸੀ।

"ਗੱਲ ਇੰਜ ਹੋਈ। ਤਿੰਨ ਕੁੜੀਆਂ ਬੈਠੀਆਂ ਮੇਰੀ ਟੈਕਸੀ ਵਿਚ ਅਲਕ ਵਛੇਰੀਆਂ ਵਰਗੀਆਂ। ਟਿਕਾਣੇ 'ਤੇ ਉਤਰੀਆਂ ਤਾਂ ਦੋ ਤਾਂ ਇਕ ਪਾਸੇ ਨੂੰ ਤੁਰ ਪਈਆਂ ਤੇ ਇਕ ਜਣੀ ਪਰਸ ਵਿਚ ਹੱਥ ਮਾਰ ਕੇ ਪੈਸੇ ਲੱਭਣ ਦਾ ਨਾਟਕ ਜਿਹਾ ਕਰਨ ਲੱਗੀ। ਮੈਂ ਰਤਾ ਅਵੇਸਲਾ ਜਿਹਾ ਹੋਇਆ ਤਾਂ ਮੈਨੂੰ ਧੱਕਾ ਮਾਰ ਕੇ ਚਿੱਤੜਾਂ ਪਰਨੇ ਸੁੱਟ ਦਿੱਤਾ ਤੇ ਆਪ ਦੌੜ ਗਈ...।"

"ਇਹ ਵਛੇਰੀ ਦੇ ਵੱਜੇ ਦੁਲੱਤੇ ਨੂੰ ਮਹੀਨਾ ਭਰ ਪਲੋਸਦਾ ਰਿਹਾ..." ਗੁਰਚਰਨ ਦੀ ਗੱਲ 'ਤੇ ਹਾਸੇ ਦਾ ਫੁਹਾਰਾ ਛੁਟਿਆ।

ਸਾਡੇ ਲੋਕ ਛੋਟੀ ਮੋਟੀ ਮਜ਼ਦੂਰੀ ਵੀ ਕਰਦੇ ਨੇ ਤੇ ਕਈਆਂ ਨੇ ਵੱਡੇ ਵੱਡੇ ਕਾਰੋਬਾਰ ਵੀ ਸਥਾਪਿਤ ਕੀਤੇ ਹੋਏ ਨੇ। ਕੁਝ ਦੇ ਆਪਣੇ ਸਟੋਰ ਨੇ, ਕੁਝ ਦੇ ਗੈਸ ਸਟੇਸ਼ਨ, ਕੁਝ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ ਵਿਚ ਛੋਟਿਆਂ ਵੱਡਿਆਂ ਅਹੁਦਿਆਂ ਉੱਪਰ ਹਨ ਤੇ ਕਈ ਆਯਾਤ ਨਿਰਯਾਤ ਦਾ ਧੰਦਾ ਕਰਦੇ ਹਨ। ਨਿਊ ਜਰਸੀ ਵਿਚ ਗੁਰਚਰਨ ਦੇ ਦੋਸਤ ਰੂਬੀ ਕੋਲ ਅਸੀਂ ਇਕ ਰਾਤ ਡਿਨਰ ਵਾਸਤੇ ਗਏ। ਪਤਾ ਲੱਗਾ ਕਿ ਰੂਬੀ ਅਗਲੇ ਦਿਨੀਂ ਭਾਰਤ ਨੂੰ ਜਿਸ ਸਮੁੰਦਰੀ ਜਹਾਜ਼ ਰਾਹੀਂ ਲੱਕੜ ਭੇਜ ਰਿਹਾ ਸੀ ਉਹਦਾ ਕਿਰਾਇਆ ਹੀ ਸਾਢੇ ਅੱਠ ਲੱਖ ਡਾਲਰ ਸੀ। ਲੱਕੜ ਉਸ ਵਿਚ ਕਿੰਨੇ ਦੀ ਹਊ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਹਰਬੰਸ ਸਿੰਘ ਢਿਲੋਂ ਦੇ ਸੱਠ ਤੋਂ ਉੱਤੇ ਗੈਸ ਸਟੇਸਨ ਹਨ ਤੇ ਉਹ ਨਿਊਯਾਰਕ ਦੇ ਅਮੀਰ ਪੰਜਾਬੀਆਂ ਵਿਚ ਗਿਣਿਆ ਜਾਂਦਾ ਹੈ। ਪਰ ਬਹੁਤੇ ਪੰਜਾਬੀਆਂ ਦਾ ਭਾਰਤ ਵਾਂਗ ਮੁਖ ਕਿੱਤਾ ਟੈਕਸੀ ਚਲਾਉਣ ਦਾ ਹੀ ਹੈ।

ਸਿੱਧੇ-ਸਾਦੇ ਦਿਸਦੇ ਹਰਬੰਸ ਸਿੰਘ ਢਿਲੋਂ ਨੂੰ ਅਰਬ-ਪਤੀ ਬਣਨ ਦਾ ਰਾਜ਼ ਪੁੱਛਿਆ ਸੀ ਤਾਂ ਉਸੇ ਹੀ ਸਾਦਗੀ ਨਾਲ ਉਸਨੇ ਜੁਆਬ ਦਿੱਤਾ।

"ਸੰਧੂ ਸਾਹਿਬ, ਏਥੇ ਲਗਪਗ ਖਾਲੀ ਹੱਥ ਹੀ ਆਏ ਸਾਂ। ਝੂਠ ਨਹੀਂ ਬੋਲਦੇ...ਆ ਕੇ ਭਾਂਡੇ ਵੀ ਮਾਂਜੇ...ਕੂੜਾ ਵੀ ਸਾਫ਼ ਕੀਤਾ। ਰਹੀ ਗੱਲ ਅਰਬ-ਪਤੀ ਦੀ ..ਮੇਰੇ ਹਿਸਾਬ ਨਾਅ ਇਸ ਵਿਚ ਵੀ ਮੇਰੀ ਕੋਈ ਚਤਰਾਈ ਨਹੀਂ। ਸਭ ਕੁਦਰਤ ਦੀਆਂ ਗੱਲਾਂ ਹੀ ਸਮਝੋ। ਜੇ ਸਿਆਣਪ ਦੇ ਪੱਖੋਂ ਲਈਏ ਤਾਂ ਮੇਰੇ ਨਾਲ ਹੀ ਆਉਣ ਵਾਲਾ ਤੇ ਮੇਰੇ ਨਾਲ ਹੀ ਇਕੱਠਾ ਕੰਮ ਕਰਨ ਵਾਲਾ ਚੀਮਾਂ ਹਰ ਗੱਲ 'ਚ ਮੇਰੇ ਨਾਲੋਂ ਸਿਆਣਾ ਹੈ, ਸਮਝਦਾਰ ਹੈ, ਪਰ ਉਹ ਅਜੇ ਵੀ ਟੈਕਸੀ ਵਾਹੁੰਦਾ...ਮੈਨੂੰ ਤਾਂ ਅਕਲ ਦਾ ਵੀ ਕੋਈ ਵਾਸਤਾ ਜਿਹਾ ਨਹੀਂ ਲੱਗਦਾ ਇਸ ਗੱਲ ਨਾਲ...।"

ਟੈਕਸੀ ਵਾਲਿਆਂ ਦੇ ਆਪਣੀ ਤਰ੍ਹਾਂ ਦੇ ਸੰਕਟ ਤੇ ਆਪਣੀ ਤਰ੍ਹਾਂ ਦੀਆਂ ਖੁਸ਼ੀਆਂ ਹਨ।

"...ਸਾਡੀ ਤਾਂ ਭਾ ਜੀ ਜਾਨ ਸ਼ਿਕੰਜੇ 'ਚ ਰਹਿੰਦੀ ਆ ਹਰ ਵੇਲੇ—ਇਕ ਤਾਂ ਟੈਕਸੀ ਚਲਾਉਣਾ ਕੰਮ ਹੀ ਔਖਾ ਹੈ, ਹਰ ਵੇਲੇ ਐਕਸੀਡੈਂਟ ਦਾ ਡਰ...ਦੂਜਾ ਕੋਈ ਨਾ ਕੋਈ ਵਾਰਦਾਤ ਹੋ ਜਾਣ ਦਾ ਡਰ ਖਦਸ਼ਾ...ਤੇ ਤੀਜਾ ਇਥੇ ਪੁਛ ਸਵਾਰੀ ਦੀ ਹੋਣੀ ਹੈ, ਟੈਕਸੀ ਵਾਲੇ ਦੀ ਨਹੀਂ।" ਲਾਲੀ ਦੱਸ ਰਿਹਾ ਸੀ।

ਫਿਰ ਉਹ ਵਖ ਵਖ ਸਵਾਰੀਆਂ ਤੋਂ ਪ੍ਰਾਪਤ ਅਨੁਭਵਾਂ ਨੂੰ ਸਾਂਝਿਆਂ ਕਰਨ ਲੱਗਾ, "...ਏਥੇ ਜੇ ਸਵਾਰੀ ਇਸ਼ਾਰਾ ਕਰੇ ਤਾਂ ਤੁਹਾਨੂੰ ਰੁਕਣਾ ਪੈਂਦਾ, ਤੇ ਉਹਦੇ ਨਾਲ ਜਾਣਾ ਪੈਂਦਾ, ਉਹਨੂੰ ਨਾਂਹ ਨਹੀਂ ਕੀਤੀ ਜਾ ਸਕਦੀ। ਨਹੀਂ ਤਾਂ ਉਹ ਤੁਹਾਡੀ ਸ਼ਿਕਾਇਤ ਕਰ ਦਿੰਦਾ। ਇਕ ਵਾਰ ਇਕ ਸਵਾਰੀ ਮੈਨੂੰ ਬੜਾ ਤੰਗ ਕਰੇ...ਇਕ ਸਟੋਰ 'ਚੋਂ ਨਿਕਲੇ ਦੂਜੇ 'ਚ ਵੜ ਜਾਵੇ...ਮੇਰਾ ਟਾਈਮ ਹਰਜ ਹੋਵੇ... ਗੁੱਸੇ 'ਚ ਆਕੇ ਮੈਂ ਉਹਦੇ ਚਪੇੜ ਮਾਰ ਦਿਤੀ ਤੇ ਉਹਦੇ ਤੋਂ ਪਹਿਲਾਂ ਜਾ ਕੇ ਆਪਣੇ ਕਾਲਰ-ਕੁੜਤਾ ਪਾੜਕੇ ਥਾਣੇ ਜਾ ਸ਼ਿਕਾਇਤ ਕੀਤੀ, ਤਾਂ ਬਚਾਅ ਹੋਇਆ।"

ਮੇਰਾ ਧਿਆਨ ਉਧਰੋਂ ਪਰਤਿਆ ਤਾਂ ਲਾਲੀ ਇਕ ਹੋਰ ਦਿਲਚਸਪ ਵਾਕਿਅ ਸੁਣਾ ਰਿਹਾ ਸੀ—

"...ਇਕ ਵਾਰ ਇਕ ਅੱਧਖੜ ਉਮਰੋਂ ਥੋੜ੍ਹਾ ਕੁ ਟੱਪੀ ਹੋਈ ਗੋਰੀ ਮੇਰੀ ਟੈਕਸੀ 'ਚ ਬੈਠ ਗਈ। ਮੈਂ ਬੜੀ ਰਿਕੁਐਸਟ ਕੀਤੀ ਕਿ ਮੈਂ ਬਹੁਤ ਜ਼ਰੂਰੀ ਕੰਮ ਹੋਣ ਕਰਕੇ ਘਰ ਨੂੰ ਜਾ ਰਿਹਾ ਹਾਂ, ਇਸ ਲਈ ਉਹ ਕਿਸੇ ਹੋਰ ਟੈਕਸੀ 'ਤੇ ਬੈਠ ਜਾਵੇ ...ਪਰ ਜੀ ਉਹ ਸਵਾਰੀਆਂ ਦੇ ਹੱਕਾਂ ਦੀ ਰਖਵਾਲੀ 'ਅੰਮਾ' ਆਖੇ, ਜਾਣਾ ਤਾਂ ਤੇਰੀ ਟੈਕਸੀ ਵਿਚ ਈ ਜਾਣਾ ! ਕਿਸੇ ਹੋਰ ਦੀ ਟੈਕਸੀ 'ਤੇ ਬਹਿਣਾ



Sri Satguru Jagjit Singh Ji eLibrary NamdhariElibrary@gmail.com

ਉਹ ਮੰਨੀ ਨਾ। ਅੱਗੇ ਪੁਲ ਉੱਤੇ ਐਕਸੀਡੈਂਟ ਹੋਇਆ ਹੋਣ ਕਰਕੇ ਗੱਡੀ ਰੋਕਣੀ ਪਈ। ਖਿਝਿਆ ਹੋਇਆ ਸਾਂ ਮੈਂ। ਉਹਨੂੰ ਤੰਗ ਕਰਨ ਲਈ ਮੈਂ ਗਰਮੀ ਵਾਲਾ ਸੁੱਚ ਆਨ ਕਰ ਦਿੱਤਾ। ਸੋਚਿਆ ਔਖੇ ਹੋ ਲੈਨੇ ਆਂ...ਚੱਲੋ ਸੰਨ ਬਾਥ ਹੀ ਸਮਝ ਲਾਂ ਗੇ। ਗਰਮੀ ਲੱਗੀ ਤਾਂ ਉਹ ਚੀਕਣ ਲੱਗੀ। ਕਹਿੰਦੀ, "ਏ.ਸੀ. ਹੈ ਨਹੀਂ?" ਮੈਂ ਕਿਹਾ, "ਪਤਾ ਨਹੀਂ...ਮੈਂ ਵੀ ਤਾਂ ਤੇਰੇ ਨਾਲ ਹੀ ਬੈਠਾ ਹਾਂ...ਤੂੰ ਕਿਉਂ ਬਹੁਤਾ ਔਖੀ ਹੁੰਦੀ ਐਂ...।" ਉਹ ਮੈਨੂੰ ਗਾਲ੍ਹਾਂ ਕੱਢਣ ਲੱਗੀ। ਮੈਂ 'ਫੜਾਕ' ਕਰਦਾ ਸਟੇਅਰਿੰਗ ਨੂੰ ਸਿਰ ਮਾਰਿਆ। ਘਬਰਾ ਕੇ ਕਹਿੰਦੀ, "ਕੀ ਗੱਲ ਹੋਈ!" ਮੈਂ ਆਖਿਆ, "ਮੇਰਾ ਬਲੱਡ ਪ੍ਰੈਸ਼ਰ ਵਧ ਗਿਆ। ਦੌਰਾ ਪੈ ਗਿਆ ਮੈਨੂੰ... ਮੈਂ ਤੇਰੇ ਸਮੇਤ ਗੱਡੀ ਸਮੁੰਦਰ 'ਚ ਸੁੱਟ ਕੇ ਮਰ ਜਾਣੈਂ...।" ਫਿਰ ਮਾਫ਼ੀਆਂ ਮੰਗਣੋਂ ਨਾ ਹਟੇ। 'ਐਕਸਕਿਊਜ਼ ਮੀ ਐਕਸਕਿਊਜ਼ ਮੀ' ਕਰੀ ਜਾਵੇ। ਮੈਂ ਹੋਰ ਵਿਟਰਾਂ। ਆਖਰ ਜਦੋਂ ਉਹਨੂੰ ਉਹਦੇ ਘਰ ਆ ਕੇ ਉਤਾਰਿਆ ਤਾਂ ਆਪਣੇ ਮੀਏਂ ਨੂੰ ਵਾਜ ਮਾਰੀ ਸੂ। ੨੫ ਡਾਲਰ ਕਿਰਾਏ ਦੇ ਤੇ ੧੫ ਟਿੱਪ ਦੇ ਦੇਕੇ ਮੇਰਾ ਮੌਢਾ ਥਾਪੜਕੇ ਆਖਣ ਲੱਗੀ, "ਇੰਝ ਤੈਸ਼ ਵਿਚ ਨਾ ਆਇਆ ਕਰ...ਠਰੰਮੇ ਨਾਲ ਰਿਹਾ ਕਰ।"

ਲਾਲੀ ਦੀਆਂ ਗੱਲਾਂ ਨਹੀਂ ਸਨ ਮੁਕੀਆਂ। ਮੇਰਾ ਧਿਆਨ ਨਰਬੀਰ ਵਲ ਚਲਾ ਗਿਆ—ਸਾਰੀ ਰਾਤ ਕੰਮ ਉਪਰ ਰਿਹਾ ਸੀ, ਘਰ ਆ ਕੇ ਸੁੱਤਾ ਹੀ ਸੀ ਕਿ ਡਰਾਈਵਰ ਦਾ ਫੋਨ ਆ ਗਿਆ ਕਿ ਗੱਡੀ ਖ਼ਰਾਬ ਹੋ ਗਈ ਹੈ। ਅੱਧਾ ਘੰਟਾ ਵੀ ਲੰਮਾ ਨਹੀਂ ਪਿਆ ਹੋਣਾ ਕਿ ਉਠ ਕੇ ਤੁਰ ਗਿਆ। ਬਾਦ ਦੁਪਹਿਰ ਗੱਡੀ ਠੀਕ ਕਰਵਾਕੇ ਮੁੜਿਆ ਤੇ ਰੋਟੀ ਖਾਕੇ ਫਿਰ ਕੰਮ 'ਤੇ ਚਲਾ ਗਿਆ। ਪਿਛਲੇ ਚਵ੍ਹੀ ਘੰਟੇ ਬੇਅਰਾਮੀ ਵਿਚ ਗੁਜ਼ਾਰਨ ਪਿਛੋਂ ਅਗਲੇ ਬਾਰਾਂ ਘੰਟੇ ਹੋਰ ਉਹਦੀ ਨੀਂਦ ਅਤੇ ਆਰਾਮ ਖੋਹਣ ਲਈ ਖੜੋਤੇ ਹੋਏ ਸਨ।

"ਉਤਰੋ ਜੀ! ਤੁਹਾਡਾ ਟਿਕਾਣਾ ਆ ਗਿਐ...ਇਥੋਂ ਕਦੋਂ ਕੁ ਤਕ ਵਿਹਲੇ ਹੋਵੋਗੇ ...ਮੈਂ ਆਣ ਕੇ ਲੈ ਜਾਊਂ।"

ਪਰ ਗੁਰਚਰਨ ਨੇ ਉਸਨੂੰ ਛੁੱਟੀ ਦੇ ਦਿਤੀ।

"...ਅਸੀਂ ਆਪੇ ਘੁੰਮ ਫਿਰਕੇ ਟਰੇਨ ਰਾਹੀਂ ਵਾਪਸ ਚਲੇ ਚਲਾਂਗੇ।"

## ਰੰਗ ਤਮਾਸ਼ੇ

ਲਾਲੀ ਸਾਨੂੰ 'ਸੀ ਪੋਰਟ' 'ਤੇ ਉਸ ਸਮੁੰਦਰੀ ਬੇੜੇ ਕੋਲ ਛੱਡ ਗਿਆ, ਜਿਸਨੂੰ ਦੂਜੀ ਸੰਸਾਰ ਜੰਗ ਸਮੇਂ ਵਰਤਿਆ ਗਿਆ ਸੀ, ਪਰ ਹੁਣ ਉਸਨੂੰ ਅਜਾਇਬ ਘਰ ਵਿਚ ਤਬਦੀਲ ਕਰ ਦਿਤਾ ਸੀ।

ਅਸੀਂ ਅੰਦਰ ਵੜਨ ਲੱਗੇ ਤਾਂ ਪਤਾ ਲੱਗਾ ਕਿ ਅੰਦਰ ਜਾਣ ਦੀ ਫੀਸ ੧੦ ਡਾਲਰ ਪ੍ਰਤੀ ਵਿਅਕਤੀ ਹੈ। ਮੈਂ, ਜਗਦੀਸ਼ ਸਿੰਘ, ਗੁਰਸੇਵਕ ਤੇ ਗੁਰਚਰਨ ਚਾਰ ਜਣੇ ਸਾਂ। ਮੈਂ ਚਾਲੀ ਡਾਲਰਾਂ ਨੂੰ ਭਾਰਤੀ ਸਿੱਕੇ ਵਿਚ ਉਲਟਾਇਆ। ੧੫੦੦ ਰੁਪੈ ਦੀਆਂ ਟਿਕਟਾਂ! ਮੈਂ ਕਿਹਾ, "ਦਫ਼ਾ ਕਰੋ! ਬਾਹਰੋਂ ਹੀ ਘੁੰਮ ਫਿਰ ਕੇ ਵੇਖ ਲੈਂਦੇ ਆਂ।"

ਏਸੇ ਸਮੇਂ ਬੇੜੇ ਨੂੰ ਵੇਖਕੇ ਬਾਹਰ ਨੂੰ ਆਉਂਦੇ ਕੁਝ ਪੰਜਾਬੀ ਸਰਦਾਰ ਨਜ਼ਰ ਆਏ। ਨੇੜੇ ਆਏ ਤਾਂ ਉਹਨਾਂ ਵਿਚ ਨਿਊਯਾਰਕ ਰਹਿੰਦਾ ਸੀ.ਪੀ.ਐਮ. ਦਾ ਕਾਰਕੁਨ ਪਰਮਜੀਤ, ਗੁਰਚਰਨ ਨੂੰ ਮਿਲਿਆ। ਉਸਦੇ ਨਾਲ ਪੰਜਾਬ ਦਾ ਸੀ.ਪੀ.ਐਮ. ਦਾ ਆਗੂ ਬਲਵੰਤ ਸਿੰਘ ਸੀ। ਜਦੋਂ ਅਮਰਜੀਤ ਸਾਡੀ ਦੋਹਾਂ ਦੀ ਜਾਣ-ਪਛਾਣ ਕਰਾਉਣ ਲੱਗਾ ਤਾਂ ਅਸਾਂ ਮੁਸਕਰਾ ਕੇ ਦਸਿਆ ਕਿ ਅਸੀਂ ਪਹਿਲਾਂ ਹੀ ਇਕ ਦੂਜੇ ਨੂੰ ਜਾਣਦੇ ਹਾਂ। ਉਹਨਾਂ ਨੂੰ ਪੁਛਿਆ ਤਾਂ ਕਹਿੰਦੇ, "ਬੇੜਾ ਵੇਖਣ ਵਾਲੀ ਚੀਜ਼ ਐ!"

ਅੰਦਰ ਜਾਣ ਸਮੇਂ ੧੦ ਡਾਲਰ ਨੂੰ ਦਿਤੇ ਜਾਂਦੇ ਕੂਪਨ ਵਾਪਸੀ ਤੇ ਜਮ੍ਹਾਂ ਕਰਵਾ ਦਿਤੇ ਜਾਂਦੇ ਨੇ...ਪਰ ਦੂਰੋਂ ਸਾਨੂੰ ਵੇਖ ਕੇ ਪਰਮਜੀਤ ਆਪਣਾ ਕੂਪਨ ਨਾਲ ਹੀ ਲਈ ਆਇਆ ਸੀ, ਉਹ ਉਸ ਨੇ ਗੁਰਚਰਨ ਨੂੰ ਫੜਾ ਦਿਤਾ। ੧੦ ਡਾਲਰ ਦੀ ਹੇਰਾ-ਫੇਰੀ ਪਿਛੇ ੩੦ ਡਾਲਰ ਖਰਚਣੇ ਹੁਣ ਸੌਖੇ ਲਗਦੇ ਸਨ।

ਕੂਪਨ ਲੈਕੇ ਅਸੀਂ ਅੰਦਰ ਹੀ ਵੜੇ ਸਾਂ ਕਿ ਫੋਟੋਗ੍ਰਾਫਰ ਨੇ ਸਾਨੂੰ ਬੇੜੇ ਦੀ ਤਸਵੀਰ ਦੇ ਪਿਛੋਕੜ ਅੱਗੇ ਖੜ੍ਹੇ ਕਰਕੇ ਫੋਟੋ ਲੁਹਾਉਣ ਲਈ ਕਿਹਾ। ਸਾਡੇ ਕੋਲ ਆਪਣੇ ਕੈਮਰੇ ਸਨ ਤੇ ਅਸੀਂ ਖੁਦ ਹੀ ਬਥੇਰੀਆਂ ਫੋਟੋ ਖਿੱਚ ਲੈਣੀਆਂ ਸਨ...ਪਰ ਉਹ ਕਹਿੰਦੇ, ਅਸੀਂ ਤਸਵੀਰ ਖਿਚਵਾ ਲਈਏ, ਵਾਪਸੀ ਸਮੇਂ ਤਸਵੀਰ ਤਿਆਰ ਹੋਵੇਗੀ। ਅਸੀਂ ਚਾਹੀਏ ਤਾਂ ਲੈ ਸਕਦੇ ਹਾਂ, ਨਾ ਚਾਹੀਏ ਤਾਂ ਤਸਵੀਰ ਲਿਜਾਣ ਦੀ ਮਜਬੂਰੀ ਕੋਈ ਨਹੀਂ ਹੋਵੇਗੀ।

"...ਇਸ ਭਾਅ ਤੋਂ ਤਾਂ ਮਹਿੰਗੀ ਨਹੀਂ, ਨਾ ਲਿਜਾਵਾਂਗੇ", ਜਗਦੀਸ਼ ਸਿੰਘ ਨੇ ਕਿਹਾ। ਅਸੀਂ ਲਾਈਨ ਵਿਚ ਖੜੋ ਕੇ ਫੋਟੋ ਖਿਚਵਾ ਲਈ।

ਦੂਜੀ ਵੱਡੀ ਸੰਸਾਰ ਜੰਗ ਵਿਚ ਅੱਗ ਉਗਲਣ ਵਾਲਾ



Sri Satguru Jagjit Singh Ji eLibrary NamdhariElibrary@gmail.com

ਇਹ ਬੇੜਾ ਸਮੁੰਦਰ ਕੰਢੇ ਸ਼ਾਂਤ-ਚਿੱਤ ਖਲੋਤਾ ਸੀ, ਆਪਣੇ ਅੰਦਰ ਬਾਹਰ ਇਤਿਹਾਸਕ ਵਸਤਾਂ ਤੇ ਯਾਦਾਂ ਸੰਭਾਲੀ। ਅਨੇਕਾਂ ਨਿੱਕੇ ਜੰਗੀ ਜਹਾਜ਼ ਇਕ ਤਰਤੀਬ ਵਿਚ ਖਲੋਤੇ ਸਨ ਜਿਵੇਂ ਫੌਜੀ ਕਵਾਇਦ ਕਰਨ ਲਈ ਖੜੋਤੇ ਹੋਣ। ਲੋਕਾਂ ਦੀ ਵੱਡੀ ਗਿਣਤੀ ਅੰਦਰ-ਬਾਹਰ-ਉੱਪਰ ਛੱਤ 'ਤੇ ਚੜ੍ਹ ਕੇ ਬੇੜੇ ਨਾਲ ਸੰਬੰਧਿਤ ਇਤਿਹਾਸਕ ਰਹੱਸ ਨੂੰ ਜਾਨਣ ਦੀ ਕੋਸ਼ਿਸ਼ ਵਿਚ ਸੀ। ਗੁਰਚਰਨ ਨੂੰ ਜਹਾਜ਼ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਬਾਰ ਬਾਰ ਆਖਦਾ—

"...ਕੀ ਵੇਖਣਾ ਇਹਦਾ ਭਾ ਜੀ! .. ਐਂ ਨੂੰ ਮੂੰਹ ਕਰਕੇ ਖੜ੍ਹੇ ਹੋਵੋ.. ਐਥੇ ਚਾਰ ਫੋਟੋ ਖਿੱਚੀਏ ਤੇ ਚਲੀਏ।"

"...ਮੈਡਮ ਪਲੀਜ਼!"

ਉਸ ਨੇ ਤੁਰੀ ਜਾਂਦੀ ਇਕ ਗੋਰੀ ਔਰਤ ਨੂੰ ਅੰਗਰੇਜ਼ੀ ਵਿਚ ਦੱਸਣਾ ਸ਼ੁਰੂ ਕੀਤਾ ਕਿ ਉਸ ਦੇ ਸਾਹਮਣੇ ਇਕ ਬੜਾ 'ਪ੍ਰਸਿਧ' ਲੇਖਕ ਖੜੋਤਾ ਹੈ ਤੇ ਉਹ ਉਸਦੇ ਨਾਲ ਯਾਦਗਾਰ ਵਜੋਂ ਉਸਦੀ ਤਸਵੀਰ ਖਿੱਚਣਾ ਚਾਹੁੰਦਾ ਹੈ। ਉਹ ਖੁਸ਼ੀ ਖੁਸ਼ੀ ਮੰਨ ਗਈ।

"ਭਾ ਜੀ, ਜਾਕੇ ਕੁਝ ਵਿਖਾਉਣ ਜੋਗੇ ਤਾਂ ਹੋਵਾਂਗੇ", ਉਹ ਹੱਸ ਰਿਹਾ ਸੀ। ਪਹਿਲਾਂ ਤਾਂ ਮੈਨੂੰ ਕੁਝ ਓਪਰਾ ਲੱਗਾ, ਪਰ ਉਸ ਔਰਤ ਵਲੋਂ ਮੁਸਕਰਾ ਕੇ ਤੁਰੰਤ ਫੋਟੋ ਖਿਚਵਾਉਣ ਲਈ ਤਿਆਰ ਹੋਣਾ ਚੰਗਾ ਲਗਾ। ਉਸ ਔਰਤ ਦਾ ਪਤੀ ਨੇੜੇ ਖੜੋਤਾ ਮੰਦ-ਮੰਦ ਮੁਸਕਰਾ ਰਿਹਾ ਸੀ। ਮਾਨਸਿਕ ਪੱਖੋਂ ਬਲਵਾਨ, ਜਿਸਨੂੰ ਆਪਣੀ ਪਤਨੀ ਵਲੋਂ ਓਪਰੇ ਬੰਦਿਆਂ ਨਾਲ ਨੇੜੇ ਢੁਕ-ਢੁਕਕੇ ਫੋਟੋ ਖਿਚਵਾਉਣਾ ਸਹਿਜ ਰੂਪ ਵਿਚ ਪ੍ਰਵਾਨ ਸੀ। ਮੈਨੂੰ ਇਕਦਮ ਨਵਤੇਜ ਦੀ ਇਕ ਕਹਾਣੀ ਯਾਦ ਆ ਗਈ, ਜਿਸ ਵਿਚ ਇਕ ਪਤੀ ਆਪਣੀ ਪਤਨੀ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਜਾਂਦਾ ਹੈ। ਉਹ ਕੋਲ ਬੈਠਾ ਹੈ ਤੇ ਡਾਕਟਰ ਉਹਦੀ ਪਤਨੀ ਦੇ ਮੂੰਹ ਨੂੰ ਖੁਲ੍ਹਵਾਕੇ, ਉਹਦੀ ਠੋਡੀ ਫੜਕੇ, ਤੇ ਲੋੜ ਅਨੁਸਾਰ ਗੱਲ੍ਹਾਂ ਨੂੰ ਹੱਥ ਲਾਕੇ ਦੰਦਾਂ ਨੂੰ ਗਹੁ ਨਾਲ ਪੜਤਾਲਦਾ ਹੈ, ਪਰ ਪਤੀ ਦਾ ਪਾਰਾ ਚੜ੍ਹਦਾ ਜਾਂਦਾ ਹੈ— ਇਹ ਸੋਚਕੇ ਕਿ ਇਕ ਪਰਾਇਆ ਬੰਦਾ ਉਹਦੀ ਪਤਨੀ ਦੀਆਂ ਗੱਲ੍ਹਾਂ ਪੁਟ ਰਿਹਾ ਹੈ – ਉਹ ਆਗ-ਬਬੂਲਾ ਹੋ ਜਾਂਦਾ ਹੈ ਤੇ ਡਾਕਟਰ ਨੂੰ ਘਸੁੰਨ ਫੇਰਨੇ ਸ਼ੁਰੂ ਕਰ ਦਿੰਦਾ ਹੈ!

ਅਸੀਂ ਸ਼ਿਸ਼ਟਾਚਾਰ ਵਜੋਂ ਉਸਦੇ ਪਤੀ ਨੂੰ ਪੁਛਿਆ, "...ਤੁਸੀਂ ਕਿਥੋਂ ਆਏ ਹੋ?"

ਉਸ ਜੁਆਬ ਦਿਤਾ, "ਕੈਲੇਫੋਰਨੀਆ ਤੋਂ"।

ਅਸੀਂ ਉਹਨਾਂ ਨੂੰ ਦੱਸਿਆ ਕਿ "ਅਸੀਂ ਇੰਡੀਆ ਤੋਂ ਹਾਂ ਅਤੇ ਕੈਲੇਫੋਰਨੀਆ ਵੀ ਜਾਵਾਂਗੇ।" ਉਹ ਸੁਣ ਕੇ ਖੁਸ਼ ਹੋਏ ਤੇ ਕਹਿਣ ਲੱਗੇ, ".. ਟੂਰ ਬਹੁਤ ਮਹਿੰਗਾ ਹੈ!" ਅਸੀਂ ਦੱਸਿਆ, "ਸਾਡੇ ਹਰ ਥਾਂ ਦੋਸਤ ਮਿੱਤਰ ਨੇ ਅਤੇ ਸਾਡਾ ਸਾਰਾ ਖਰਚਾ ਉਹੋ ਹੀ ਕਰਦੇ ਨੇ.. ਅਸੀਂ ਤਾਂ ਘੁੰਮਣਾ ਫਿਰਨਾ ਤੇ ਦੇਖਣਾ ਵਿਖਾਉਣਾ ਹੀ ਹੈ।"

'ਉਫ...ਹੋ!' ਦੇ ਅੰਦਾਜ਼ ਵਿਚ ਗੋਰੀ ਔਰਤ ਨੇ ਸਿਰ ਝਟਕਿਆ ਤੇ ਕਹਿਣ ਲੱਗੀ, "ਬਹੁਤ ਮਹਿੰਗਾ ਹੈ ਨਿਊਯਾਰਕ ਹੋਟਲਾਂ ਦੇ ਖਰਚੇ!" ਫਿਰ ਉਹ ਕੁਝ ਯਾਦ ਆ ਜਾਣ ਤੇ ਮੁਸਕ੍ਰਾਈ, "ਸਾਰਾ ਖਰਚਾ ਸਾਨੂੰ ਤਾਂ ਆਪ ਹੀ ਕਰਨਾ ਪੈਂਦਾ ਹੈ.. ਸਾਡਾ ਏਥੇ ਕੋਈ 'ਦੋਸਤ' ਨਹੀਂ ਨਾ।"

ਦੋਸਤਾਂ ਦੇ ਸਾਡੇ ਲਈ ਕੀਤੇ ਜਾਣ ਵਾਲੇ ਖਰਚੇ ਦੀ ਮਿੱਠੀ ਟਿੱਪਣੀ 'ਤੇ ਅਸੀਂ ਖੁਲ੍ਹ ਕੇ ਹੱਸੇ ਤੇ ਉਹਨਾਂ ਤੋਂ ਵਿਦਾ ਲਈ।

ਅੱਗੇ ਤੁਰੇ ਤਾਂ ਇਕ ਖੂਬਸੂਰਤ ਜਪਾਨੀ ਜੋੜਾ ਮਿਲਿਆ। ਗੁਰਚਰਨ ਦੀ ਓਹੋ ਬੇਨਤੀ! ਮੈਂ ਉਸ ਜੋੜੀ ਦੇ ਚਾਰ ਕੁ ਸਾਲ ਦੇ ਗੋਲ-ਮਟੋਲ ਬੱਚੇ ਨੂੰ ਕੁੱਛੜ ਚੁਕ ਲਿਆ ਤੇ ਉਹ ਔਰਤ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਖਲੋ ਗਈ।

ਗੁਰਚਰਨ ਦੀ ਕਾਹਲੀ ਦੇ ਬਾਵਜੂਦ ਅਸੀਂ ਸਮੁੰਦਰੀ ਜਹਾਜ਼ ਦਾ 'ਅੰਦਰ' 'ਬਾਹਰ' ਵੇਖਿਆ। ਉਹ ਥਾਵਾਂ ਵੇਖੀਆਂ ਜਿਹੜੀਆਂ ਅੱਗੇ ਟੀ.ਵੀ. ਸੀਰੀਅਲਾਂ ਵਿਚ ਹੀ ਵੇਖੀਆਂ ਹੋਈਆਂ ਸਨ। ਜਿਥੇ ਬੈਠ ਕੇ ਜਹਾਜ਼ ਨੂੰ ਚਲਾਇਆ ਜਾਂਦਾ ਹੈ, 'ਕਪਤਾਨ ਦੀ ਉਹ ਮਹੱਤਵਪੂਰਨ ਸੀਟ ਵੀ ਵੇਖੀ।

ਜਹਾਜ਼ ਚੇ ਇਕ ਪਾਸੇ ਵਖ ਵਖ ਮੁਲਕਾਂ ਦੇ ਝੰਡੇ ਹਵਾ ਵਿਚ ਝੂਲ ਰਹੇ ਸਨ।

".. ਆਪਾਂ ਆਪਣੇ ਝੰਡੇ ਕੋਲ ਖੜੋ ਕੇ ਇਕ ਫੋਟੋ ਜ਼ਰੂਰ ਲਈਏ...", ਜਗਦੀਸ਼ ਸਿੰਘ ਨੇ ਸੁਝਾਓ ਦਿਤਾ। ਬਾਹਰਲੇ ਮੁਲਕ ਵਿਚ ਜਾ ਕੇ ਆਪਣਾ ਦੇਸ਼, ਆਪਣੇ ਬੰਦੇ ਤੇ ਆਪਣਾ ਝੰਡਾ ਹੋਰ ਵਧੇਰੇ ਚੰਗੇ ਲੱਗਣ ਲੱਗ ਪੈਂਦੇ ਹਨ। ਪਰ ਜਦੋਂ ਅਸੀਂ ਆਪਣੇ ਝੰਡੇ ਕੋਲ ਖੜੋ ਕੇ ਫੋਟੋ ਖਿਚਵਾਉਣ ਲਗੇ ਤਾਂ ਉਸ ਨੇ ਝੂਲਣਾ ਬੰਦ ਕਰ ਦਿਤਾ। ਅਸੀਂ ਵੇਖਿਆ ਲਾਗ-ਪਾਸ ਦੇ ਝੰਡੇ ਹੌਲੀ ਹੌਲੀ ਹਵਾ ਵਿਚ ਹਿੱਲ ਰਹੇ ਸਨ...ਪਰ ਤਿਰੰਗਾ ਚੁੱਪ ਸੀ, ਜਿਵੇਂ ਸਾਡੇ ਨਾਲ ਨਰਾਜ਼ ਹੋਵੇ। ਕੁਝ ਪਲ ਉਡੀਕਿਆ ਪਰ ਉਹ ਨਾ ਹਿੱਲਿਆ ਨਾ ਬੋਲਿਆ।



Sri Satguru Jagjit Singh Ji eLibrary NamdhariElibrary@gmail.com

# ਮੰਡੀ : ਸਰਗਰਮੀਆਂ ਦਾ ਕੇਂਦਰ



ਮੰਡੀ (ਹਿਮਾਚਲ ਪ੍ਰਦੇਸ਼) ਲੰਮੇ ਸਮੇਂ ਤੋਂ ਨਾਮਧਾਰੀ ਸਰਗਰਮੀਆਂ ਦਾ ਗੜ੍ਹ ਰਿਹਾ ਹੈ। ਸੰਨ ੧੯੫੧ ਵਿਚ ਮੰਡੀ ਵਿਖੇ ਖਿਚੀ ਗਈ ਉਪ੍ਰੋਕਤ ਤਸਵੀਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਰਿਆ ਬਿਆਸ ਕੰਢੇ ਸਥਿਤ ਪੁਰਾਣੀ ਕੋਠੀ ਦੇ ਸਾਹਮਣੇ ਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਯੁਵਾ ਅਵਸਥਾ ਵਿਚ ਆਪਣੇ ਸਾਜ਼ ਨਾਲ ਮੰਡੀ ਦੇ ਕੀਰਤਨ ਵਾਲੇ ਜੱਥੇ ਨਾਲ ਬੈਠੇ ਹਨ। ਸਤਿਗੁਰੂ ਜੀ ਦੇ ਨਾਲ ਹਾਰਮੋਨੀਅਮ ਵਾਲੇ ਮੰਡੀ ਦੇ ਪ੍ਰਸਿਧ ਜਥੇਦਾਰ ਸਵਰਗੀ ਸੰਤ ਸੇਵਾ ਸਿੰਘ ਜੀ ਹਨ। ਪ੍ਰਾਪਤ ਵੇਰਵੇ ਅਨੁਸਾਰ ਤਸਵੀਰ ਵਿਚ ਦਿਸਦੇ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ। ਖੱਬੇ ਤੋਂ ਸੱਜੇ — ਸ. ਗੁਰਦਿਤ ਸਿੰਘ, ਸੰਤ ਬਲਵੰਤ ਸਿੰਘ, ਜ. ਸੇਵਾ ਸਿੰਘ ਹਾਰਮੋਨੀਅਮ ਨਾਲ, ਸ. ਨਿਰਮਲ ਸਿੰਘ ਲਾਇਲਪੁਰੀ, ਸ. ਹਰਭਜਨ ਸਿੰਘ, ਸੰਤ ਕਰਮ ਸਿੰਘ, ਸ. ਗੁਰਬਚਨ ਸਿੰਘ, ਸੰਤ ਹਰਨਾਮ ਸਿੰਘ, ਸੰਤ ਵਰਿਆਮ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ, ਸ. ਅਮਰ ਸਿੰਘ ਫੋਟੋਗਰਾਫਰ, ਸੰਤ ਲਾਲ ਸਿੰਘ, ਗਿਆਨੀ ਸੋਹਣ ਸਿੰਘ, ਸੇਠ ਪ੍ਰੀਤਮ ਸਿੰਘ ਢੋਲਕੀ ਵਾਲੇ, ਸੰਤ ਸੰਤ ਸਿੰਘ ਸ. ਲਾਲ ਸਿੰਘ, ਸੰਤ ਪਿਆਰਾ ਸਿੰਘ, ਸੰਤ ਫੌਜਾ ਸਿੰਘ, ਸੰਤ ਜੋਗਿੰਦਰ ਸਿੰਘ, ਸੰਤ ਦਰਸ਼ਨ ਸਿੰਘ, ਸੰਤ ਈਸ਼ਰ ਸਿੰਘ, ਸੰਤ ਲਾਲ ਸਿੰਘ ਅਤੇ ਸੰਤ ਹਰਦਿਆਲ ਸਿੰਘ ਜੀ।

*(ਫੋਟੋ ਅਤੇ ਵੇਰਵਾ ਜਥੇਦਾਰ ਸਾਧਾ ਸਿੰਘ ਜੀ ਤੋਂ ਧੰਨਵਾਦ ਸਹਿਤ ਪ੍ਰਾਪਤ)*

Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਵਿਦਿਅਕ ਸੰਮੇਲਨਾਂ ਦੀਆਂ ਸਰਗਰਮੀਆਂ



ਸੂਬਾ ਮਹਿੰਦਰ ਕੌਰ ਇਸਤਰੀ ਨਾਮਧਾਰੀ ਵਿਦਿਅਕ ਜੱਥੇ ਦੇ ਸਾਬਕਾ ਪ੍ਰਧਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਨਮਾਨ ਪ੍ਰਾਪਤ ਕਰ ਰਹੇ ਹਨ। ਨਾਲ ਬੈਠੇ ਹਨ ਇਸਤਰੀ ਜਥੇ ਦੇ ਵਰਤਮਾਨ ਪ੍ਰਧਾਨ ਬੀਬੀ ਸੁਖਜੀਤ ਕੌਰ।



ਸ. ਸੁਰਜੀਤ ਸਿੰਘ ਜੀਤ ਰੀਸਰਚ ਸਕਾਲਰ, ਲੰਡਨ ਇੰਗਲੈਂਡ ਵਾਲੇ ਸ੍ਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ ਪੁਰਸਕਾਰ ਪ੍ਰਾਪਤ ਕਰ ਰਹੇ ਹਨ।



ਇਸਤਰੀ ਨਾਮਧਾਰੀ ਵਿਦਿਅਕ ਜੱਥੇ ਦੇ ਵਾਰਸ਼ਕ ਸੰਮੇਲਨ ਦਾ ਮੰਗਲਕਾਰੀ ਸੰਗੀਤਮਈ ਆਰੰਭ।

Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਵਿਦਿਅਕ ਸੰਮੇਲਨਾਂ ਦੀਆਂ ਸਰਗਰਮੀਆਂ



ਸੰਨ ੧੯੯੭ ਦੇ ਸਾਲਾਨਾ ਵਿਦਿਅਕ ਸੰਮੇਲਨ ਦਾ ਮੇਜ਼ਬਾਨ ਨਾਮਧਾਰੀ ਵਿਦਿਅਕ ਜੱਥਾ ਦੁਆਬਾ ਸੰਮੇਲਨ ਦੀ ਸਫਲਤਾ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ੍ਰੀ ਚਰਨਾਂ ਵਿਚ। ਸੰਤ ਦਿਆਲ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ, ਸੂਬਾ ਸੁਰਜੀਤ ਸਿੰਘ ਜੀ, ਸੰਤ ਗੁਰਮੁਖ ਸਿੰਘ ਨਾਮਧਾਰੀ ਵਰਤਮਾਨ ਪ੍ਰਧਾਨ ਕੇਂਦਰੀ ਜੱਥਾ ਅਤੇ ਸ. ਗੁਰਦੇਵ ਸਿੰਘ ਚੱਘਰ ਵਿਦਿਅਕ ਜੱਥੇ ਦੇ ਮੈਂਬਰਾਂ ਅਤੇ ਸਾਧ ਸੰਗਤ ਦੇ ਨਾਲ।



ਮਈ ੧੯੬੮ ਵਿਚ ਨਾਮਧਾਰੀ ਵਿਦਅਕ ਜੱਥਾ ਮੰਡੀ ਦਾ ਸਥਾਨਕ ਪੱਧਰ ਦਾ ਵਿਸ਼ਾਲ ਸੰਮੇਲਨ ਹੋਇਆ। ਇਸ ਅਵਸਰ ਤੇ ਤਾਰਨਾ ਮੰਦਰ ਦੀ ਪਹਾੜੀ ਤੇ ਖਿਚੀ ਤਸਵੀਰ ਦਾ ਅਕਸ–

ਖੜੇ ਖੱਬੇ ਤੋਂ ਸੱਜੇ– ਸੰਤ ਸਵਰਨ ਸਿੰਘ ਵਿਰਕ ਕਰੀਵਾਲਾ, ਪਿਛੇ ਦਿਸਦੇ ਸੰਤ ਸੁਰਜੀਤ ਸਿੰਘ ਜੀਤ ਫਿਲੌਰ (ਅਜਕਲ ਲੰਡਨ), ਸੇਠ ਮੋਹਰ ਸਿੰਘ ਜੀ ਤਦਵਕਤੀ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਮੰਡੀ, ਸੰਤ ਗੁਰਭਜਨ ਸਿੰਘ ਨਾਮਧਾਰੀ ਸਤਿਗੁਰੂ ਜੀ ਦੇ ਤਦਵਕਤੀ ਨਿੱਜੀ ਸਕੱਤਰ, ਸੰਤ ਸਵਰਨ ਸਿੰਘ ਸਨੇਹੀ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸੰਤ ਹਰਵਿੰਦਰ ਸਿੰਘ ਮੰਡੀ ਅਤੇ ਸ. ਬਖਸ਼ੀਸ਼ ਸਿੰਘ ਜੰਮੂ।

ਬੈਠੇ – ਬਿੱਲਾ...... ਅਤੇ ਸਤਿਪਾਲ ਸਿੰਘ ਸਨੇਹੀ ਉਸ ਵੇਲੇ ਦੇ ਸਕੱਤਰ ਨਾਮਧਾਰੀ ਵਿਦਿਅਕ ਜੱਥਾ ਮੰਡੀ।

Sri Satguru Jagjit Singh Ji eLibrary NamdhariElibrary@gmail.com



ਜੰਮੂ ਵਿਚ ਸੰਨ ੧੯੭੫ ਨੂੰ ਹੋਏ ਸੰਗੀਤ ਸੰਮੇਲਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਆਗਤ ਕਰਦੇ ਹੋਏ ਨੌਜਵਾਨ।
ਖਬਿਓਂ ਸ. ਮਹਿੰਦਰ ਸਿੰਘ, ਸ. ਪ੍ਰੀਤਮ ਸਿੰਘ ਵਾਇਲਨਵਾਦਕ, ਸ. ਪ੍ਰੀਤਮ ਸਿੰਘ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ,
ਸ੍ਰੀ. ਸਵਰਨ ਸਿੰਘ, ਸ੍ਰੀ ਗੁਰਦੇਵ ਸਿੰਘ ਸਰੋਦ ਵਾਦਕ ਅਤੇ ਸ੍ਰੀ ਹਰਮੀਤ ਸਿੰਘ ਢੋਡਾ, ਦਿੱਲੀ।



ਪੰਥ ਰਤਨ ਮਾਸਟਰ੍ਹ ਨਿਹਾਲ ਸਿੰਘ ਜੀ ਵਿਦਿਅਕ ਜੱਥੇ ਦੇ ਬਾਨੀ ਪ੍ਰਧਾਨ, ਵਖ ਵਖ ਸਮਿਆਂ ਦੇ ਪ੍ਰਧਾਨਾਂ ਦੇ ਨਾਲ।
ਖਬਿਓਂ— ਸੰਤ ਦਲੀਪ ਸਿੰਘ ਨਾਮਧਾਰੀ, ਜਗਦੀਸ਼ ਸਿੰਘ ਵਰਿਆਮ, ਮਾਸਟਰ ਨਿਹਾਲ ਸਿੰਘ ਜੀ,
ਸ. ਅਜੀਤ ਸਿੰਘ ਚੀਮਾ ਤੇ ਵਰਤਮਾਨ ਪ੍ਰਧਾਨ ਸ. ਗੁਰਮੁਖ ਸਿੰਘ ਰਹਿਬਰ।

Sri Satguru Jagjit Singh Ji eLibrary NamdhariElibrary@gmail.com

"...ਅਸੀਂ ਤਾਂ ਇਹੋ ਜਿਹਾ ਕੁਝ ਨਹੀਂ ਕੀਤਾ ਕਿ ਝੰਡੇ ਨੂੰ ਸ਼ਰਮਸਾਰ ਹੋਣਾ ਪਵੇ", *ਮੈਂ ਹਾਸੇ ਨਾਲ ਆਖਿਆ।* "ਸ਼ਾਇਦ ਇਹ ਉਹਨਾਂ ਲੋਕਾਂ ਬਾਰੇ ਆਪਣੀ ਨਾਰਾਜ਼ਗੀ ਸਾਡੇ ਨਾਲ ਸਾਂਝੀ ਕਰ ਰਿਹਾ ਹੈ, ਜਿਹੜੇ ਇਹਨੂੰ ਸ਼ਰਮਿੰਦਾ ਕਰਦੇ ਨੇ ...।"

ਅੱਗੇ ਗਏ ਤਾਂ ਸਿੱਧੀ ਤਣੀ ਹੋਈ ਸਕਿਉਰਟੀ ਵਾਲੀ ਕਾਲੀ ਪੁਲੀਸ ਅਫਸਰ ਨੂੰ ਵੇਖ ਕੇ ਮੈਂ ਆਖਿਆ, "ਗੁਰਚਰਨ ਸਿਆਂ ਐਸ ਜਲ-ਜਲੋ ਅਤੇ ਪਸਤੌਲ ਵਾਲੀ ਬੀਬੀ ਨਾਲ ਵੀਇਕ ਇਕ ਫੋਟੋ ਹੋ ਜੇ।"

ਜਗਦੀਸ਼ ਸਿੰਘ ਉਸ ਦੇ ਲਾਗੇ ਖੜੋਤਾ ਤਾਂ ਉਹਨੇ ਉਹਨੂੰ ਜੱਫੀ ਵਿਚ ਖਿੱਚ ਕੇ ਵੱਖੀ ਨਾਲ ਲਾ ਲਿਆ ਤੇ ਖੁਲ੍ਹ ਕੇ ਹੱਸਣ ਲੱਗੀ, "...ਫੋਟੋ ਖਿਚਵਾਉਣੀ ਹੋਵੇ ਤਾਂ ਜਾਚ ਵੀ ਸਿੱਖਣੀ ਚਾਹੀਦੀ ਹੈ।" ਉਸ ਨੇ ਹੱਸਦਿਆਂ ਹੋਇਆਂ ਦੂਜੀ ਬਾਂਹ ਹਵਾ ਵਿਚ ਲਹਿਰਾ ਦਿਤੀ।

ਉਸ ਜ਼ਿੰਦਾ-ਦਿਲ ਔਰਤ ਨਾਲ ਫੋਟੋ ਸੈਸ਼ਨ ਤੋਂ ਬਾਦ ਜਦੋਂ ਅਸੀਂ ਬਾਹਰਲੇ ਗੇਟ 'ਤੇ ਵਾਪਸ ਆਏ ਤਾਂ ਫੋਟੋਗਰਾਫਰ ਸਾਡੀਆਂ ਫੋਟੋਆਂ ਲੈ ਕੇ ਖੜੋਤਾ ਸੀ ਤੇ ਪਹਿਲੀ ਸ਼ਰਤ ਦੁਹਰਾ ਰਿਹਾ ਸੀ—"ਜੀ ਕਰੇ ਤਾਂ ਲੈ ਜਾਓ... ਜੀ ਕਰੇ ਤਾਂ ਰਹਿਣ ਦਿਓ।"

ਪਰ ਤਸਵੀਰਾਂ ਖਿੱਚੀਆਂ ਹੀ ਏਨੀਆਂ ਚੰਗੀਆਂ ਸਨ ਕਿ ਜਗਦੀਸ਼ ਸਿੰਘ ਦਾ ਮਨ ਲਲਚਾ ਗਿਆ। ਗੁਰਚਰਨ ਨੇ ੧੦ ਡਾਲਰ ਪ੍ਰਤੀ ਤਸਵੀਰ ਦੇ ਦਿਤੇ ਤੇ ਤਸਵੀਰਾਂ ਯਾਦਗਾਰ ਵਜੋਂ ਲੈ ਕੇ ਅਸੀਂ ਬਾਹਰ ਸੜਕ ਉਪਰ ਆ ਗਏ।

ਪੈਦਲ ਘੁੰਮਦੇ ਘੁਮਾਉਂਦੇ ਅਸੀਂ 'ਬਰਾਡ ਵੇ' ਉਤੇ ਆ ਗਏ। ਏਥੇ ਕਾਫੀ ਸਾਰੇ ਥੀਏਟਰ ਸਨ, ਕੁਝ ਇਕ ਥਾਵਾਂ 'ਤੇ ਕਲਾ ਪ੍ਰਦਰਸ਼ਨੀਆਂ ਵੀ ਲੱਗੀਆਂ ਹੋਈਆਂ ਸਨ।

ਗੁਰਚਰਨ ਤੇ ਗੁਰਸੇਵਕ ਕੱਕ ਤੇ ਕੁਝ ਖਾਣ-ਪੀਣ ਦਾ ਸਮਾਨ ਫੜਨ ਲਈ ਇਕ ਸਟੋਰ ਅੰਦਰ ਦਾਖਲ ਹੋਏ। ਮੈਂ ਤੇ ਜਗਦੀਸ਼ ਸਿੰਘ ਬਾਹਰ ਫੁੱਟਪਾਥ ਤੇ ਖੜੋਤੇ 'ਰੰਗ-ਤਮਾਸ਼ੇ' ਵੇਖ ਰਹੇ ਸਾਂ। ਏਨੇ ਨੂੰ ਇਕ ਜੁਆਨ ਤੇ ਹੱਟਾ-ਕੱਟਾ 'ਕਾਲਾ' ਇਕ ਸਟੋਰ 'ਚੋਂ ਸੀਟੀਆਂ ਵਜਾਉਂਦਾ ਨਿਕਲਿਆ। ਸ਼ਰਾਬ ਨਾਲ ਰੱਜਿਆ ਹੋਇਆ ਭੂਤਰਿਆ ਸਾਹਨ...ਲਾਲ ਗਹਿਰੀਆਂ ਅੱਖਾਂ ਨਾਲ ਫੱਟਪਾਥ 'ਤੇ ਏਧਰ ਓਧਰ ਵੇਖਣ ਲਗਾ। ਚਾਰ ਕੁ ਕਦਮਾਂ ਦੀ ਵਿੱਥ ਤੇ ਇਕ ਨੌਜੁਆਨ ਮੁੰਡਾ ਤੇ ਉਹਦੇ ਪਿੱਛੇ ਪਿੱਛੇ ਭੂਰੇ ਵਾਲਾਂ ਵਾਲੀ ਸੁਨੱਖੀ ਮੁਟਿਆਰ, ਉਸਦੀ ਸਾਥਣ ਤੁਰੇ ਆ ਰਹੇ ਸਨ। ਮੁੰਡਾ ਨੇੜਲੇ ਸਟੋਰ ਵਿਚ ਵੜ ਗਿਆ। ਕੁੜੀ *ਉਹਦੇ ਪਿੱਛੇ ਅੰਦਰ ਦਾਖਲ ਹੋਣ ਹੀ ਵਾਲੀ ਸੀ* ਕਿ ਕਾਲੇ ਹਬਸ਼ੀ ਨੇ ਉਸ ਨੂੰ ਰੋਕਕੇ 'ਸੁਲਾਹ' ਮਾਰੀ। ਜੇ ਕਿਤੇ ਪੰਜਾਬ ਵਿਚ ਅਜਿਹਾ ਕੀਤਾ ਜਾਂਦਾ ਤਾਂ ਹੋ ਸਕਦਾ ਕੁੜੀ ਸੈਂਡਲ ਲਾਹ ਲੈਂਦੀ ਤੇ ਤੱਤੀਆਂ ਤੱਤੀਆਂ ਗਾਲ੍ਹਾਂ ਦਾ ਰਾਬਾ ਚਾੜ੍ਹ ਦਿੰਦੀ, "ਖਲੋ ਤੇਰੀ...ਔਂਤਰਿਆਂ ਨਖੱਤਰਿਆਂ ਦਿਆਂ.. ਤੇਰੇ ਘਰ ਮਾਵਾਂ ਭੈਣਾਂ ਨਹੀਂ ਹਰਾਮਜ਼ਾਦਿਆ ..ਰਾਹ ਜਾਂਦੀਆਂ ਨਾਲ ਛੇੜਖਾਨੀ ਕਰਦਾ ਏਂ।"

ਅਸੀਂ ਉਤਸੁਕਤਾ ਨਾਲ ਵੇਖ ਰਹੇ ਸਾਂ, ਪਰ ਕੁੜੀ ਨੇ ਉਸ ਦੀ ਗੱਲ ਦਾ ਕੋਈ ਗੁੱਸਾ ਨਾ ਕੀਤਾ, ਸਗੋਂ ਸਟੋਰ ਅੰਦਰ ਵੜਦੀ ਵੜਦੀ ਨੇ ਪਿੱਛੇ ਨੂੰ ਮੂੰਹ ਕਰਕੇ ਬੜੇ ਹੀ ਨਿਮਰ ਅੰਦਾਜ਼ ਵਿਚ 'ਨਾਂਹ' ਵਿਚ ਸਿਰ ਹਿਲਾਇਆ। ਇੰਜ ਲਗਦਾ ਸੀ ਜਿਵੇਂ ਉਹ ਕਹਿ ਰਹੀ ਹੋਵੇ ਕਿ ਉਹ ਉਸਦੀ 'ਸੁਲਾਹ' ਲਈ ਧੰਨਵਾਦ ਕਰਦੀ ਹੈ...ਪਰ ਇਸ ਵੇਲੇ ਵਿਹਲੀ ਨਾ ਹੋਣ ਦੀ ਉਸਨੂੰ ਜੋ ਮਜਬੂਰੀ ਹੈ, ਉਹ ਖਿਮਾਂ ਕਰ ਦਿਤੀ ਜਾਵੇ।

ਕਾਲੇ ਨੇ ਵੀ ਕੋਈ ਜ਼ਿਦ ਨਾ ਕੀਤੀ, ਉਸੇ ਵੇਲੇ ਤੁਰ ਪਿਆ। ਉਹਨੇ ਹੋਰ ਵੀ ਇਕ ਦੋਂਹ ਨੂੰ ਇਸ਼ਾਰੇ ਕੀਤੇ ਪਰ ਉਸਦੀ ਗੱਲ ਨਾ ਬਣੀ।

ਸਮਾਨ ਨਾਲ ਭਰੇ ਹੋਏ ਲਿਸ਼ ਲਿਸ਼ ਕਰਦੇ ਸਟੋਰ... ਚਕਾਚੌਂਧ ਰੌਸ਼ਨੀਆਂ। ਗੁਰਚਰਨ ਬੇਝਿਜਕ ਹਰੇਕ ਸਟੋਰ ਵਿਚ ਵੜ ਜਾਂਦਾ ਤਾਂ ਕਿ ਅਸੀਂ ਉਥੋਂ ਦੀਆਂ ਵਸਤਾਂ, ਖਰੀਦਦੇ ਲੋਕ, ਖਰੀਦਣ ਦਾ ਢੰਗ ਜਾਣ ਸਕੀਏ। ਇਕ ਸਟੋਰ ਵਿਚ ਜਗਦੀਸ਼ ਸਿੰਘ ਦਾ ਮਨ ਸੈਂਕੜੇ ਛੋਟੇ ਵੱਡੇ ਬੈਗ ਵੇਖਕੇ, ਮੋਢੇ ਤੇ ਪਾਉਣ ਵਾਲਾ ਨਿੱਕਾ ਜਿਹਾ ਬੈਗ ਖਰੀਦਣ ਨੂੰ ਫੁਰਕ ਪਿਆ। ਇਕ ਸੇਲਜ਼ ਗਰਲ ਨੂੰ ਸਰਸਰੀ ਪੁਛ ਬੈਠਾ, "ਐਸ ਬੈਗ ਤੋਂ ਰਤਾ ਕੁ ਛੋਟਾ ਬੈਗ ਹੋਵੇਗਾ?" ਉਹ ਹਥਲਾ ਕੰਮ ਛੱਡ ਕੇ ਇਕ ਤੋਂ ਬਾਦ ਇਕ ਬੈਗ ਦਿਖਾਣ ਲਗੀ। ਉਨ੍ਹਾਂ 'ਚੋਂ ਜਗਦੀਸ਼ ਸਿੰਘ ਦੀ ਇੱਛਾ ਅਨੁਸਾਰ ਕੋਈ ਵੀ ਢੁਕਵਾਂ ਨਹੀਂ ਸੀ ਲਗ ਰਿਹਾ ਅਤੇ ਅਸੀ ਸਭ ਨੇ ਹੋਰ ਬੈਗ ਨਾ ਦੇਖਣ ਦਾ ਫੈਸਲਾ ਕਰ ਲਿਆ। ਪਰ ਉਸ ਬੀਬੀ ਦੇ ਮਨ ਵਿਚ ਸੀ ਕਿ ਗਾਹਕ 'ਨਿਰਾਸ਼' ਨਾ ਮੁੜ ਜਾਣ। ਉਹਨੇ ਨਿਮਰਤਾ ਨਾਲ ਕਿਹਾ ਕਿ ਉਹ ਸੜਕੋਂ ਪਾਰ ਉਹਨਾਂ ਦੇ ਹੀ ਦੂਜੇ ਸਟੋਰ ਉੱਤੇ ਸਾਡੀ ਪਸੰਦ ਦਾ ਬੈਗ ਜ਼ਰੂਰ ਦਵਾ ਦੇਵੇਗੀ। ਸਾਨੂੰ ਅਣਸਰਦੀ ਨੂੰ ਦੂਜੇ ਸਟੋਰ ਵਿਚ ਵੀ ਜਾਣਾ ਪਿਆ। ਬੈਗ ਖਰੀਦਣਾ ਛੱਡਕੇ ਸਾਨੂੰ ਉਸਤੋਂ



Sri Satguru Jagjit Singh Ji eLibrary NamdhariElibrary@gmail.com

ਜਾਨ ਛੁਡਾਉਣੀ ਔਖੀ ਹੋਈ ਪਈ ਸੀ। ਜਦੋਂ ਔਕ-ਥੱਕ ਕੇ ਅਰਧ-ਸ਼ਰਮਿੰਦਗੀ ਦੀ ਹਾਲਤ ਵਿਚ ਅਸੀਂ ਉਸਨੂੰ ਕਿਹਾ, "ਸਾਨੂੰ ਅਫ਼ਸੋਸ ਹੈ ਕਿ ਅਸੀਂ ਤੁਹਾਡੀ ਏਨੀ ਖੇਚਲ ਦੇ ਬਾਵਜੂਦ ਕੋਈ ਬੈਗ ਖਰੀਦ ਨਹੀਂ ਸਕੇ .." ਤਾਂ ਲਗ ਪਗ ਵੀਹ-ਪੰਝੀ ਮਿੰਟ ਸਾਡੇ ਤੇ ਬਰਬਾਦ ਕਰਨ ਪਿਛੋਂ ਵੀ ਉਸ ਬੀਬੀ ਦੇ ਸੋਹਣੇ ਮੁੱਖ ਉੱਤੇ ਕੋਈ ਸ਼ਿਕਨ ਨਹੀਂ ਸੀ। ਉਹ ਮੁਸਕਰਾਉਂਦੀ ਹੋਈ ਠੁਮਕ ਠੁਮਕ ਸੜਕ ਪਾਰ ਕਰਕੇ ਪਹਿਲੇ ਸਟੋਰ ਵਿਚ ਪਰਤ ਗਈ।

ਅਸੀਂ ਫੁੱਟਪਾਥ 'ਤੇ ਖੜੋਤੇ ਉਹਦੀ ਗਾਹਕ ਵਣਜਣ ਦੀ ਅਥੱਕ ਕੋਸ਼ਿਸ਼ ਤੇ ਸਹਿਜ ਵਤੀਰੇ ਦੀ ਪ੍ਰਸ਼ੰਸ ਕਰ ਰਹੇ ਸਾਂ। ਸਾਡੇ ਸਾਹਮਣੇ ਰੌਸ਼ਨੀਆਂ ਦੀ ਝਮਝਮ ਵਿਚ ਪੂਰੀ ਸ਼ਾਨ ਨਾਲ ਖੜੋਤਾ ਪੰਜਤਾਲੀ ਮੰਜਲਾ ਹੋਟਲ (Marriot Square ਸੀ।

"ਹੋਟਲ ਵੇਖਣੇਂ ਅੰਦਰੋਂ..." ਗੁਰਚਰਨ ਨੇ ਪੁੱਛਿਆ। "ਇਹੋ ਜਿਹੇ ਹੋਟਲ 'ਚ ਸਾਨੂੰ ਵੜਨ ਕੌਣ ਦਿੰਦੈ ?" ਮੈਂ ਹਾਸੇ ਨਾਲ ਆਖਿਆ ਤਾਂ ਗੁਰਚਰਨ ਨੇ ਤੁਰਤ ਉਤਰ ਮੋੜਿਆ, "ਸਾਨੂੰ ਰੋਕ ਕੌਣ ਸਕਦੈ...।"

ਉਹ ਅੱਗੇ ਹੋ ਕੇ ਦਗੜ-ਦਗੜ ਹੋਟਲ ਵੱਲ ਤੁਰ ਪਿਆ।

"ਓਏ ਜੇ ਕਿਸੇ ਰੋਕ ਦਿੱਤਾ...।"

"ਆਓ ਤੁਸੀਂ।"

ਅਸੀਂ ਹੋਟਲ ਦੇ ਅੰਦਰ ਵੜੇ। ਗਹਿਮਾ-ਗਹਿਮ ਸੀ। ਮੇਲੇ ਵਰਗਾ ਮਾਹੌਲ।

"ਏਨੇ ਲੋਕਾਂ 'ਚ ਹੋਟਲ ਵਾਲਿਆਂ ਨੂੰ ਕੀ ਪਤਾ ਕਿਹੜਾ ਸਾਡਾ ਕਸਟਮਰ ਹੈ ਤੇ ਕਿਹੜਾ ਨਹੀਂ...।"

ਗੁਰਚਰਨ ਦੀ ਗੱਲ ਠੀਕ ਸੀ, "ਚਲੋ ਉੱਪਰ ਵੀ ਚੱਲਦੇ ਆਂ।"

ਵੱਖ ਵੱਖ ਕੋਨਿਆਂ ਤੋਂ ਕਈ ਲਿਫਟਾਂ ਉਪਰ ਨੂੰ ਜਾ ਰਹੀਆਂ ਸਨ। ਜਿਹੜੀ ਲਿਫਟ ਸਾਡੇ ਨਜ਼ਦੀਕ ਸੀ, ਅਸੀਂ ਉਸ ਵਿਚ ਜਾ ਵੜੇ। ਇਹ ਬੰਦ ਲਿਫ਼ਟ ਨਹੀਂ ਸੀ। ਇਸ ਦੁਆਲੇ ਸ਼ੀਸ਼ੇ ਲੱਗੇ ਹੋਏ ਸਨ 'ਤੇ ਹੋਟਲ ਦਾ ਬਾਹਰਲਾ ਪਾਸਾ ਦਿਖਾਈ ਦਿੰਦਾ ਸੀ। ਆਪਣੀ ਆਪਣੀ ਮੰਜ਼ਿਲ 'ਤੇ ਲੋਕ ਉਤਰ ਰਹੇ ਸਨ, ਕੁਝ ਚੜ੍ਹ ਰਹੇ ਸਨ। ਲਿਫਟ ਭਰੀ ਹੋਈ ਸੀ। ਅਸੀਂ ਤਾਂ ਪੰਜਤਾਲਵੀਂ ਮੰਜ਼ਿਲ ਦੇ 'ਗਾਹਕ' ਸਾਂ। ਉਥੇ ਉਤਰੇ। ਘੁੰਮ ਫਿਰ ਕੇ ਵੇਖਿਆ। ਹਰੇਕ ਮੰਜ਼ਿਲ 'ਤੇ ਖਰੀਦ ਕਰਨ ਲਈ ਸਟੋਰ ਸਨ। ਹਰੇਕ ਮੰਜ਼ਿਲ 'ਤੇ ਲਾਬੀ ਵਿਚ ਖਾਣ-ਪੀਣ ਲਈ 'ਬਾਰ' ਬਣੀਆਂ ਹੋਈਆਂ ਸਨ।

"ਆ ਜਾਓ ਕੁਝ ਖਾ-ਪੀ ਲਓ...।" ਗੁਰਚਰਨ ਨੇ ਸਾਨੂੰ ਗੱਦੇਦਾਰ ਕੁਰਸੀਆਂ 'ਤੇ ਬੈਠ ਜਾਣ ਲਈ ਕਿਹਾ। ਸਾਡੇ 'ਨਾਂਹ' ਕਰਨ ਤੋਂ ਪਹਿਲਾਂ ਹੀ ਤਾਂ ਉਹ ਆਪਣਾ ਫੈਸਲਾ ਲੈ ਚੁੱਕਦਾ ਸੀ। ਮੈਂ ਸੋਚਿਆ, ਇਸ ਹੋਟਲ ਵਿਚ ਤਾਂ ਕੌਫੀ ਦਾ ਕੱਪ ਵੀ ਪਤਾ ਨਹੀਂ ਕਿੰਨ੍ਹਾਂ ਕੁ ਮਹਿੰਗਾ ਹੋਵੇਗਾ।"

ਮੈਂ ਉਸਨੂੰ ਅਜਿਹੀ ਫਜ਼ੂਲ ਖਰਚੀ ਤੋਂ ਵਰਜਿਆ। ਮੇਰੇ ਹਿਸਾਬ ਨਾਲ ਅੱਜ ਘਰੋਂ ਤੁਰਦਿਆਂ ਹੁਣ ਤੱਕ ਗੁਰਚਰਨ ਤੇ ਗੁਰਸੇਵਕ ਦਾ ਭਾਰਤੀ ਸਿੱਕੇ ਅਨੁਸਾਰ ਦਸ ਹਜ਼ਾਰ ਤੋਂ ਉਪਰ ਖ਼ਰਚ ਹੋ ਚੁੱਕਾ ਸੀ। ਹੁਣ ਦੀ 'ਫਜ਼ੂਲ-ਖਰਚੀ' ਮੈਨੂੰ ਆਪਣੇ 'ਤੇ 'ਭਾਰ' ਲੱਗਦਾ ਸੀ।

ਅਸੀਂ ਬੈਠੇ ਹੋਏ ਸਾਂ। ਇਕ ਬੜੀ ਹੀ ਸੋਹਣੀ ਕੁੜੀ ਜਿਸਦਾ ਗੋਰਾ ਬਦਨ ਕਾਲੀ ਪੁਸ਼ਾਕ ਵਿਚੋਂ ਚਮਕ ਰਿਹਾ ਸੀ ਸਾਨੂੰ 'ਡਰਿੰਕ' ਪੁੱਛਣ ਆ ਖੜੋਤੀ। ਮੈਂ ਸੁਭਾ ਮੁਤਾਬਿਕ ਸੰਗ ਰਿਹਾ ਸਾਂ ਤੇ ਸੋਚ ਰਿਹਾ ਸਾਂ ਕਿ ਹੁਣ ਤਾਂ ਫ਼ਸੇ। ਪਰ ਗੁਰਚਰਨ ਨੂੰ ਕੋਈ ਪ੍ਰਵਾਹ ਨਹੀਂ ਸੀ। ਕਹਿੰਦਾ, "ਕੁਝ ਮਿੰਟ ਠਹਿਰ ਕੇ। ਅਸੀਂ ਕਿਸੇ ਦੀ ਉਡੀਕ ਕਰ ਰਹੇ ਹਾਂ...।"

ਉਹ ਮੁਸਕਰਾ ਕੇ ਵਾਪਸ ਤੁਰ ਗਈ।

ਉਹ ਪਰ੍ਹਾਂ ਹੋਈ ਤਾਂ ਮੈਂ ਆਖਿਆ, "ਉਠ ਭਰਾ ਚੱਲੀਏ ਏਥੋਂ...।"

ਲਿਫਟ ਵਿਚ ਵੜੇ ਤਾਂ ਲਿਫਟ ਕੁਝ ਪਲਾਂ ਵਿਚ ਹੀ ਭਰ ਗਈ। ਤੁਰਨ ਹੀ ਲੱਗੇ ਸਾਂ ਕਿ ਇਕ ਗੋਰੀ ਬੁਢੜੀ, "Please one more" ਕਹਿ ਕੇ ਅੰਦਰ ਆ ਗਈ ਤੇ ਆਪਣਾ ਥਾਂ ਬਣਾ ਲਿਆ ਪਰ ਜਦੋਂ ਅਗਲੀ ਮੰਜ਼ਿਲ 'ਤੇ ਇਕ ਮੋਟਾ ਜਿਹਾ ਗੋਰਾ ਅੰਦਰ ਵੜਨ ਲੱਗਾ ਤਾਂ ਉਸ ਬਜ਼ੁਰਗ ਔਰਤ ਨੇ ਉਸਨੂੰ ਮੋਢਿਆਂ ਤੋਂ ਫੜ ਕੇ ਰੋਕ ਲਿਆ ਤੇ ਅੰਦਰ ਥਾਂ ਨਾ ਹੋਣ ਕਰਕੇ ਬਾਹਰ ਹੀ ਖੜ੍ਹੋ ਰਹਿਣ ਲਈ ਕਿਹਾ। ਪਰ ਇਸ ਮੋਟੇ ਗੋਰੇ ਨੇ, "Please one more" ਕਹਿਣ ਦੀ ਥਾਂ ਉਸ ਬੁੱਢੀ ਨੂੰ ਪਾਸੇ ਧੱਕਿਆ ਤੇ ਅੰਦਰ ਆ ਵੜਿਆ ਤੇ ਸਾਡਾ ਸਭ ਦਾ ਕਾਫੀਆ ਤੰਗ ਕਰ ਦਿਤਾ। ਇਹ ਵੇਖ ਕੇ ਮੈਨੂੰ 'ਪਹੁਤਾ ਪਾਂਧੀ' ਕਹਾਣੀ ਦਾ ਖਿਆਲ ਆ ਗਿਆ।

ਹੋਟਲ ਤੋਂ ਬਾਹਰ ਆਏ ਤਾਂ ਸ਼ਾਮ ਨੇੜੇ ਢੁੱਕਣ ਵਾਲੀ



Sri Satguru Jagjit Singh Ji eLibrary NamdhariElibrary@gmail.com

ਸੀ। ਅਸੀਂ ਤੁਰਦੇ ਤੁਰਦੇ ਥੱਕ ਵੀ ਗਏ ਸਾਂ। ਅਜੇ ਸੇਵਨਟੀ ਫ਼ੋਰ ਇੰਡੀਅਨ ਮਾਰਕੀਟ ਵਿਚ ਆ ਗੇੜਾ ਮਾਰਨਾ ਸੀ।

ਅਸੀਂ ਰੇਲ ਰਾਹੀਂ ਵਾਪਸ ਆਉਣਾ ਸੀ। ਤੇਜ਼ ਗਤੀ ਨਾਲ ਚੱਲਣ ਵਾਲੀਆਂ ਰੇਲਾਂ ਲਈ ਥਾਂ ਧਰਤੀ ਦੇ ਹੇਠਾਂ ਬਣਾਈ ਹੋਈ ਸੀ। ਕਮਾਲ ਦੀ ਕਾਰੀਗਰੀ ! ਸਾਰੀ ਧਰਤੀ ਖੋਖਲੀ ਕੀਤੀ ਹੋਈ ਸੀ। ਗੁਰਚਰਨ ਨੇ ਰੇਲ ਦੀਆਂ ਟਿਕਟਾਂ ਖ਼ਰੀਦੀਆਂ। ਇਹ ਟਿਕਟਾਂ ਛੋਟੇ ਸਿੱਕੇ ਵਾਂਗ ਸਨ। ਪਲੇਟਫ਼ਾਰਮ 'ਤੇ ਦਾਖਲ ਹੋਣ ਲਈ ਬਾਹਰ ਲੱਗੇ ਗੇਟਾਂ ਵਿਚੋਂ—ਜਿਸ ਵਿਚੋਂ ਕੋਈ ਗੁਜ਼ਰ ਰਿਹਾ ਹੋਵੇ ਉਹ ਟਿਕਟ ਗੇਟ 'ਤੇ ਬਣੇ ਨਿਸਚਿਤ ਥਾਂ ਵਿਚ ਸੁੱਟ ਦਿੰਦਾ ਹੈ ਤੇ ਗੇਟ ਅੱਗੇ ਅੜ ਕੇ ਖੜੋਤਾ ਡੰਡਾ ਢਿਲਾ ਹੋ ਜਾਂਦਾ ਹੈ ਤੇ ਹੱਥ ਨਾਲ ਉਸਨੂੰ ਪਾਸੇ ਕਰਕੇ ਅੰਦਰ ਲੰਘ ਜਾਈਦਾ ਹੈ। ਗੱਡੀ ਆਈ ਤਾਂ ਅਸੀਂ ਉਸ ਵਿਚ ਜਾ ਚੜ੍ਹੇ। ਸਾਹਮਣੇ ਹੀ ਇਕ ਅੱਧ-ਖੜ ਸਰਦਾਰ ਤੇ ਸਰਦਾਰਨੀ ਬੈਠੇ ਹੋਏ ਸਨ। 'ਹਰ ਥਾਂ 'ਤੇ ਸਰਦਾਰ ਤਾਂ ਪਹਿਲਾਂ ਹੀ ਹਾਜ਼ਰ ਹੋਣ ਵਾਲੇ ਲਤੀਫੇ ਯਾਦ ਆਏ ਕਿ ਦੁਨੀਆਂ ਦਾ ਕੋਈ ਖਿੱਤਾ ਅਜਿਹਾ ਨਹੀਂ ਜਿਥੇ ਆਲੂ ਤੇ ਸਰਦਾਰ ਨਾ ਪਾਏ ਜਾਂਦੇ ਹੋਣ ਜਾਂ ਜਦੋਂ ਨੀਲ ਆਰਮਸਟਰਾਂਗ ਹੁਰੀਂ ਚੰਨ 'ਤੇ ਉਤਰੇ ਤਾਂ ਉਥੇ ਪਹਿਲਾਂ ਹੀ ਸਰਦਾਰ ਜੀ ਝੰਡੇ ਥੁੰਗੇ ਗੱਡੀ ਖੜੋਤੇ ਸਨ।

ਆਸੇ-ਪਾਸੇ ਨਜ਼ਰ ਮਾਰੀ। ਰੇਲ ਦੀਆਂ ਦੀਵਾਰਾਂ ਨਾਲ ਲੰਮੇ ਰੁਖ ਦੋਹੀਂ ਪਾਸੀਂ ਆਹਮੋ-ਸਾਹਮਣੀਆਂ ਸੀਟਾਂ ਸਨ। ਗੰਦਗੀ ਦਾ ਕਿਧਰੇ ਨਾਮੋ-ਨਿਸ਼ਾਨ ਨਹੀਂ ਸੀ। ਵਖ ਵਖ ਰੰਗਾਂ ਤੇ ਨਸਲਾਂ ਦੀਆਂ ਸਵਾਰੀਆਂ ਸਨ। ਮੇਰੇ ਸਾਹਮਣੇ ਇਕ ਭਾਰਤੀ ਦਿੱਖ ਵਾਲਾ ਮੁੰਡਾ ਬੈਠਾ ਸੀ। ਬਹੁਤੀਆਂ ਸਵਾਰੀਆਂ ਗੱਡੀ ਵਿਚ ਵੜਦਿਆਂ ਕੁਝ ਨਾ ਕੁਝ ਆਪਣੇ ਬੈਗ ਵਿਚੋਂ ਕੱਢ ਕੇ ਪੜ੍ਹਨ ਬੈਠ ਜਾਂਦੀਆਂ ਸਨ। ਹਰ ਕੋਈ ਆਪਣੇ ਆਪ ਵਿਚ ਮਸਤ ਸੀ। ਸਾਹਮਣੇ ਸੱਜੇ ਹੱਥ ਨਿੱਕੀ ਜਿਹੀ ਨਿੱਕਰ ਪਾਈ ਬਹੁਤ ਹੀ ਸੋਹਣੇ ਨੈਣ-ਨਕਸ਼ਾਂ ਨਾਲੀ ਗੋਰੀ ਕੁੜੀ ਬੈਠੀ ਸੀ। ਛਾਤੀਆਂ ਅਤੇ ਮੂੰਹ ਦੀ ਅਨੁਪਾਤ ਨਾਲੋਂ ਉਹਦੀਆਂ ਲੱਤਾਂ ਕੁਝ ਵਧੇਰੇ ਮੋਟੀਆਂ ਸਨ, ਪਰ ਕੁਲ ਮਿਲਾ ਕੇ ਉਹ ਇਕ ਬਹੁਤ ਖੂਬਸੂਰਤ ਕੁੜੀ ਸੀ ਤੇ ਉਸ ਨੂੰ 'ਸਾਊਪੁਣਾ' ਛੱਡ ਕੇ ਵੀ ਚੋਰ ਅੱਖੀਂ ਬਾਰ ਬਾਰ ਵੇਖਣ ਨੂੰ ਜੀ ਕਰਦਾ ਸੀ।

ਅਗਲੇ ਸਟੇਸ਼ਨ 'ਤੇ ਗੱਡੀ ਰੁਕੀ ਤਾਂ ਇਕ ਅੰਨ੍ਹਾ ਡੱਬੇ ਵਿਚ ਵੜਿਆ ਤੇ ਉਸਨੇ ਵਾਇਲਨ ਵਜਾਉਣੀ ਸ਼ੁਰੂ ਕੀਤੀ। ਪਿਛੋਂ ਵਾਇਲਨ ਵਜਾਈ ਦੀ ਪ੍ਰਸੰਸਾ ਦੇ ਇਵਜ਼ ਵਜੋਂ ਸਾਰੇ ਡੱਬੇ ਵਿਚ ਪੈਸੇ ਲੈਣ ਲਈ ਘੁੰਮਿਆ, ਪਰ ਜਗਦੀਸ਼ ਸਿੰਘ ਤੋਂ ਬਿਨਾਂ ਉਸ ਨੂੰ ਕਿਸੇ ਨ ਕੁਝ ਨਾ ਦਿਤਾ ! ਥੋੜ੍ਹੀ ਦੇਰ ਬਾਦ ਇਕ ਕੁੱਬਾ ਜਿਹਾ ਬੰਦਾ ਅੰਦਰ ਆਇਆ। ਇਸਨੂੰ ਮੰਗਣ ਵਾਸਤੇ ਕਿਸੇ ਵਾਇਲਨ ਦੀ ਵੀ ਲੋੜ ਨਹੀਂ ਸੀ। ਉਹਨੇ ਸਿਧਾ ਹੱਥ ਫੈਲਾ ਕੇ ਮੰਗਣਾ ਸ਼ੁਰੂ ਕੀਤਾ। ਉਸ ਨੂੰ ਵੀ ਕਿਸੇ ਨੇ ਕੁਝ ਨਾ ਦਿਤਾ। ਹੱਥ ਫੈਲਾਈ ਜਦੋਂ ਉਹ ਇਕ ਕਾਲੇ ਅੱਗੇ ਜਾ ਖੜੋਤਾ ਤਾਂ ਉਸ ਦਾ ਧਿਆਨ ਆਪਣੇ ਵਲ ਆਕਰਸ਼ਿਤ ਕਰਨ ਲਈ ਉਹਨੇ ਉਹਦੇ ਗੋਡੇ ਨੂੰ ਹੱਥ ਨਾਲ ਹਲੂਣਿਆ ਵੀ, ਪਰ ਉਥੋਂ ਵੀ 'ਨਾਂਹ' ਵਿਚ ਜੁਆਬ ਮਿਲਣ ਤੇ ਉਹ ਅਗਲੇ ਡੱਬੇ ਵਿਚ ਜਾ ਵੜਿਆ।

ਗੱਡੀ ਤੋਂ ਉਤਰਕੇ ਅਸੀਂ 'ਸੈਵਨਟੀ ਫੋਰ' ਇੰਡੀਅਨ ਮਾਰਕੀਟ ਵਿਚ ਜਾ ਵੜੇ। ਇੰਝ ਲੱਗਾ ਜਿਵੇਂ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਜਾਂ ਜਲੰਧਰ ਦੀ ਮਾਡਲ ਟਾਊਨ ਮਾਰਕੀਟ ਵਿਚ ਜਾ ਵੜੇ ਹੋਈਏ। ਦੇਸੀ ਲੋਕ, ਦੇਸੀ ਮਾਹੌਲ...ਪਰ ਸਾਰਾ ਕੁਝ ਅਮਰੀਕੀ ਢੰਗ ਵਿਚ ਢਲਿਆ ਹੋਇਆ। ਇਕ ਦੁਕਾਨ ਅੰਦਰ ਦਾਖਲ ਹੋ ਕੇ ਅਸੀਂ ਜਲੇਬੀਆਂ ਖਾਧੀਆਂ। ਕੁਝ ਲੋਕ ਦਹੀਂ ਭੱਲੇ ਖਾ ਰਹੇ ਸਨ ਤੇ ਕੁਝ ਚਟਪਟੀ ਚਾਟ ਤੇ ਟਿੱਕੀਆਂ। ਇਕ ਹੋਰ ਦੁਕਾਨ ਤੋਂ ਅਸੀਂ ਹਫਤਾ ਪੁਰਾਣੀ 'ਅਜੀਤ', 'ਪੰਜਾਬੀ ਟ੍ਰਿਬਿਊਨ' ਅਤੇ ਇਕ ਦੋ ਹੋਰ ਮੈਗਜ਼ੀਨ ਖਰੀਦੇ ਤੇ ਫਿਰ ਘਰਾਂ ਨੂੰ ਚਾਲੇ ਪਾ ਦਿਤੇ।

## ਅੰਦਰਲੀਆਂ ਖਾਈਆਂ

"ਭਾ ਜੀ ! ਅੱਜ ਦੁਪਹਿਰ ਦਾ ਖਾਣਾ ਆਪਾਂ ਮਾਰਕੀਟ ਵਿਚ ਖਾਵਾਂਗੇ .. ਨਾਲੇ ਤੁਹਾਨੂੰ ਆਈ.ਜੀ, ਬਰਜਿੰਦਰ ਸਿੰਘ ਨੂੰ ਮਿਲਾਉਣਾ ਹੈ। ਇਸਨੇ ਹੀ ਕਰਤਾਰ ਨੂੰ ਪੁਲਿਸ ਵਿਚ ਭਰਤੀ ਕੀਤਾ ਸੀ ! ਉਹਦਾ ਇਕ ਮੁੰਡਾ ਏਥੇ ਨਿਊ ਜਾਰਕ ਵਿਚ ਬਹੁਤ ਵੱਡੀ ਪੋਸਟ 'ਤੇ ਹੈ। ਦੂਜਾ ਲੜਕਾ ਬੰਬਈ ਵਿਚ ਕਮਿਸ਼ਨਰ ਹੈ ।.. ਕਲ੍ਹ ਉਸਦੀ ਵਾਪਸੀ ਫਲਾਈਟ ਹੈ। ਉਹਦਾ ਫੋਨ ਆਇਆ ਸੀ ਕਿ ਅੱਜ ਕੁਝ ਸ਼ਾਪਿੰਗ ਕਰਨੀ ਹੈ...ਚੱਲੋ ਤਿਆਰ ਹੋਵੋ...।"

ਗੁਰਚਰਨ ਨੇ ਹੁਕਮ ਚਾੜ੍ਹਿਆ। ਖਾਣਾ ਤਾਂ ਮੈਂ ਸਦਾ ਹੀ 'ਘਰ' ਦਾ ਪਸੰਦ ਕਰਦਾ ਹਾਂ ਤੇ ਸ਼ਹਿਰ ਵਿਚ ਘੁੰਮਣ ਦੀ ਕੋਈ ਇੱਛਾ ਨਹੀਂ ਸੀ। ਲੰਮੀਆਂ ਸੜਕਾਂ ਤੇ ਉੱਚੀਆਂ ਇਮਾਰਤਾਂ ਦੇਖ ਕੇ ਰੱਜ ਚੁੱਕਾ ਸਾਂ। ਉਂਜ ਵੀ ਇਕ ਵੱਡੇ ਪੁਲਿਸ ਅਫ਼ਸਰ ਦਾ ਸਖ਼ਤ ਤੇ ਚੁੱਪ ਗੜੁੱਪ, ਹਉਮੈ 'ਚ



Sri Satguru Jagjit Singh Ji eLibrary NamdhariElibrary@gmail.com

ਗਰੱਸਿਆ ਚਿਹਰਾ ਕਲਪ ਕੇ ਮੈਂ ਇਸ ਸਾਥ ਤੋਂ ਪਾਸਾ ਵੱਟਣਾ ਹੀ ਬਿਹਤਰ ਸਮਝਿਆ ।

"ਤੁਸੀਂ ਕਰਾ ਲਿਆਓ ਸ਼ਾਪਿੰਗ...ਮੈਂ ਕੁਝ ਥੱਕਿਆ ਹੋਇਆ ਹਾਂ...।"

"ਥਕੇਵਾਂ ਤਾਂ ਹੋਵੇ ਏਥੇ ਕੰਮ ਕਰਨ ਵਾਲੇ ਬੰਦਿਆਂ ਨੂੰ ਜਿਹੜੇ ਹਰ ਵੇਲੇ ਖਪਦੇ ਰਹਿੰਦੇ ਨੇ ਡਾਲਰ ਕਮਾਉਣ ਲਈ...ਤੁਸੀਂ ਤਾਂ ਸੈਰ ਸਪਾਟਾ ਕਰਨ ਆਏ ਹੋ...ਫਿਰ ਵੀ ਥਕਾਵਟ !"

ਉਸਦੀ ਗੱਲ ਠੀਕ ਸੀ । ਰੁਝੇਵਾਂ ਤੇ ਥਕੇਵਾਂ ਸਾਡੇ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਸਨ । ਉਹਨਾਂ ਲਈ ਦਿਨ ਰਾਤ ਦਾ ਕੋਈ ਫਰਕ ਨਹੀਂ ਸੀ । ਇਸ ਘਰ ਵਿਚ ਹੀ ਨਰਬੀਰ ਬਾਦ ਦੁਪਹਿਰ ਚਾਰ ਕੁ ਵਜੇ ਕੰਮ 'ਤੇ ਜਾਂਦਾ ਸੀ ਤੇ ਸਾਰੀ ਰਾਤ ਕੰਮ ਕਰਨ ਤੋਂ ਪਿਛੋਂ ਅਗਲੀ ਸਵੇਰ ਤੜਕੇ ਚਾਰ ਵਜੇ ਵਾਪਸ ਪਰਤਦਾ ਸੀ । ਉਧਰੋਂ ਨਰਬੀਰ ਸੌਣ ਦੀ ਤਿਆਰੀ ਕਰ ਰਿਹਾ ਹੁੰਦਾ ਤੇ ਇਧਰ ਗੁਰਸੇਵਕ ਅਗਲੇ ਦਿਨ ਤੜਕੇ ਆਪਣੇ ਟਰੱਕ 'ਤੇ ਜਾਣ ਦੀ ਤਿਆਰੀ ਕੱਸ ਰਿਹਾ ਹੁੰਦਾ ।

ਕੰਮਾਂ 'ਚ ਰੁੱਝੇ ਬੰਦਿਆਂ ਨੂੰ ਵਿਹਲ ਵੀ ਵਿਰਲ ਘੱਟ ਹੀ ਲੱਭਦੀ ਸੀ । ਸ਼ਾਇਦ ਇਹੋ ਹੀ ਕਾਰਨ ਸੀ ਕਿ ਆਈ. ਜੀ. ਬਰਜਿੰਦਰ ਸਿੰਘ ਨੂੰ ਸ਼ਾਪਿੰਗ ਕਰਾਉਣ ਜਾਣ ਲਈ ਵੀ ਉਸਦਾ ਮੁੰਡਾ ਟਾਇਮ ਨਹੀਂ ਸੀ ਕੱਢ ਸਕਿਆ ਅਤੇ ਉਸਨੂੰ ਗੁਰਚਰਨ ਦੀ ਟੇਕ ਲੈਣੀ ਪਈ ਸੀ । ਇਸ ਬਾਰੇ ਗੁਰਚਰਨ ਨੂੰ ਪੁੱਛਿਆ ਤਾਂ ਹੱਸ ਕੇ ਕਹਿਣ ਲੱਗਾ, "ਭਾ ਜੀ ! ਏਥੇ ਟੈਮ ਕੀਹਦੇ ਕੋਲ ਆ !...ਏਥੇ ਆ ਕੇ ਬੰਦਾ ਥੋੜ੍ਹਾ ਥੋੜ੍ਹਾ ਕਰਕੇ ਅਮਰੀਕਨ ਹੁੰਦਾ ਜਾਂਦਾ ਹੈ ..ਆਈ.ਜੀ. ਸਾਹਬ ਦਾ ਮੁੰਡਾ ਤਾਂ ਪੂਰਾ ਅਮਰੀਕਨ ਹੋਇਆ ਪਿਐ..ਐਸ ਨਵੰਬਰ 'ਚ ਗੋਰੀ ਨਾਲ ਵਿਆਹ ਕਰਵਾ ਰਿਹਾ ਹੈ...।"

"ਚੰਗਾ ਫਿਰ ! ਅੱਜ ਮੈਂ ਵੀ ਅਮਰੀਕਨ ਹੋ ਗਿਆਂ...ਮੇਰੇ ਕੋਲ ਵੀ ਟਾਈਮ ਨਹੀਂ ਮਾਰਕੀਟ ਜਾਣ ਦਾ...।" ਮੈਂ ਹਾਸੇ ਨਾਲ ਟਾਲਿਆ । ਹੁਣ ਗੁਰਚਰਨ ਮੇਰੀ 'ਸੁਰ' ਸਮਝਣ ਲੱਗ ਪਿਆ ਸੀ । ਉਸ ਮੈਨੂੰ 'ਆਰਾਮ' ਕਰਨ ਦੀ ਛੁੱਟੀ ਦੇ ਦਿੱਤੀ ।

ਗੁਰਚਰਨ ਦੇ ਤੁਰ ਜਾਣ ਪਿਛੋਂ ਮੇਰੇ ਅੰਦਰ ਬਾਹਰ ਇਕ ਸੁੰਨ ਪਸਰੀ ਹੋਈ ਸੀ । ਇਕ ਖ਼ੌਫ਼ਨਾਕ ਇਕੱਲ ! ਮੈਂ ਏਥੇ ਭਲਾ ਕੀ ਕਰਦਾ ਪਿਆ ਸਾਂ । ਕ੍ਰਮਵਾਰ ਪੰਜਾਬੀ ਤੇ ਅੰਗਰੇਜ਼ੀ ਦੇ ਅਖਾਣ ਯਾਦ ਆਏ :

"ਇਕ ਦਿਨ ਪ੍ਰਾਹੁਣਾ, ਦੋ ਦਿਨ ਪ੍ਰਾਹੁਣਾ, ਤੀਜੇ ਦਿਨ ਦਾਦੇ ਮਘਾਉਣਾ ।"

"ਮੱਛੀ ਦਾ ਮਾਸ ਤੇ ਪ੍ਰਾਹੁਣੇ ਤਿੰਨਾਂ ਦਿਨਾਂ ਬਾਦ ਬੋ ਛੱਡ ਜਾਂਦੇ ਹਨ ।"

ਨਿਊਯਾਰਕ ਪਹੁੰਚ ਕੇ ਚੌਥੇ ਦਿਨ ਮੈਂ ਤੇ ਜਗਦੀਸ਼ ਸਿੰਘ ਏਸੇ ਹੀ ਲਿਵਿੰਗ ਰੂਮ ਵਿਚ ਬੈਠੇ ਸਾਂ । ਮੈਂ ਉਸਨੂੰ ਏਧਰ ਆਪਣੇ ਕੋਲ ਬੁਲਾ ਲਿਆ ਸੀ । ਮੁੰਡੇ ਕੰਮ 'ਤੇ ਗਏ ਹੋਏ ਸਨ ਤੇ ਗੁਰਚਰਨ ਨੇ ਕੁਝ ਘੰਟਿਆਂ ਲਈ ਨਿੱਜੀ ਕੰਮ ਲਈ ਮਾਰਕੀਟ ਜਾਣਾ ਸੀ । ਜਗਦੀਸ਼ ਸਿੰਘ ਵੀ ਆਪਣੇ ਮਾਮੇ ਦੇ ਪੁੱਤ ਦੀ ਵਰਕਸ਼ਾਪ ਉੱਤੇ ਰੋਜ਼ ਬਹਿ ਬਹਿ ਕੇ ਅੱਕ ਗਿਆ ਸੀ । ਤਾਰਾ ਸਿੰਘ ਅਨਜਾਣ ਕੈਨੇਡਾ ਨੂੰ ਤੁਰ ਗਿਆ ਸੀ । ਅਸੀਂ ਜਿਹੜੇ ਗੱਲ ਭੁੰਜੇ ਨਹੀਂ ਪੈਣ ਦਿੰਦੇ, ਓਪਰਿਆਂ ਵਾਂਗ ਇਕ ਦੂਜੇ ਦੇ ਕੋਲ ਬੈਠੇ ਸਾਂ ਚੁੱਪ-ਚਾਪ... ਘਰ ਲਈ ਓਦਰੇ ਹੋਏ । ਉਥੋਂ ਦੀ ਗੈਰ-ਵਾਜਬ ਲੱਗਦੀ ਕਾਹਲ ਅਤੇ ਰੁਝੇਵੇਂ ਵਿਚ ਸੂਤ ਨਾ ਬੈਠਣ ਵਾਲੇ ।

"ਇਹਨਾਂ ਮੁਲਕਾਂ ਵਿਚ ਬੰਦਾ ਬੰਦੇ ਨੂੰ ਨਹੀਂ ਪਛਾਣਦਾ...ਪੈਸੇ ਨੂੰ ਪਛਾਣਦੇ...।"

'ਸਿਆਣਿਆਂ' ਦੀ ਆਖੀ ਹੋਈ ਗੱਲ ਮੈਂ ਕੁਝ ਵਧੇਰੇ ਹੀ ਮਨ ਵਿਚ ਵਸਾ ਲਈ ਸੀ । ਸ਼ਾਫ਼ਰਾਂਸਿਸਕੋ ਤੋਂ ਢੁੱਵੜ ਸੁਰਤਾ ਸਿੰਘ ਦਾ ਫੋਨ ਆਇਆ ਸੀ ਕਿ ਮੇਰਾ ਰਿਸ਼ਤੇ ਵਿਚੋਂ, ਪਰ ਮੈਨੂੰ ਬਹੁਤ ਹੀ ਮੋਹ ਕਰਨ ਵਾਲਾ ਭਰਾ ਅਜਾਇਬ ਸਿੰਘ ਸੰਧੂ ਨਿਊਯਾਰਕ ਵਿਚ ਆਪਣੀ ਲੜਕੀ ਲਾਡੀ ਗੁਰਸਿਮਰਨ ਕੋਲ ਆਇਆ ਹੋਇਆ ਹੈ, ਇਸ ਲਈ ਮੈਂ ਉਸ ਨੂੰ ਜ਼ਰੂਰ ਮਿਲਾਂ । ਮੈਂ ਫੋਨ ਕੀਤਾ ਤਾਂ ਅਜਾਇਬ ਸਿੰਘ ਦਾ ਵੱਡਾ ਜਵਾਈ ਹਰਪਾਲ ਵੜਾਲਾ ਬੋਲਿਆ—

"ਡੈਡੀ ਤਾਂ ਅੰਕਲ ਸਿੰਗਲਾ ਕੋਲ ਸਿਆਟਲ ਗਏ ਹੋਏ ਨੇ...ਮੇਰੀ ਅੱਜ ਸ਼ਾਮ ਦੀ ਵਾਪਸੀ ਫਲਾਈਟ ਹੈ... ਹੁਣੇ ਆ ਜਾਵੋ, ਮੈਂ ਵੀ ਮਿਲ ਲਊਂ । ...ਉਂਝ ਜਦੋਂ ਮਰਜ਼ੀ ਆਵੋ ਤੁਹਾਡਾ ਆਪਣਾ ਘਰ ਹੈ ।"

ਮੈਂ ਗੁਰਚਰਨ ਨਾਲ ਗੱਲ ਕੀਤੀ ਤਾਂ ਉਸ ਨੇ ਹੱਸ ਛੱਡਿਆ । ਕਹਿੰਦਾ, "ਅਜਾਇਬ ਸਿੰਘ ਜਾਂ ਹਰਪਾਲ ਹੁੰਦੇ ਤਾਂ ਚਲੇ ਜਾਂਦੇ...ਸੁਰਤਾ ਸੂੰਹ ਨੂੰ ਪੁਛ ਲੈਣਾ ਸੀ ਉਹਦੇ ਨਾਲ ਕੀ ਹੋਈ । ਏਥੇ ਆ ਕੇ ਕਹਿੰਦਾ—ਯਾਰ ! ਲਾਡੀ ਨੂੰ ਮਿਲਣ ਜਾਣੈ...ਮੈਂ ਉਹਦਾ ਰਿਸ਼ਤੇ 'ਚੋਂ ਢੁੱਵੜ ਲਗਦਾ ਹਾਂ । ਲਾਡੀ ਘਰ ਫੋਨ ਕੀਤਾ ਤਾਂ 'ਰਿਸ਼ਤੇ ਦੇ ਢੁੱਵੜ' ਦਾ ਲਾਡੀ ਨੂੰ ਪਤਾ ਨਹੀਂ ਸੀ । ਫਿਰ ਉਹਦੀ ਸੱਸ ਨੇ ਪੁਛ-



Sri Satguru Jagjit Singh Ji eLibrary NamdhariElibrary@gmail.com

ਪੜਤਾਲ ਕੀਤੀ ਕਿ ਉਹ 'ਕਿਹੜਾ ਫੁੱਫੜ ਹੈ !' ਫਿਰ ਸਹੁਰੇ ਨੇ ਪੁਛਿਆ । ਸੁਰਤਾ ਸਿੰਘ ਹੀ ਹਿੰਮਤੀ ਬੰਦਾ ਸੀ ਜਿਹੜਾ ਫਿਰ ਵੀ ਮਿਲਣ ਚਲੇ ਗਿਆ । ਜੇ ਤੁਹਾਨੂੰ ਵੀ ਉਹਦੀ ਸੱਸ ਨੇ ਸੁਆਲਨਾਮਾ ਛਾਪ ਕੇ ਦੇ ਦਿਤਾ ਕਿ ਤੁਸੀ ਕਿਹੜੇ ਚਾਚਾ ਜੀ ਹੋ ?"

ਗੱਲ ਉਸਦੀ ਠੀਕ ਸੀ । ਮੈਂ ਏਨਾ 'ਹਿੰਮਤੀ' ਨਹੀਂ ਸਾਂ । ਹਾਲਾਂਕਿ ਮੈਨੂੰ ਪਤਾ ਸੀ ਕਿ ਮੇਰੇ ਨਾਲ ਅਜਿਹਾ ਨਹੀਂ ਹੋਣ ਲੱਗਾ । ਲਾਡੀ ਮੈਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ । ਉਹ ਬਾਸਕਟਬਾਲ ਦੀ ਅੰਤਰ-ਰਾਸ਼ਟਰੀ ਪੱਧਰ ਦੀ ਖਿਡਾਰਨ ਰਹਿ ਚੁਕੀ ਸੀ ਤੇ ਮੈਂ ਉਸ ਬਾਰੇ ਉਦੋਂ ਇਕ ਦੋ ਲੇਖ ਵੀ ਲਿਖੇ ਸਨ ਆਪਣੀ ਕੁੜੀ ਕਰਕੇ । ਸਾਡਾ ਪਰਿਵਾਰਾਂ ਦਾ ਆਪਸੀ ਮਿਲਵਰਤਣ ਵੀ ਸੀ । ਪਰ ਹੋਣ ਵਾਲੀ 'ਪੁੱਛਗਿੱਛ' ਨੇ ਮੇਰਾ ਹੌਂਸਲਾ ਢਾਹ ਦਿਤਾ ।

ਉਂਝ ਅਗਲੇ ਆਪਣੇ ਥਾਂ ਠੀਕ ਹੋਣਗੇ । ਜੇ ਇੰਝ ਹੀ 'ਦੂਰ-ਪਾਰ' ਦੇ ਰਿਸ਼ਤੇਦਾਰ ਆਉਂਦੇ ਰਹਿਣ ਤੇ ਉਹਨਾਂ ਦਾ ਸਮਾਂ ਖਰਾਬ ਕਰਨ ਲਈ ਉਹਨਾਂ ਵੱਲ ਜਾ ਧਮਕਣ! ਏਨਾ ਸਮਾਂ ਤਾਂ ਉਹਨਾਂ ਕੋਲ ਫਾਲਤੂ ਹੈ ਨਹੀ ਸੀ ਕਿ ਹਰ ਆਏ ਗਏ ਨੂੰ ਗਲ ਨਾਲ ਲਾਈ ਫਿਰਨ ।

ਇਕ ਦਿਨ ਅਚਨਚੇਤ ਪਤਾ ਲਗਾ ਕਿ ਮਹਿਤੇ ਨੇੜਲਾ ਇਕ ਅਜਿਹਾ ਪਰਿਵਾਰ ਨਿਊਯਾਰਕ ਵਿਚ ਹੈ ਜਿਸਦੇ ਲੜਕਾ ਤੇ ਲੜਕੀ ਮੇਰੇ ਵਿਦਿਆਰਥੀ ਰਹਿ ਚੁਕੇ ਸਨ । ਉਹ ਸਾਰਾ ਪਰਿਵਾਰ ਹੀ ਮੇਰਾ ਬੜਾ ਦਿਲ-ਦਾਦਾ ਸੀ । ਜਲੰਧਰ ਵਿਚ ਵੀ ਉਹਨਾਂ ਦੀ ਕੋਠੀ ਸਾਥੋਂ ਦੋ ਕੁ ਸੌ ਗਜ਼ ਦੀ ਵਿੱਥ 'ਤੇ ਸੀ । ਸਾਡਾ ਦੋਹਾਂ ਪਰਿਵਾਰਾਂ ਦਾ ਇਕ ਦੂਜੇ ਵਲ ਆਉਣ ਜਾਣ ਸੀ । ਮੈਨੂੰ ਇਹਨਾਂ ਦੋਹਾਂ ਵਿਦਿਆਰਥੀਆਂ ਦੇ ਵਿਆਹ 'ਤੇ ਬੜੇ ਆਦਰ ਨਾਲ ਬੁਲਾਇਆ ਗਿਆ ਸੀ । ਪਰ ਹੁਣ ਸਾਰਾ ਪਰਿਵਾਰ ਹੀ ਨਿਊਯਾਰਕ ਆ ਕੇ ਵਸ ਗਿਆ ਸੀ । ਮੈਂ ਉਤਸ਼ਾਹ ਨਾਲ ਉਹਨਾਂ ਨੂੰ ਫੋਨ ਕੀਤਾ । ਅੱਗੋਂ ਫੋਨ ਮੇਰੇ ਵਿਦਿਆਰਥੀ ਨੇ ਚੁਕਿਆ ਮੈਂ ਆਪਣਾ ਨਾਂ ਦਸਿਆ । ਇਹ ਓਹੋ ਵਿਦਿਆਰਥੀ ਸੀ ਜੋ ਆਦਰਸ਼ ਸਕੂਲ ਧਰਦਿਓ-ਬੁੱਟਰ ਵਿਚ (ਜਿਥੇ ਮੈਂ ੭੯ ਤੋਂ ੮੧ ਤਕ ਪੰਜਾਬੀ ਦਾ ਲੈਕਚਰਾਰ ਸਾਂ) ਕਲਾਸ ਲਾਉਣ ਤੁਰੇ ਜਾਂਦੇ ਨੂੰ ਵਿਦਿਆਰਥੀਆਂ ਦੀ ਟੋਲੀ ਲੈ ਕੇ ਮੈਨੂੰ ਘੇਰ ਕੇ ਖਲੋ ਜਾਂਦਾ ਸੀ ਤੇ ਜੱਫੀ ਪਾ ਲੈਂਦਾ ਸੀ । ਫਿਰ ਜ਼ਿੱਦ ਕਰਦਾ ਸੀ ਕਿ ਅਜੇ ਉਹਨਾਂ ਦੀ ਕਲਾਸ ਵਿਚ ਅਧਿਆਪਕ ਆਇਆ ਨਹੀਂ.. ਤੇ ਮੈਂ ਜਾਂਦਾ ਜਾਂਦਾ ਉਹਨਾਂ ਦੀ ਕਲਾਸ ਵਿਚ 'ਚਰਨ' ਪਾ ਕੇ ਉਹਨਾਂ ਦੀ ਕਲਾਸ 'ਪਵਿੱਤਰ' ਕਰ ਜਾਵਾਂ ।

ਅਜਿਹੇ ਮੁੰਡੇ ਨੂੰ ਤਾਂ ਮਿਲਿਆ ਜਾ ਸਕਦਾ ਸੀ ! ਮੈਂ ਕਿਹੜਾ ਕਿਸੇ ਕੋਲ ਠਹਿਰਨਾ ਸੀ । ਮੇਰਾ ਤਾਂ ਏਥੇ ਪੱਕਾ ਟਿਕਾਣਾ ਸੀ, ਜਿੰਨੇ ਦਿਨ ਮਰਜ਼ੀ ਰਹਵਾਂ ਗੁਰਚਰਨ ਤੇ ਨਰਬੀਰ ਹੁਰਾਂ ਕੋਲ । ਅਜਿਹੇ ਫੋਨ ਕਰਕੇ ਮੈਂ ਕਿਤੇ ਗੁਰਚਰਨ ਹੁਰਾਂ ਨੂੰ ਇਹ ਤਾਂ ਨਹੀਂ ਸਾਂ ਦੱਸਣਾ ਚਾਹੁੰਦਾ ਕਿ ਦੇਖੋ ਮੈਨੂੰ ਚਾਹੁੰਣ ਵਾਲੇ ਹੋਰ ਵੀ ਹਨ ਏਥੇ—ਮੇਰੇ 'ਚਰਨ' ਪਵਾ ਕੇ 'ਘਰ ਪਵਿੱਤਰ' ਕਰਵਾਉਣ ਵਾਲੇ ।

ਪਰ ਮੇਰੇ ਪਿਆਰੇ ਵਿਦਿਆਰਥੀ ਦੀ ਆਵਾਜ਼ ਵਿਚ ਤਾ ਕੋਈ ਉਤਸ਼ਾਹ ਨਹੀਂ ਸੀ...ਸਪਾਟ ਜਿਹੀ ਨਾਰਮਲ ਆਵਾਜ਼ । ਉਹ ਆਪਣੇ ਸਟੋਰ ਤੋਂ ਬੋਲ ਰਿਹਾ ਸੀ । ਮੁਢਲੀ ਗੱਲਬਾਤ ਤੋਂ ਪਿਛੋਂ ਠਰੰਮੇ ਨਾਲ ਕਹਿੰਦਾ, "ਆਪਣਾ ਫੋਨ ਨੰਬਰ ਦੇ ਦਿਓ...ਮੈਂ ਰਾਤ ਨੂੰ ਕਾਲ ਕਰੂੰ...ਹੁਣ ਤੁਸੀਂ ਮੰਮੀ ਨੂੰ ਕਰ ਲਵੋ ।"

ਹੁਣ ਉਸਦੀ ਮੰਮੀ ਨੂੰ ਫੋਨ ਕਰਨ ਦਾ ਮੇਰਾ ਕੋਈ ਇਰਾਦਾ ਨਹੀਂ ਸੀ ਰਹਿ ਗਿਆ ।

ਰਾਤ ਨੂੰ ਵੀ ਉਸਦਾ ਕੋਈ ਫਨ ਨਾ ਆਇਆ । ਅਗਲੀ ਸਵੇਰ ਉਹਦੀ ਮੰਮੀ ਦਾ ਫੋਨ ਆਇਆ । ਸੁਖ-ਸਾਂਦ ਪੁਛਣ ਅਤੇ ਮੇਰੇ ਨਿਊਯਾਰਕ ਪਹੁੰਚਣ 'ਤੇ ਖੁਸ਼ੀ ਪ੍ਰਗਟਾਉਣ ਤੋਂ ਪਿਛੋਂ ਉਸ ਨੇ ਮੈਨੂੰ ਦੱਸਿਆ ਕਿ ਉਹਦਾ ਪਤੀ ਤੇ ਪੁੱਤਰ ਸਵੇਰੇ ਹੀ ਆਪੋ ਆਪਣੇ ਸਟੋਰਾਂ 'ਤੇ ਨਿਕਲ ਜਾਂਦੇ ਨੇ । ਜਾਂਦੇ ਵੀ ਵੱਖ ਵੱਖ ਡਾਇਰੈਕਸ਼ਨ 'ਤੇ ਹਨ । ਜ਼ਾਹਿਰ ਹੈ ਕਿ ਉਹ ਅਸਿੱਧੇ ਤੌਰ 'ਤੇ ਕਹਿ ਰਹੀ ਸੀ ਕਿ ਉਹਨਾਂ ਦਾ ਮੈਨੂੰ ਮਿਲ ਸਕਣਾ ਮੁਸ਼ਕਿਲ ਹੈ । ਮੈਂ ਉਸਦੀ ਇਹ ਮੁਸ਼ਕਿਲ ਸਮਝਦਿਆਂ ਆਖਿਆ, "ਮੈਂ ਏਥੋਂ ਦੇ ਸਮੇਂ ਦੀ ਤੰਗੀ ਬਾਰੇ ਸਮਝਦਾ ਹਾਂ । ਟੈਲੀਫੋਨ ਤੇ ਹੋਏ ਮੇਲ ਨੂੰ ਹੀ ਪੂਰਾ ਮੇਲ ਸਮਝ ਲਵਾਂਗਾ ।"

"ਨਹੀਂ ਨਹੀਂ ਮਿਲਾਂਗੇ ..ਮਿਲਣਾ ਕਿਉਂ ਨਹੀਂ ਤੁਸੀਂ ਆਓ ਨਾ ..।"

ਮੈਂ ਭਲਾ ਫਿਰ ਕਾਹਨੂੰ ਜਾਣਾ ਸੀ ! ਉਂਜ ਉਹਨਾਂ ਦੋਹਾਂ ਜੀਆਂ ਦੇ ਮਗਰੋਂ ਵੀ ਦੋ-ਚਾਰ ਵਾਰ ਟੈਲੀਫੋਨ ਆਏ । ਉਹਦੇ ਪਤੀ ਨੇ ਇਹ ਵੀ ਆਖਿਆ ਕਿ ਮੈਂ ਜਦੋਂ ਚਾਹਾਂ ਉਹ ਮੈਨੂੰ ਆ ਕੇ ਲੈ ਜਾਵੇਗਾ । ਪਰ ਇਹ ਸਾਰਾ ਮੇਰੇ 'ਚੁੱਪ' ਕਰ ਜਾਣ ਤੋਂ ਬਾਦ ਸੀ । ਇਸ ਪਰਿਵਾਰ ਵਲੋਂ ਭਰਵਾਂ



Sri Satguru Jagjit Singh Ji eLibrary NamdhariElibrary@gmail.com

ਉਤਸ਼ਾਹੀ ਹੁੰਗਾਰਾ ਮਿਲਣ ਦੀ ਆਸ ਸੀ ਪਰ ਅਜਿਹਾ ਠੰਢਾ ਵਤੀਰਾ ਮਿਲਣਾ ਵੀ ਤਾਂ ਜ਼ਿੰਦਗੀ ਦਾ ਅਸਲ ਸੱਚ ਹੈ ।

ਪਰ ਅਜਿਹੇ ਠੰਢੇ ਵਤੀਰੇ ਤੋਂ ਕੁਝ ਵਧੇਰੇ ਹੀ 'ਸਿੱਖੇ' ਸਬਕ' ਕਾਰਨ ਮੈਨੂੰ ਪਿਛੋਂ ਲਾਡੀ ਨੂੰ ਨਾ ਮਿਲਣ ਜਾਣ ਦਾ ਉਲ੍ਹਾਮਾਂ ਵੀ ਲੈਣਾ ਪਿਆ ਤੇ ਕਾਮਰੇਡ ਨੌਨਿਹਾਲ ਚੱਠਾ ਦੇ ਨਿਊਯਾਰਕ ਰਹਿੰਦੇ ਭਰਾ ਦਾ ਵੀ—ਜਿਸਨੇ ਮੇਰਾ ਆਉਣਾ ਸੁਣਦਿਆਂ ਹੀ ਕਿਹਾ, "ਮੈਂ ਹੁਣੇ ਤੁਹਾਨੂੰ ਲੈਣ ਆ ਰਿਹਾਂ । ਸ਼ਾਮ ਨੂੰ ਇਕ ਨਿੱਕੀ ਜਿਹੀ ਮੀਟਿੰਗ ਵੀ ਰੱਖ ਲਵਾਂਗੇ । ਗੁਲਜ਼ਾਰ ਸੰਧੂ ਦੀ ਪਤਨੀ ਵੀ ਅੱਜ ਆ ਰਹੀ ਹੈ... ਦਿਲਜੀਤ ਮੱਖਾ ਏਥੇ ਹੀ ਹੈ । ਇਕ ਦੋ ਹੋਰ ਬੰਦੇ ਨੇ ਲਿਖਣ ਵਾਲੇ... ਤੁਸੀਂ ਆਪਣਾ ਪਤਾ ਲਿਖਾਓ । ਮੈਂ ਤੁਰਿਆ ਆਉਂਦਾਂ...।"

ਪਰ ਮੈਂ ਅੱਜ ਹੀ ਕੈਨੇਡਾ ਨੂੰ ਜਾਣ ਦਾ ਅਤੇ ਵਾਪਸੀ 'ਤੇ ਉਸਨੂੰ ਮਿਲਣ ਦਾ ਬਹਾਨਾ ਲਾਇਆ । ਉਹਦਾ ਮੋਹ-ਭਰਿਆ ਸੱਦਾ ਪ੍ਰਵਾਨ ਨਾ ਕਰ ਸਕਣ ਦਾ ਭਾਰ ਪਿਛੋਂ ਵੀ ਮਨ ਉੱਤੇ ਪਿਆ ਰਿਹਾ । ਕਦੀ ਕਦੀ ਮੈਨੂੰ ਇਹ ਵੀ ਲੱਗਦਾ ਕਿ ਮੈਂ ਲੋੜੋਂ ਵੱਧ ਮਹੱਤਵਪੂਰਨ ਬਣ ਰਿਹਾ ਸਾਂ ਤੇ ਲੋੜੋਂ ਵੱਧ ਧਿਆਨ ਦਿੱਤੇ ਜਾਣ ਦੀ ਨਜਾਇਜ਼ ਮੰਗ ਕਰ ਰਿਹਾ ਸਾਂ । ਉਹਨਾਂ ਦੀ ਏਨੀ ਰੁਝੇਵੇਂ ਭਰੀ ਜ਼ਿੰਦਗੀ ਵਿਚ ਮੇਰੇ ਵੱਲੋਂ ਨਾਜ਼ ਨਖਰੇ ਕਰਨੇ ਕੋਈ ਜ਼ਿਆਦਾ ਉਚਿਤ ਨਹੀਂ ਸਨ । ਇਹ ਅਮਰੀਕਾ ਸੀ ਤੇ ਏਥੇ ਰਹਿੰਦੇ ਬੰਦਿਆਂ ਦਾ ਥੋੜ੍ਹਾ ਥੋੜ੍ਹਾ ਅਮਰੀਕਨ ਹੋਣਾ ਤਾਂ ਵਾਜਬ ਹੀ ਸੀ ।

ਜਾਣ ਲੱਗਾ ਗੁਰਚਰਨ ਕਹਿ ਗਿਆ ਸੀ, "ਚੰਗਾ ਫਿਰ ਖਾਣਾ ਘਰੇ ਹੀ ਖਾ ਲਵਾਂਗੇ । ਆਈ.ਜੀ. ਸਾਹਿਬ ਨੂੰ ਤੁਹਾਨੂੰ ਮਿਲਾਉਣਾ ਜ਼ਰੂਰ ਹੈ— ਉਹਨਾਂ ਨੂੰ ਨਾਲ ਹੀ ਲਈ ਆਵਾਂਗੇ ।"

...'ਸ਼ਾਪਿੰਗ' ਕਰਨ ਤੋਂ ਬਾਦ ਲਾਲੀ ਅਤੇ ਗੁਰਚਰਨ ਦੇ ਨਾਲ ਜਦੋਂ ਬਰਜਿੰਦਰ ਸਿੰਘ ਕਮਰੇ 'ਚ ਦਾਖ਼ਲ ਹੋਇਆ ਤਾਂ ਪਹਿਲੀ ਨਜ਼ਰੇ ਦੇਖਦਿਆਂ ਅਤੇ ਹੱਥ-ਘੁੱਟ ਕੇ ਮਿਲਦਿਆਂ ਹੀ ਉਹਦੀ ਅਫ਼ਸਰੀ ਦਾ 'ਭੈਅ' ਮਨ 'ਚੋਂ ਨਿਕਲ ਗਿਆ । ਬਹੁਤ ਹੀ ਫਿਟ ਤੇ ਸੋਹਣਾ ਜਿਸਮ । ਦਾੜ੍ਹੀ ਚਿੱਟੀ ਪਰ ਚਿਹਰੇ 'ਤੇ ਜਵਾਨੀ ਦਾ ਜਲਾਲ । ਸੋਫ਼ੇ 'ਤੇ ਬੈਠਦਿਆਂ ਹੀ ਹੱਥ ਵਿਚ ਫੜੀ ਮਸਾਂ ਦਸ ਕੁ ਇੰਚ ਲੰਮੇ ਲਿਫ਼ਾਫ਼ੇ ਵਿਚ ਲਪੇਟੀ ਕੋਈ ਚੀਜ਼ ਪਾਸੇ ਦੇ ਟੇਬਲ 'ਤੇ ਰੱਖੀ ਤੇ ਦਿਲ ਦੀਆਂ ਗੱਲਾਂ ਛੁਹ ਲਈਆਂ ਜਿਵੇਂ ਕਿਸੇ ਅਤਿ ਦੇ ਆਪਣੇ ਨਿਕਟੀ ਨਾਲ ਮਿਲ ਰਿਹਾ ਹੋਵੇ । ਲਾਲੀ ਤੇ ਉਸ ਨੇ ਇਕ ਇਕ ਡਰਿੰਕ ਲਿਆ ।

ਬਾਰਾਂ ਸਾਲ ਪੁਰਾਣੀ ਸਕਾਚ ਦਾ ਪੈੱਗ ਉਸਦੇ ਹੱਥ ਵਿਚ ਸੀ, ਉਹ ਕਦੀ ਕਦੀ ਉਸ ਵਿਚੋਂ ਚੁਸਕੀ ਭਰਦਾ ਆਪਣੀ ਅੜ ਜਾਣ 'ਤੇ 'ਪੰਗਾ' ਲੈ ਲੈਣ ਵਾਲੀ ਆਦਤ ਬਾਰੇ ਦੱਸ ਰਿਹਾ ਸੀ ।

"...ਮੈਂ ਉਦੋਂ ਅੰਬਰਸਰ ਐਸ.ਐਸ.ਪੀ. ਹੁੰਦਾ ਸਾਂ । ਹੇਠਲੇ ਅਫ਼ਸਰਾਂ ਨੂੰ ਮੈਂ ਆਖਿਆ, "ਤੁਹਾਡੀਆਂ ਤਕਲੀਫ਼ਾਂ ਸੁਣਾਂਗਾ । ਹੱਲ ਭੀ ਕਰਾਂਗਾ । ਮੇਰੇ ਵਿਚ ਵਿਸ਼ਵਾਸ ਰੱਖੋ ਪਰ ਜੇ ਮੇਰੇ ਉਤੋਂ ਦੀ ਵਗੋਗੇ ਤਾਂ ਮੈਂ ਕਿਸੇ ਦੀ ਨਹੀਂ ਮੰਨਣ ਲੱਗਾ । ਇਕ ਲੰਮੇ ਤੁਰਰੇ ਵਾਲਾ ਥਾਣੇਦਾਰ ਹੁੰਦਾ ਸੀ ਰਾਮ ਚੰਦ (ਅਸਲ ਨਾਂ ਹੋਰ) । ਬੜਾ ਕੁਰੱਪਟ ਸੀ । ਮੈਂ ਉਹਦੀ ਬਦਲੀ ਕਰ ਦਿੱਤੀ । ਵਿਚੋਂ-ਵਿਚ ਉਹਨੂੰ ਬਦਲੀ ਦਾ ਪਤਾ ਲੱਗ ਚੁਕਾ ਸੀ । ਮੇਰੇ ਦਫ਼ਤਰ ਆਇਆ ਤਾਂ ਬਹਾਨੇ ਨਾਲ ਮੈਨੂੰ ਸਲਾਮ ਬੁਲਾਉਣ ਆ ਗਿਆ । ਮੈਂ ਉਸਨੂੰ ਕਿਹਾ, "ਰਾਮ ਚੰਦ ! ਮੈਂ ਤੇਰੀ ਬਦਲੀ ਕਰ ਦਿੱਤੀ ਹੈ । ਤੂੰ ਕਿਸੇ ਨੂੰ ਆਖੀਂ ਨਾ ਮੈਂ ਇਹ ਕੈਂਸਲ ਨਹੀਂ ਕਰਨੀ ।" ਸਲੂਟ ਮਾਰ ਕੇ ਕਹਿਣ ਲੱਗਾ, "ਜੀ ਮੈਂ ਤਾਂ ਤੁਹਾਡਾ ਖਾਦਮ ਹਾਂ ।" ਪਰ ਉਸੇ ਸ਼ਾਮ ਮੈਨੂੰ ਸਿਆਸੀ ਬੰਦਿਆਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ । ਉਮਰਾਨੰਗਲ ਦਾ ਫ਼ੋਨ, ਡਾ: ਬਲਦੇਵ ਪ੍ਰਕਾਸ਼ ਦਾ ਫ਼ੋਨ ... ਕਹਿਣ, "ਰਾਮ ਚੰਦ ਤਾਂ ਬੰਦਾ ਹੀ ਬੜਾ ਚੰਗਾ ਹੈ ਜੀ ।"...ਬਲਦੇਵ ਪ੍ਰਕਾਸ਼ ਦੀ ਕਲੀਨ ਬੰਦਾ ਹੋਣ ਕਰਕੇ ਮੈਂ ਇੱਜ਼ਤ ਕਰਦਾ ਸਾਂ । ਮੈਂ ਉਸਨੂੰ ਕਿਹਾ, "ਜੀ ਉਹ ਬੜਾ ਕੁਰੱਪਟ ਬੰਦਾ ਹੈ । ਮੈਂ ਉਸਦੀ ਬਦਲੀ ਕੈਂਸਲ ਨਹੀਂ ਕਰਨੀ ।" ਬਲਦੇਵ ਪ੍ਰਕਾਸ਼ ਨੇ ਗਿਲਾ ਕੀਤਾ, "ਵੇਖ ਲਓ ! ਤੁਸੀਂ ਕਿਸੇ ਹੋਰ ਦੇ ਆਖੇ ਕਰ ਦੇਣੀ ਹੈ ।" ਉਹਦੀ ਮੁਰਾਦ ਬਲਰਾਮ ਜੀ ਦਾਸ ਟੰਡਨ ਤੋਂ ਸੀ ਜੋ ਉਦੋਂ ਵਜ਼ਾਰਤ ਵਿਚ ਸੀ । ਮੈਂ ਕਿਹਾ, "ਡਾਕਟਰ ਸਾਹਿਬ ! ਮੈਂ ਜੇ ਬਦਲੀ ਰੋਕਣੀ ਸੀ ਤਾਂ ਤੁਹਾਡੇ ਆਖੇ ਹੀ ਰੋਕਣੀ ਸੀ । ਨਹੀਂ ਤਾਂ ਇਹ ਬਦਲੀ ਨਹੀਂ ਰੁਕੇਗੀ ।" ਅਗਲੇ ਦਿਨ ਚੰਡੀਗੜ੍ਹ ਤੋਂ ਬਲਰਾਮ ਜੀ ਦਾਸ ਟੰਡਨ ਦਾ ਫ਼ੋਨ ਆ ਗਿਆ । ਕਹਿੰਦਾ, "ਬਰਜਿੰਦਰ ਜੀ ! ਤੁਸੀਂ ਔਹ ਰਾਮ ਚੰਦ ਦੀ ਬਦਲੀ ਕਰ ਦਿੱਤੀ ਹੈ । ਮੇਰੇ ਕੋਲ ਵਫ਼ਦ ਆਏ ਬੈਠੇ ਨੇ, ਦੱਸਦੇ ਨੇ ਜੇ ਇਹੋ ਜਿਹੇ ਚਾਰ ਪੰਜ ਥਾਣੇਦਾਰ ਪੰਜਾਬ ਵਿਚ ਹੋਣ ਤਾਂ ਲਾਅ ਐਂਡ ਆਰਡਰ ਦੀ ਕੋਈ ਸਮੱਸਿਆ ਹੀ ਨਾ ਰਹੇ ।"

ਲਾਲੀ ਨੇ ਆਪਣਾ ਗਲਾਸ ਖਾਲੀ ਕਰ ਲਿਆ ਸੀ ਤੇ



Sri Satguru Jagjit Singh Ji eLibrary NamdhariElibrary@gmail.com

ਉਹ ਬਰਜਿੰਦਰ ਸਿੰਘ ਦੇ ਗਲਾਸ ਵੱਲ ਵੇਖ ਰਿਹਾ ਸੀ ਪਰ ਬਰਜਿੰਦਰ ਸਿੰਘ ਤਾਂ ਟੰਡਨ ਨਾਲ ਗੱਲੀਂ ਰੁੱਝਾ ਹੋਇਆ ਸੀ।

"...ਮੈਨੂੰ ਹੋਰ ਵੀ ਗ਼ੁੱਸਾ ਆਇਆ ਕਿ ਜੇ ਪੰਜ ਚਾਰ ਰਾਮ ਚੰਦ ਹੀ 'ਸਭ ਕੁਝ' ਹਨ ਤਾਂ ਫਿਰ ਬਾਕੀ ਸਾਰੇ ਅਫ਼ਸਰ ਤੇ ਅਮਲਾ ਫ਼ੈਲਾ ਤਾਂ ਫਿਰ ਵਾਧੂ ਹੀ ਹੋਇਆ। ਮੈਂ ਜੀ ਨਿਮਰਤਾ ਸਹਿਤ ਹੁਕਮ ਠੁਕਰਾ ਦਿੱਤਾ। ਫਿਰ ਉਹ ਮੇਰੇ ਸਾਲੇ ਨੂੰ ਲੈ ਕੇ ਆ ਗਿਆ, ਮੈਂ ਉਸਨੂੰ ਕਿਹਾ, "ਮੈਂ ਇਸਨੂੰ ਛੱਡਣਾ ਨਹੀਂ। ਛੇ ਮਹੀਨੇ ਤਾਂ ਇਹਨੂੰ ਲਾਈਨ ਵਿਚ ਰੱਖਣਾ ਏ। ਇਹਨੂੰ ਪਰੇਡਾਂ ਕਰਨ ਦੇ। ਫਿਰ ਵੇਖਾਂਗਾ।" ਛੇ ਮਹੀਨੇ ਲੰਘੇ ਤਾਂ ਉਹ ਫਿਰ ਮੇਰੇ ਸਾਲੇ ਨੂੰ ਲੈ ਕੇ ਆ ਗਿਆ ਮੈਂ ਕਿਹਾ ਚਲੋ ਹੁਣ ਵਾਅਦੇ ਮੁਤਾਬਕ ਕੰਮ ਕਰਨਾ ਹੀ ਚਾਹੀਦੇ। ਮੈਂ ਉਸਨੂੰ ਸਭ ਤੋਂ ਭੁੱਖੇ ਥਾਣੇ ਰਮਦਾਸ ਵਿਚ ਬਦਲ ਦਿੱਤਾ।"

ਗੱਲ ਮੁਕਾ ਕੇ ਉਸਨੇ ਇਕ ਚੁਸਕੀ ਹੋਰ ਲਈ। ਗੁਰਚਰਨ ਨੇ ਗਲਾਸ ਖਾਲੀ ਕਰਨ ਲਈ ਕਿਹਾ ਤਾਂ ਕਹਿਣ ਲੱਗਾ, "ਮੈਂ ਏਸੇ ਨੂੰ ਥੋੜ੍ਹਾ ਤੜਕਾ ਲਾ ਲੈਂਦਾ ਹਾਂ" ਤੇ ਉਸਨੇ ਬੋਤਲ ਫੜਕੇ ਥੋੜ੍ਹੀ ਜਿਹੀ ਸ਼ਰਾਬ ਪਹਿਲੇ ਪੈੱਗ ਨਾਲ ਹੀ ਮਿਲਾ ਲਈ।

ਮੈਨੂੰ ਬਰਜਿੰਦਰ ਸਿੰਘ ਦੀ ਖ਼ੁਦਦਾਰੀ ਚੰਗੀ ਲੱਗੀ। ਉਹਦੀ ਸਾਦਗੀ ਤੇ ਸਾਫ਼ਗੋਈ ਵੀ। ਹਵਾ ਦੇ ਉਲਟੇ ਰੁਖ ਉੱਡਣ ਵਾਲੇ ਮੈਨੂੰ ਸਦਾ ਹੀ ਚੰਗੇ ਲੱਗਦੇ ਰਹੇ ਹਨ।

ਗੱਲਾਂ 'ਚੋਂ ਇਕ ਹੋਰ ਗੱਲ ਨਿਕਲ ਆਈ ਸੀ। ਅਸੀਂ ਸਰੋਤੇ ਦਿਲਚਸਪੀ ਨਾਲ ਸੁਣ ਰਹੇ ਸਾਂ—

"...ਇਲੈਕਸ਼ਨ ਹੋਣ ਵਾਲੀ ਸੀ। ਪਾਰਲੀਮੈਂਟ ਭੰਗ ਹੋ ਚੁਕੀ ਸੀ, ਪਰ ਗੁਰਦਿਆਲ ਸਿੰਘ ਢਿੱਲੋਂ ਦੀ ਸਪੀਕਰੀ ਕਾਇਮ ਸੀ। ਸਾਡੇ ਲੋਕਾਂ ਨੂੰ ਲੀਡਰਾਂ ਨੂੰ ਮਿਲਕੇ ਚੋਣਾਂ ਤੋਂ ਪਹਿਲਾਂ ਕੰਮ ਕਢਾਉਣ ਦਾ ਚੰਗਾ ਮੌਕਾ ਮਿਲਦਾ ਹੈ। ਢਿਲੋਂ ਉਹਨਾਂ ਨੂੰ ਕਹਿੰਦਾ, "ਚਲੋਂ ਅੰਮ੍ਰਿਤਸਰ ਸਰਕਟ ਹਾਊਸ ਚਲਦੇ ਆਂ...ਉਥੇ ਹੀ ਐਸ.ਐਸ.ਪੀ. ਨੂੰ ਬੁਲਾ ਲਵਾਂਗਾ।" ਏਥੇ ਆ ਕੇ ਉਹਦੇ ਮੁਤਬੰਨੇ ਨੇ ਫੋਨ ਕੀਤਾ ਕਿ ਸਪੀਕਰ ਸਾਹਿਬ ਸਰਕਟ ਹਾਊਸ ਆਉਣ ਲਈ ਕਹਿ ਰਹੇ ਹਨ। ਮੈਂ ਜੁਆਬ ਦਿਤਾ, "ਮੈਂ ਇਸ ਵੇਲੇ ਬਹੁਤ ਬਿਜ਼ੀ ਹਾਂ...ਜੇ ਕੋਈ ਐਮਰਜੈਂਸੀ ਹੈ ਤਾਂ ਸਪੀਕਰ ਸਾਹਿਬ ਮੇਰੇ ਕੋਲ ਆ ਜਾਣ।" ਇਹ ਸੁਣ ਕੇ ਥੋੜ੍ਹੀ ਦੇਰ ਪਿਛੋਂ ਢਿਲੋਂ ਨੇ ਆਪ ਫੋਨ ਕੀਤਾ, "...ਮੈਂ ਸਪੀਕਰ ਲੋਕ ਸਭਾ ਬੋਲ ਰਿਹਾਂ। ਮੈਂ ਸਿਰਫ ਇਹ ਜਾਣਨਾ ਚਾਹੁੰਦਾਂ ਕਿ ਜਿਹੜਾ ਜੁਆਬ ਪਹਿਲਾਂ ਮਿਲਿਆ ਹੈ ਉਹ ਤੁਸੀਂ ਦਿਤਾ ਹੈ ਜਾਂ ਤੁਹਾਡੇ ਅਪਰੇਟਰ ਨੇ?" ਮੈਂ ਦਸਿਆ, 'ਜੀ ਉਹ ਮੈਂ ਹੀ ਕਿਹਾ ਸੀ।' ਮੈਂ 'ਸ਼ਬਦ' ਜ਼ਰਾ ਨਰਮ ਵਰਤੇ। ਉਸ ਨੇ ਦੂਜੀ ਗੱਲ ਨਹੀਂ ਕੀਤੀ ਤੇ ਫੋਨ ਰੱਖ ਦਿਤਾ। ਉਹਦੇ ਮਨ ਵਿਚ ਸੀ ਕਿ ਮੈਨੂੰ ਤਾਂ ਮਿਲਣ ਲਈ ਸੈਂਟਰ ਦੇ ਵੱਡੇ ਵੱਡੇ ਅਫ਼ਸਰ ਭੱਜੇ ਆਉਂਦੇ ਨੇ ਤੇ ਇਹ ਇਕ ਐਸ.ਐਸ.ਪੀ. ਮੇਰੀ ਪ੍ਰਵਾਹ ਨਹੀਂ ਕਰ ਰਿਹਾ। ਫਿਰ ਜੀ ਉਸ ਨੇ ਪੰਜਾਬ ਸਰਕਾਰ ਨੂੰ, ਹੋਮ ਡਿਪਾਰਟਮੈਂਟ ਨੂੰ ਮੇਰੀਆਂ ਸ਼ਕਾਇਤਾਂ ਕੀਤੀਆਂ ਕਿ ਐਸ.ਐਸ.ਪੀ. ਅਕਾਲੀ ਹੈ। ਬਾਦਲ ਦਾ ਪੀ.ਏ. ਅਮਰਜੀਤ ਸਿੰਘ ਹੁੰਦਾ ਸੀ ਉਸਨੇ ਮੈਨੂੰ ਦੱਸ ਦਿਤਾ ਕਿ ਤੁਹਾਡੀ ਸ਼ਕਾਇਤ ਆਈ ਹੈ। ਮੈਂ ਵੀ ਤਿਆਰੀ ਕਰ ਲਈ ਹੋਈ ਸੀ। ਪਰ ਬਾਦਲ ਵਲੋਂ ਮੈਨੂੰ ਕੁਝ ਨਾ ਕਿਹਾ ਗਿਆ। ਹੋਮ ਡਿਪਾਰਟਮੈਂਟ ਦੀ ਚਿੱਠੀ ਚੀਫ਼ ਸੈਕਟਰੀ ਨੂੰ ਆਈ ਤਾਂ ਮੈਂ ਜੁਆਬ ਦਿਤਾ ਕਿ ਮੇਰੇ ਥਾਣੇ ਸਰਹੱਦ ਨਾਲ ਲਗਦੇ ਨੇ। ਉਦੋਂ ਜੰਗ ਦਾ ਖ਼ਤਰਾ ਸੀ। ਮੈਂ ਰਾਸ਼ਟਰੀ ਹਿਤ ਲਈ ਮਹੱਤਵਪੂਰਨ ਸੂਚਨਾਵਾਂ ਇਕੱਠੀਆਂ ਕਰਨ ਲਈ ਥਾਣਿਆਂ ਨੂੰ ਕਾਲਾਂ ਬੁਕ ਕਰਵਾਈਆਂ ਹੋਈਆਂ ਸਨ। ਮੈਂ ਇਕ ਬਹੁਤ ਮਹੱਤਵਪੂਰਣ ਵਿਸ਼ੇ ਤੇ ਬਿਜ਼ੀ ਸਾਂ। ਕਾਲਾਂ ਬੁਕ ਹੋਈਆਂ ਦਿਖਾਉਣ ਦੀ ਗੱਲ ਮੈਂ ਆਪਣੇ ਬਚਾਅ ਲਈ ਕੀਤੀ ਹੋਈ ਸੀ। ਲਓ ਜੀ! ਉਹਨੇ ਰਿਕਾਰਡ ਵੀ ਨਾ ਵੇਖਣਾ ਚਾਹਿਆ ਤੇ ਇਹ ਜੁਆਬ ਦੇ ਦਿਤਾ ਕਿ ਉਸਨੇ ਇਨਕੁਆਰੀ ਕਰ ਲਈ ਸੀ ਤੇ ਬਰਜਿੰਦਰ ਸਿੰਘ ਉਸ ਸਮੇਂ ਦੇਸ਼ ਦੀ ਰਾਖੀ ਨਾਲ ਸੰਬੰਧਿਤ ਮੁੱਦੇ ਨਾਲ ਜੁੜਿਆ ਹੋਇਆ ਹੋਣ ਕਰਕੇ ਵਿਹਲਾ ਨਹੀਂ ਸੀ। ਢਿਲੋਂ ਨੇ ਬੜਾ ਜ਼ੋਰ ਲਾਇਆ ਮੇਰੀਆਂ ਗੋਡਣੀਆਂ ਲਾਉਣ ਲਈ...ਪਰ ਆਪਾਂ ਧੌਣ ਸਿੱਧੀ ਹੀ ਰੱਖੀ...।"

ਉਸਨੇ ਗੱਲ ਮੁਕਾ ਕੇ ਘੁੱਟ ਭਰੀ। ਮੈਂ ਇਕ ਪਾਸੇ ਮੇਜ਼ 'ਤੇ ਪਏ ਉਸ ਨਿੱਕੇ ਲਿਫ਼ਾਫ਼ੇ ਵੱਲ ਵੇਖਣ ਲੱਗਾ। ਇਸ ਵਿਚ ਭਲਾ ਕੀ ਸੀ! ਕਿਹੜੀ ਸ਼ਾਪਿੰਗ ਕਰਕੇ ਲਿਆਏ ਨੇ! ਹੇਠਾਂ ਗੱਡੀ ਵਿਚ ਪਈ ਹੋਊ...ਉਤੇ ਕਿਧਰ ਸਮਾਨ ਚੁੱਕੀ ਲਿਆਉਣਾ ਸੀ ਭਲਾ!

"ਸਰਦਾਰ ਜੀ ਜਿਥੇ ਇਕ ਵਾਰ ਲੱਤ ਗੱਡ ਦਿੰਦੇ ਸਨ...ਬਸ ਗੱਡ ਦਿੰਦੇ ਸਨ...ਜੱਟਾਂ ਵਾਂਗੂੰ.. ਕਰਤਾਰ ਨੂੰ ਭਰਤੀ ਕਰਵਾਉਣ ਵੇਲੇ ਵੀ ਤਾਂ...।"

ਗੁਰਚਰਨ ਦੀ ਗੱਲ ਵਿਚੋਂ ਹੀ ਟੋਕ ਕੇ ਬਰਜਿੰਦਰ ਸਿੰਘ ਬੋਲ ਪਿਆ ਹੈ, "ਕਰਤਾਰ ਦੀ ਗੱਲ ਪਿੱਛੋਂ ਕਰੂੰ—ਪਹਿਲਾਂ



Sri Satguru Jagjit Singh Ji eLibrary NamdhariElibrary@gmail.com

ਜੱਟਾਂ ਵਾਲੀ ਸੁਣ ਲੋ...ਅੰਬਰਸਰ ਵਾਲੇ ਖਾਲਸਾ ਕਾਲਜ ਦੀ ਕਮੇਟੀ ਭਾਪਿਆਂ ਦੇ ਕਬਜ਼ੇ ਹੇਠ ਸੀ। ਜੱਟਾਂ ਦੀ ਸ਼ਰਦਾਰੀ ਖੁੱਸ ਗਈ ਸੀ। ਗੱਲ ਸੁਣ ਸੰਧੂ ਵਰਿਆਮ! ਜਦੋਂ ਉਹ ਮੇਰੇ ਕੋਲ ਆਏ ਤਾਂ ਮੈਂ ਕਿਹਾ ਲਿਖਤੀ ਸ਼ਿਕਾਇਤ ਕਰੋ। ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਵੀਂ ਨਵੀਂ ਬਣ ਰਹੀ ਸੀ ਤੇ ਇਹਦੇ ਵਿਚੋਂ ਘਪਲਾ ਮਾਰਨ ਦੀ ਸ਼ਿਕਾਇਤ ਪਹਿਲਾਂ ਫਾਈਲ ਹੋ ਚੁੱਕੀ ਸੀ। ਉਹਨਾਂ ਦੋਬਾਰਾ ਕੇਸ ਖੋਲ੍ਹਣ ਦੀ ਦਰਖਾਸਤ ਦਿੱਤੀ। ਮੈਂ ਗੁਰਦਿਆਲ ਸਿੰਘ ਨਾਂ ਦੇ ਇਕ ਇੰਸਪੈਕਟਰ ਦੀ ਡਿਊਟੀ ਲਾ ਦਿੱਤੀ ਇਨਕੁਆਰੀ ਕਰਨ ਲਈ। ਉਸਨੂੰ ਆਖਿਆ ਕਿ ਇਨਕੁਆਰੀ ਐਨ ਠੀਕ ਹੋਵੇ ਤੇ ਕਿਸੇ ਦੀ ਸਿਫ਼ਾਰਸ਼ ਨਹੀਂ ਮੰਨਣੀ। ਆਖਰੀ ਹੁਕਮ ਮੇਰਾ ਹੋਊ। ਉਸ ਬੇਲਾਗ ਇਨਕੁਆਰੀ ਕੀਤੀ। ਭਾਪਿਆਂ ਦਾ ਲੀਡਰ, ਚੀਫ ਖਾਲਸਾ ਦੀਵਾਨ ਦਾ ਵੱਡਾ ਅਹੁਦੇਦਾਰ ਦੋਸ਼ੀ ਪਾਇਆ ਗਿਆ। ਉਹ ਕਾਲਜ ਕਮੇਟੀ ਦਾ ਵੱਡਾ ਆਗੂ ਸੀ। ਉਹਦੇ ਵਾਰੰਟ ਗ੍ਰਿਫਤਾਰੀ ਕੱਢ ਦਿੱਤੇ। ਉਹ ਸ਼ਹਿਰੋਂ ਭੱਜ ਗਿਆ ਤੇ ਸਿਫਾਰਸ਼ਾਂ ਲੱਭਣ ਲੱਗਾ। ਉੱਜਲ ਸਿੰਘ ਤੱਕ ਗਿਆ। ਮੁਖ ਮੰਤਰੀ ਗੁਰਨਾਮ ਸਿੰਘ ਦੀ ਮੈਨੂੰ ਕਾਲ ਆਈ। ਮੈਂ ਮੁਖ ਮੰਤਰੀ ਦੀ ਕਾਲ ’ਤੇ ਡਰਿਆ ਪਰ ਜਦੋਂ ਉਸਨੇ ਪੁੱਛਿਆ ਕਿ ਫਲਾਂ ਕੇਸ ਦੀ ਪ੍ਰਾਗਰੈਸ ਕੀ ਹੈ ਤਾਂ ਮੈਂ ਦੱਸਿਆ ਕਿ ਫ਼ਲਾਂ ਦੋਸ਼ੀ ਭਗੌੜਾ ਹੋ ਗਿਐ ਤੇ ਅਸੀਂ ਉਹਨੂੰ ਛੱਡਣਾ ਨਹੀਂ। ਬਾਕੀ ਕਾਰਵਾਈ ਚਲ ਰਹੀ ਹੈ। ਗੁਰਨਾਮ ਸਿੰਘ ਕਹਿੰਦਾ, “ਠੀਕ ਹੈ, ਕਿਸੇ ਨੂੰ ਬਖ਼ਸ਼ਣਾ ਨਹੀਂ।” ਮੈਂ ਸ਼ੇਰ ਹੋ ਗਿਆ। ਫ਼ਿਰ ਜੀ ਮੈਂ ਥਾਣੇਦਾਰਾਂ ਨੂੰ ਆਖਿਆ ਕਿ ਛੱਡ ਦਿਓ ਸਾਰੇ ਕੰਮ ਤੇ ਵੋਟਾਂ ਬਣਾਓ ਜਿੰਨੀਆਂ ਬਣਦੀਆਂ। ਉਦੋਂ ਫਿਰ ਸੁਰਜੀਤ ਸਿੰਘ ਮਜੀਠੀਆ ਪ੍ਰਧਾਨ ਬਣਿਆ ਤੇ ਵਿਨੋਦ ਸਿੰਘ ਸਕੱਤਰ। ਜੱਟਾਂ ਦਾ ਕਬਜ਼ਾ ਹੋਇਆ ਖਾਲਸਾ ਕਾਲਜ ਦੀ ਕਮੇਟੀ ’ਤੇ।..”

ਬਰਜਿੰਦਰ ਸਿੰਘ ਆਪਣੇ ਸੁਭਾ ਅਤੇ ਸਖਸ਼ੀਅਤ ਦੀਆਂ ਵੱਖ ਵੱਖ ਬੁਲੰਦੀਆਂ ਸਿਰਜ ਰਿਹਾ ਸੀ ਤੇ ਹਰੇਕ ਚੋਟੀ ਉਤੇ ਖੜੋਤਾ ਮੁਸਕਰਾ ਰਿਹਾ ਸੀ। ਅਸੀਂ ਉਸਦੇ ਨਾਲ ਨਾਲ ਉੱਡ ਰਹੇ ਸਾਂ। ਉਸਦੇ ਪ੍ਰਭਾਵ ਨਾਲ ਕੀਲਿਆ ਗੁਰਚਰਨ ਸਿੰਘ ਪ੍ਰਸੰਸਾਮਈ ਸੁਰ ’ਚ ਬੋਲਿਆ, “ਕਰਤਾਰ ਉਦੋਂ ਡੀ.ਐਸ.ਪੀ. ਸੀ ਬੀ.ਐਸ.ਐਫ. ਵਿਚ। ਪਰ ਪੁਲਿਸ ਦਾ ਆਪਣਾ ਹੀ ਟੌਹਰ ਹੁੰਦੈ। ਇਹਨਾਂ ਦੇ ਕਹੇ ’ਤੇ ਅਸੀਂ ਕਰਤਾਰ ਨੂੰ ਬੀ.ਐਸ.ਐਫ. ’ਚੋਂ ਲਿਆ ਕੇ ਸਿਪਾਹੀ ਭਰਤੀ ਕਰਵਾ ਦਿੱਤਾ। ਲੋਕ ਸਾਨੂੰ ਮੂਰਖ ਆਖਣ। ਉਹ ਆਖਣ ਅਫ਼ਸਰਾਂ ਦਾ ਇਤਬਾਰ ਨਹੀਂ ਕਰੀਦਾ ਪਰ ਇਹਨਾਂ ਅੱਜ ਸਿਪਾਹੀ ਅਗਲੇ ਦਿਨ ਸਬ ਇੰਸਪੈਕਟਰ ਬਣਾ ਦਿੱਤਾ.. ਫਿਰ ਜਦੋਂ ਆਈ ਜੀ. ਬਣੇ ਤਾਂ ਪਹਿਲਾ ਆਡਰ ਕਰਤਾਰ ਨੂੰ ਇੰਸਪੈਕਟਰ ਬਨਾਉਣ ਦਾ ਕੀਤਾ।..”

“ਛਓ ਇਹ ਵੀ ਸੁਣ ਲੋ...” ਬਰਜਿੰਦਰ ਸਿੰਘ ਨੇ ਗੱਲ ਬੋਚ ਲਈ, “ਮੈਂ ਜੀ ਕਰਤਾਰ ਨੂੰ ਇੰਸਪੈਕਟਰ ਬਨਾਉਣ ਦਾ ਵਾਅਦਾ ਕੀਤਾ ਸੀ ਤੇ ਡੀ.ਜੀ.ਪੀ. ਬੀਰਬਲ ਨਾਥ ਨੂੰ ਪੁੱਛ ਕੇ ਹੀ ਕਰਤਾਰ ਨੂੰ ਲਿਆਂਦਾ ਸੀ ਪਰ ਉਹ ਆਨੇ-ਬਹਾਨੇ ਮਾਰਨ ਲੱਗ ਪਿਆ। ਮੈਂ ਕਰਤਾਰ ਨੂੰ ਆਖਿਆ, ‘ਕਰਤਾਰ! ਉਹ ਥੁੱਕ ਕੇ ਚੱਟ ਗਿਐ ਪਰ ਜੇ ਕਿਸਮਤ ਤੇਰੀ ’ਚ ਹੋਇਆ ਤਾਂ ਮੈਂ ਤੈਨੂੰ ਇੰਸਪੈਕਟਰ ਬਣਾਊਂ ਜ਼ਰੂਰ।’ ਮੇਰੇ ਮਨ ਵਿਚ ਖੁੰਦਕ ਸੀ। ਆਈ.ਜੀ. ਬਣਦਿਆਂ ਹੀ ਮੈਂ ਪਹਿਲਾ ਆਰਡਰ ਕਰਤਾਰ ਨੂੰ ਇੰਸਪੈਕਟਰ ਬਨਾਉਣ ਦਾ ਕੀਤਾ।...ਉਹ ਥੁੱਕ ਕੇ ਚੱਟ ਗਿਆ ਸੀ “ਪਰ ਮੈਂ ਇੰਜ ਕਿਵੇਂ ਕਰ ਸਕਦਾ ਸਾਂ।”

ਆਪਣੇ ਵੇਲੇ ਦਾ ਹਾਕੀ ਦਾ ਬਹੁਤ ਵਧੀਆ ਖਿਡਾਰੀ ਬਰਜਿੰਦਰ ਸਿੰਘ ਆਪਣੇ ਕਾਰਜ-ਕਾਲ ਵਿਚ ਹਮੇਸ਼ਾ ਖਿਡਾਰੀਆਂ ਨੂੰ ਪ੍ਰੋਤਸਾਹਨ ਦਿੰਦਾ ਰਿਹਾ ਸੀ।

ਖਾਣੇ ਦੀ ਮੇਜ਼ ਤੇ ਬੈਠੇ ਤਾਂ ਡੂੰਗੇ ਨੂੰ ਹੱਥ ਪਾਉਂਦਿਆਂ ਹੀ ਕਹਿੰਦਾ, “ਦਾਲ ਵੇਖਿਆਂ ਹੀ ਪਤਾ ਲੱਗ ਜਾਂਦੈ ਕਿ ਸਵਾਦ ਬਣੀ ਹੈ।”

ਉਹ ਬੜਾ ਹੀ ਪਿਆਰਾ, ਮਿਲਣਸਾਰ ਤੇ ਸਾਦਾ ਇਨਸਾਨ ਲਗ ਰਿਹਾ ਸੀ। ਮੈਂ ਤਾਂ ਉਸ ਨੂੰ ਐਵੇਂ ਹੀ ਮਿਲਣੋਂ ਝਿਜਕਦਾ ਸੀ। ਜੇ ਨਾ ਮਿਲਦਾ ਤਾਂ ਕਿੰਨੇ ਪਿਆਰੇ ਇਨਸਾਨ ਦੀ ਨਿੱਘੀ ਮਿਲਣੀ ਤੋਂ ਵਾਂਝਿਆਂ ਰਹਿ ਜਾਣਾ ਸੀ।

ਉੱਠ ਕੇ ਤੁਰਨ ਲਗਾ ਤਾਂ ਮੈਂ ਉਸਦੀ ਚੰਗੀ ਸਿਹਤ ਦੀ ਪ੍ਰਸੰਸਾ ਕੀਤੀ। ਕਹਿਣ ਲੱਗਾ, “ਮੇਰੇ ਦੋਸਤ ਕਹਿੰਦੇ ਨੇ ਜੇ ਇਹ ਦਾੜ੍ਹੀ ਰੰਗੇ ਤਾਂ ਜੁਆਨ ਲੱਗੇ!”

ਉਸਦੀ ਗੱਲ ਬਿਲਕੁਲ ਠੀਕ ਸੀ। ਇਸ ਵੇਲੇ ਉਸਦੀ ਉਮਰ ਸੱਤਰ ਸਾਲ ਸੀ, ਪਰ ਦਾੜ੍ਹੀ ਰੰਗਿਆਂ ਮਸਾਂ ਉਹ ਪੰਜਤਾਲੀ ਕੁ ਸਾਲ ਦਾ ਲੱਗੇ।

“...ਜਦੋਂ ਦੀ ਪਤਨੀ ਤੁਰ ਗਈ ਹੈ...ਮੈਂ ਕਿਹਾ ਦਾੜ੍ਹੀ ਨਹੀਂ ਕਾਲੀ ਕਰਨੀ।

ਉਹਦੀ ਆਵਾਜ਼ ਵਿਚ ਦਰਦ ਸੀ। ਇਕ ਲੁਕਿਆ ਹੋਇਆ ਹਉਕਾ।

ਅਸੀਂ ਉਸਨੂੰ ਬੱਲੇ ਤੋਰਨ ਆਏ। ਵਿਛੜਨ ਤੋਂ



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾਈ।

"ਵਰਿਆਮ ! ਮੈਂ ਤੇਰੇ ਸਨਮਾਨ-ਸਮਾਗਮ 'ਤੇ ਜ਼ਰੂਰ ਆਉਂਦਾ, ਪਰ ਮੇਰੀ ਫਲਾਈਟ ਹੈ ਕਲ੍ਹ ਨੂੰ...ਅੱਛਾ ਫਿਰ ਵੀ ਮਿਲਾਂਗੇ।"

ਉਸ ਨੇ ਇਕ ਵਾਰ ਫਿਰ ਘੁਟ ਕੇ ਹੱਥ ਮਿਲਾਇਆ ਤੇ ਲਾਲੀ ਨਾਲ ਉਹਦੀ ਕਾਰ ਵਿਚ ਬੈਠ ਕੇ ਤੁਰ ਗਿਆ। ਅਸੀਂ ਵਾਪਸ ਕਮਰੇ ਵਿਚ ਆਏ ਤਾਂ ਸਾਡੇ ਨਾਲ ਹੀ ਤੁਰੀਆਂ ਆਈਆਂ ਬਰਜਿੰਦਰ ਸਿੰਘ ਦੀ ਖੁਦਦਾਰੀ ਦੀ ਬੁਲੰਦੀ ਸਿਰਜਦੀਆਂ ਨਿੱਕੀਆਂ ਨਿੱਕੀਆਂ ਕਹਾਣੀਆਂ। ਮੈਂ ਵੇਖਿਆ ਪਾਸੇ ਵਾਲੀ ਮੇਜ਼ ਉਪਰ ਉਸ ਵਲੋਂ ਰੱਖਿਆ ਨਿੱਕਾ ਜਿਹਾ ਲਿਫਾਫਾ ਉਥੇ ਹੀ ਪਿਆ ਹੋਇਆ ਸੀ। ਉਹ ਇਸਨੂੰ ਨਾਲ ਲਿਜਾਣਾ ਭੁੱਲ ਗਿਆ ਸੀ। ਮੈਂ ਉਸ ਲਿਫਾਫੇ ਵਲ ਗੁਰਚਰਨ ਦਾ ਧਿਆਨ ਦਿਵਾਇਆ ਤਾਂ ਉਹ ਹਸਾਉਣੀ ਫਿਕਰਮੰਦੀ ਨਾਲ ਕਹਿਣ ਲਗਾ, "ਲਓ, ਆਈ.ਜੀ. ਸਾਹਿਬ ਦੀ ਕੀਤੀ ਸਾਰੀ ਸ਼ਾਪਿੰਗ ਹੀ ਏਥੇ ਰਹਿ ਗਈ।"

"ਸਾਰੀ ਸ਼ਾਪਿੰਗ !" ਹੋਰ ਤਾਂ ਕੁਝ ਉਹਨਾਂ ਵਲੋਂ ਨਾਲ ਲਿਆਂਦਾ ਮੈਨੂੰ ਦਿਸ ਨਹੀਂ ਸੀ ਰਿਹਾ।

ਇਹੋ ਡਰਾਇਰ ਹੀ ਤਾਂ ਉਹਨਾਂ ਖਰੀਦਿਆ ਸੀ ਸਾਰੀ ਸ਼ਾਪਿੰਗ ਵਿਚ ..।"

"ਸ਼ਾਪਿੰਗ 'ਤੇ ਜ਼ੋਰ ਤਾਂ ਬੜਾ ਸੀ ਤੁਹਾਡਾ !"

"ਸ਼ਾਪਿੰਗ ਕੀ ਕਰਨੀ ਸੀ ..ਦੱਸਦੇ ਭਾਵੇਂ ਨਹੀਂ, ਪਰ ਮੁੰਡੇ ਵਲੋਂ ਗੋਰੀ ਨਾਲ ਵਿਆਹ ਕਰਾਉਣ ਦੇ ਫੈਸਲੇ ਤੋਂ ਹੋ ਸਕਦਾ ਹੈ ਦੁਖੀ ਹੋਣ ਅੰਦਰੋਂ। ਭਾ ਜੀ ! ਇਥੇ ਆ ਵਸੇ ਲੋਕਾਂ ਦਾ ਬਾਬਾ ਆਦਮ ਹੀ ਨਿਰਾਲਾ ਹੈ ! . ਹੁਣ ਕੱਲ੍ਹ ਨੂੰ ਇਹਨਾਂ ਦੀ ਵਾਪਸੀ ਫਲਾਈਟ ਹੈ ਪਰ ਮੁੰਡਾ ਕਹਿੰਦੈ ਮੈਂ ਸੀ-ਔਫ ਨਹੀਂ ਕਰਨ ਜਾ ਸਕਦਾ ਕਿਉਂਕਿ ਮੈਂ ਕੱਲ੍ਹ ਗੌਲਫ ਖੇਡਣ ਜਾਣਾ ਹੈ...।"

ਮੈਨੂੰ ਇਹ ਸੁਣਕੇ ਝਟਕਾ ਲੱਗਾ। ਜਾਪਿਆ ਸਚਮੁੱਚ ਹੀ ਸ਼ਾਪਿੰਗ ਤਾਂ ਇਕ ਬਹਾਨਾ ਸੀ ਅਸਲ ਗੱਲ ਤਾਂ ਅਪਣੱਤ ਭਰਿਆ ਸਾਥ ਮਾਨਣ ਦੀ ਸੀ। ਮੈਂ ਹੱਸਿਆ, "ਉਹਨਾਂ ਸੋਚਿਆ ਹੋਵੇਗਾ ਰਿਸ਼ਤੇ ਤਾਂ ਅੱਗੇ ਹੀ ਬੜੇ ਖ਼ੁਸ਼ਕ ਨੇ। ਡਰਾਇਰ ਲਿਜਾ ਕੇ ਇਹਨਾਂ ਨੂੰ ਹੋਰ ਕੀ ਸੁਕਾਉਣੇ...।"

ਪਰ ਦੂਜੇ ਪਲ ਮੈਂ ਆਪਣੇ ਅੰਦਰ ਉੱਤਰ ਗਿਆ।

ਮੈਨੂੰ ਜਾਪਿਆ ਬਰਜਿੰਦਰ ਸਿੰਘ ਅੰਦਰ ਕੋਈ ਡੂੰਘੀ ਖਾਈ ਸੀ ਤੇ ਇਹ ਕਹਾਣੀਆਂ ਤਾਂ ਉਹ ਵੱਡੀਆਂ ਚਟਾਨਾਂ ਸਨ, ਜਿੰਨ੍ਹਾਂ ਦੇ ਵਿਸਫੋਟ ਰਾਹੀਂ ਉਹ ਅੰਦਰਲੀ ਖਾਈ ਨੂੰ ਭਰਨਾ ਚਾਹੁੰਦਾ ਸੀ। ਪਰ ਇਹ ਅੰਦਰਲੀਆਂ ਖਾਈਆਂ ਕਿੱਥੇ ਭਰਦੀਆਂ ਨੇ !!

(ਚਲਦਾ)

PARTNER
CARDIGANS ■ PULLOVERS
Ante-date Knitters
A Quality Product of
UDEY Knitwears
Manufacturers & Exporters
Street No.3, Jammu Colony, Nr. Preet Palace,
Opp Atam Park, LUDHIANA
Phones 405338, 36349 Fax: 26070 ATTN. 24349



Sri Satguru Jagjit Singh Ji eLibrary NamdhariElibrary@gmail.com

# ਲਹਿੰਦੇ ਪੰਜਾਬ ਦੇ ਸ਼ਾਇਰਾਂ ਦੀਆਂ ਮਿੰਨੀ ਨਜ਼ਮਾਂ

## ਅਹਿਮਦ ਸਲੀਮ

### ਚੰਨ ਨਾਲ ਹਸਰਤ ਦੀ ਗੱਲ

ਮੇਰੇ ਕੋਲ ਸਿਰਫ ਨਜ਼ਮਾਂ ਨੇ
ਮੇਰੇ ਕੋਲ ਇਕ ਕਾਰ ਵੀ ਹੋਣ ਚਾਹੀਦੀ ਏ ।

### ਹਾਸਾ

ਅਜ ਫੋਨ ਤੇ
ਤੇਰੀ ਆਵਾਜ਼ ਹੱਸੀ ਸੀ
ਮੈਂ ਡਰ ਕੇ ਪੁਛਿਆ...ਤੂੰ ਬੀਮਾਰ ਤੇ ਨਹੀਂ ?
ਤੂੰ ਹੱਸ ਕੇ ਆਖਿਆ...ਸਿਰਫ਼ ਥੱਕ ਗਈ ਸਾਂ
ਮੈਨੂੰ ਯਕੀਨ ਸੀ,
ਤੇਰੀਆਂ ਅੱਖਾਂ ਵਿਚ ਹੰਝੂ ਨਹੀਂ ਸਨ
ਪਰ ਤੇਰੀ ਹਸਦੀ ਆਵਾਜ਼
ਕੱਚ ਨਾਲ ਜ਼ਖਮੀ ਹਵਾ ਵਾਂਗਰ ਰੋ ਰਹੀ ਸੀ ।

## ਅਖਲਾਕ ਹੈਦਰਾਬਾਦੀ

### ਪਰ ਤੂੰ ਨਾ ਆਇਆ

ਅੱਧੀ ਰਾਤ ਉਡੀਕਾਂ ਪਿਛੋਂ
ਜਦ ਮੈਂ ਘਰ ਦੇ ਬੂਹੇ ਢੋਏ
ਮੈਂ ਤੇ ਮੇਰਾ ਕਮਰਾ ਦੋਵੇਂ
ਦਿਨ ਚੜ੍ਹਦੇ ਤਕ ਰੱਜ ਕੇ ਰੋਏ ।

### ਬੇਇਤਬਾਰੀ ਦੇ ਮਧੋਪ

ਇਕ ਪਲ ਚ ਬਣਾ ਲੈਣਾ
ਇਕ ਪਲ 'ਚ ਮਿਟਾ ਲੈਣਾ
ਕੀਹ ਭੇਤ ਘਟਾਵਾਂ ਦੇ
ਕਦ ਭੇਸ ਵਟਾ ਲੈਣਾ ।

### ਪਿਆਰ

ਓਹਦੇ ਵੀ ਕੁਝ ਪਿਆ ਨਾ ਪੱਲੇ
ਮੇਰੇ ਵੀ ਕੁਝ ਰਿਹਾ ਨਾ ਪੱਲੇ ।

### ਜੱਟ ਸੰਡਾ ਸੰਸਾਰ

ਆਪੇ ਆਪਣਾ ਲਹੂ ਕੱਢੇ
ਤੇ ਆਪੇ ਵੇਚਣ ਜਾਵੇ
ਆਪੇ ਉਹਦਾ ਮੁੱਲ ਖਰਚੇ
ਤੇ ਹੱਸਦਾ ਆਪਣੇ
ਪਿੰਡ ਨੂੰ ਆਵੇ ।

### ਮੌਤ ਦਾ ਸੋਹਣਾ ਫੁੱਲ

ਨਾਲ ਨਾਲ ਸੀ ਮੇਰੇ ਜ਼ਿੰਦਗੀ
ਹੱਸ ਕੇ ਦੇ ਗਈ ਜੁਲ
ਜਿਸ ਦਿਨ ਮੇਰੀ ਅੱਖ 'ਚ ਖਿੜਿਆ
ਮੌਤ ਦਾ ਸੋਹਣਾ ਫੁੱਲ ।

## ਅਕਰਮ ਬਾਜਵਾ

### ਬੇਨਤੀ

ਸਾਵਨ ਵਿਚ ਵੀ ਤੂੰ ਨਾ ਆਇਆ
ਬੱਦਲਾਂ ਨਾਲ ਰਵਾਇਆ ਸਾਨੂੰ
ਵਿਚ ਬਹਾਰ ਉਡੀਕਾਂ ਰਹੀਆਂ
ਫੁੱਲਾਂ ਨੇ ਜ਼ਖ਼ਮਾਇਆ ਸਾਨੂੰ
ਰੁੱਤ ਸਰਹੋਂ ਦੀ ਆ ਕੇ ਟੁਰ ਗਈ
ਤੂੰ ਨਾ ਮੁਖ ਵਖਾਇਆ ਸਾਨੂੰ
ਹੁਣ ਤੇ ਮੁੜ ਕੇ ਆ ਜਾ ਸਜਨਾਂ
ਆ ਗਏ ਫੁੱਲ ਕਰੀਰਾਂ ਉਤੇ

## ਅਮਜਦ ਹਮੀਦ ਮਹਸਨ

### ਉਡੀਕ

ਹੱਸਦੀ ਸੂਲੀ ਤੱਕ ਰਹੀ ਸੀ
ਕਿਹੜੇ ਸੱਚ ਦੀ ਅੱਜ ਵਾਰੀ ਏ ।

### ਅਨਹੋਣੀ ਖਾਹਸ਼

ਲਾ ਕੇ ਲੋਕ ਧਰੇਕ ਦੇ ਬੂਟੇ
ਮੰਗ ਰਹੇ ਨੇ
ਲਾਲ ਗੁਲਾਬੀ ਫੁੱਲ ।



Sri Satguru Jagjit Singh Ji eLibrary NamdhariElibrary@gmail.com

## ਅਮੀਨ ਖ਼ਯਾਲ

**ਖ਼ਵਾਬ**

ਬੰਦ ਅੱਖੀਆਂ ਦੇ ਹੋਰ
ਜਾਗਦਿਆਂ ਦੇ ਹੋਰ

**ਮੌਸੀਕੀ**

ਮੇਰੇ ਅੰਦਰੋਂ ਘੁੰਗਰੂ ਛਣਕਣ ਦੀ ਆਵਾਜ਼
ਓਹਦੇ ਮੂਹੋਂ ਸਿਖੀ

## ਅੰਜਮ ਸਲੀਮੀ

**ਛਨਕਾਰ**

ਬਾਹਰੋਂ ਹੱਸਦਾ ਵਸਦਾ ਰਹਿੰਦਾ
ਆਪ ਇਨਸਾਨਾਂ ਵਾਂਗੂੰ
ਅੰਦਰੋਂ ਕਿੰਨਾ ਚੁੱਪ-ਚਪੀਤਾ
ਕਬਰਸਤਾਨਾਂ ਵਾਂਗੂੰ

## ਐਮ. ਅਸ਼ਰਫ਼ ਸੁਹੇਲ

**ਮੌਤ**

ਬਿਨਾਂ ਪਾਸਪੋਰਟ ਤੋਂ
ਦੂਜੇ
ਜਹਾਨ ਦੀ ਸੈਰ
ਦਾ ਨਾਂਅ

**ਧੀਆਂ**

ਅਜ ਤੇ ਕਲ੍ਹ
ਦਾ ਫ਼ਰਕ
ਸਿਰਫ਼ ਏਨਾ ਏ
ਪਹਿਲਾਂ ਧੀਆਂ
ਦੇ ਜੰਮਣ ਸਮੇਂ
ਗਲਾ ਘੁਟ ਦਿਤਾ ਜਾਂਦਾ ਸੀ
...ਤੇ ਹੁਣ
ਮਾਵਾਂ ਦੀਆਂ ਕੁੱਖਾਂ ਵਿਚ
ਈ
ਧੀਆਂ ਦਾ ਕਤਲ ਹੋਂਦਾ ਏ

**ਪਿਓ**

ਫ਼ਲਦਾਰ ਰੁਖ
ਜਿਹੜਾ ਸੁੱਕਣ ਮਗਰੋਂ
ਬਾਲਣ ਦਾ ਕੰਮ ਦੇਂਦਾ ਏ

## ਜਮੀਲ ਅਹਿਮਦ ਪਾਲ

**ਅਪਣਾ ਅਪਣਾ ਸਬਕ**

ਤੂੰ ਫ਼ੁੱਲਾਂ ਤੋਂ ਹੱਸਣਾ ਸਿਖਿਆ
ਮੈਂ ਸ਼ਬਨਮ ਤੋਂ ਰੋਣਾ

**ਨਜ਼ਮ**

ਜਿਹੜੇ ਫ਼ੁੱਲ ਖਿੜ ਕੇ ਮੁਰਝਾ ਗਏ
ਓਹਨਾਂ ਬਾਰੇ ਹੁਣ ਕੀ ਆਖਾਂ
ਜਿਹੜੀਆਂ ਸੱਧਰਾਂ
ਖਿੜਨ ਤੋਂ ਪਹਿਲਾਂ ਈ ਮੁਰਝਾਈਆਂ
ਓਹਨਾਂ ਬਾਰੇ ਹੁਣ ਕੀ ਦੱਸਾਂ
ਚੰਗਾ ਮੰਦਾ ਗੁਜ਼ਰ ਗਿਆ ਜੋ
ਉਸ ਵੇਲੇ ਨੂੰ
ਏਨੇ ਵਰ੍ਹਿਆਂ ਦੂਰ ਖਲੋ ਕੇ
ਯਾਦ ਕਰਾਂ ਜਦ
ਨਾਲੇ ਰੋਵਾਂ ਨਾਲੇ ਹੱਸਾਂ

**ਆਸਾਂ**

ਜਿਵੇਂ
ਪੱਤਝੜ ਦੇ ਮੌਸਮ ਵਿਚ ਰੁੱਖਾਂ ਉਤੋਂ
ਪੀਲੇ ਪੀਲੇ ਪੱਤਰ ਡਿਗ ਕੇ
ਦੂਰ ਦੂਰ ਖਿੰਡ ਜਾਂਦੇ



Sri Satguru Jagjit Singh Ji eLibrary NamdhariElibrary@gmail.com

ਖਿਲਰੇ ਪਤਰੇ

# ਰਤਨ ਸਿੰਘ ਜੱਬਲਪੁਰ ਵਾਲਾ

—ਜਗਦੀਸ਼ ਸਿੰਘ

'ਔਹ ਜੋ ਰਤਨ ਸਿੰਘ'

ਜਦੋਂ ਤਾਰਾ ਸਿੰਘ ਅਨਜਾਣ ਨੇ ਇਸ਼ਾਰਾ ਕੀਤਾ ਤਾਂ ਮੇਰੀ ਉਤਸੁਕਤਾ ਜਾਗ ਪਈ ।

ਰਤਨ ਸਿੰਘ ਨੂੰ ਮੈਂ ਪਹਿਲਾਂ ਕਦੇ ਨਹੀਂ ਜਾਂ ਮਿਲਿਆ । ਅਜੇ ਬੀਤੀ ਰਾਤ ਹੀ ਅਨਜਾਣ ਹੋਰਾਂ ਨੇ ਜ਼ਿਕਰ ਕੀਤਾ ਕਿ ਭੈਣੀ ਸਾਹਿਬ ਇਕ ਲੇਖਕ ਨੂੰ ਮਿਲਿਆ ਹਾਂ ਜਿਸ ਦਾ ਨਾਂਅ ਰਤਨ ਸਿੰਘ ਹੈ । ਮੇਰੇ ਮੂੰਹੋਂ ਝਟ ਨਿਕਲਿਆ ਕਿ ਇਕ ਰਤਨ ਸਿੰਘ ਤਾਂ ਉਰਦੂ ਦਾ ਅਫਸਾਨਾ ਨਿਗਾਰ ਹੈ, ਤਾਂ ਅਨਜਾਣ ਹੋਰਾਂ ਹੁੰਗਾਰਾ ਭਰਦਿਆਂ ਕਿਹਾ ਸੀ "ਹਾਂ ਉਹ ਆਖਦਾ ਸੀ ਕਿ ਮੈਂ ਉਰਦੂ ਵਿਚ ਕਹਾਣੀਆਂ ਲਿਖਦਾ ਰਿਹਾ ਹਾਂ।" ਹੁਣ ਉਹ ਨਾਵਲ ਲਿਖਣਾ ਚਾਹੁੰਦਾ ਹੈ ਨਾਮਧਾਰੀਆਂ ਬਾਰੇ ਅਤੇ ਏਸੇ ਕਰਕੇ ਹੀ ਉਹ ਭੈਣੀ ਸਾਹਿਬ ਆਇਆ ਹੈ । ਤੁਸੀਂ ਉਸ ਨੂੰ ਮਿਲੇ ਹੋਏ ਹੋ ? "ਮੈਂ ਕਿਹਾ ਕਿ ਮੈਂ ਕਦੇ ਨਹੀਂ ਮਿਲਿਆ ਪਰ ਉਸ ਦੀ ਉਰਦੂ ਦੀ ਰਚਨਾ ਸ਼ਾਇਦ ਪੜ੍ਹੀ ਹੋਵੇ ਪਰ ਰਤਨ ਸਿੰਘ ਦਾ ਨਾਮ ਮੈਨੂੰ ਯਾਦ ਹੈ ਕਿ ਉਰਦੂ ਸਾਹਿਤ ਨਾਲ ਜੁੜਿਆ ਇਹ ਮਸ਼ਹੂਰ ਨਾਮ ਹੈ । ਫੇਰ ਕਿਹਾ ਕਿ ਹੋ ਸਕਦਾ ਹੈ ਕਿ ਸੁਰਜੀਤ ਖੁਰਸ਼ੀਦੀ ਹੋਰਾਂ ਕੋਈ ਰਤਨ ਸਿੰਘ ਦੀ ਕਹਾਣੀ ਉਰਦੂ ਤੋਂ ਅਨੁਵਾਦ ਕਰਕੇ ਭੇਜੀ ਹੋਵੇ ਤੇ ਅਸੀਂ ਵਰਿਆਮ ਵਿਚ ਛਾਪੀ ਹੋਵੇ, ਪਰ ਪੱਕਾ ਨਹੀ । ਖੁਰਸ਼ੀਦੀ ਜਦੋਂ "ਠੀਕ ਠਾਕ ਸਨ ਤਾਂ ਉਹ ਆਪਣੇ ਅਧਿਐਨ ਕੋਸ਼ ਵਿਚੋਂ ਕੋਈ ਨਾ ਕੋਈ ਕਹਾਣੀ ਕਿਸੇ ਨਾ ਕਿਸੇ ਜ਼ਬਾਨ ਚੋਂ ਅਨੁਵਾਦ ਕਰਕੇ ਭੇਜ ਦਿਆ ਕਰਦੇ ਸਨ । ਇਹ ਤਾਂ ਪੱਕਾ ਪਤਾ ਸੀ ਕਿ ਸਰਵਣ ਕੁਮਾਰ ਵਰਮਾ ਦੀ ਇਕ ਕਹਾਣੀ ਖੁਰਸ਼ੀਦੀ ਦੁਆਰਾ ਭੇਜੀ ਅਸੀਂ ਛਾਪੀ ਸੀ ਅਤੇ ਇਸ ਅੰਕ ਦੀ ਕਾਪੀ ਮੰਗਵਾਉਣ ਵਾਸਤੇ ਸਰਵਣ ਕੁਮਾਰ ਨੇ ਚਿੱਠੀ ਵੀ ਲਿਖੀ ਸੀ ਪਰ ਰਤਨ ਸਿੰਘ ਦੀ ਕਹਾਣੀ ਛਾਪੀ ਹੋਵੇ ਇਸ ਬਾਰੇ ਹਾਂ ਜਾਂ ਨਾਂਹ ਨਹੀਂ ਕਹਿ ਸ਼ਕਦਾ ਪਰ ਫੇਰ ਵੀ ਰਤਨ ਸਿੰਘ ਦਾ ਨਾਮ ਐਸਾ ਸੀ ਸੋ ਉਰਦੂ ਲੇਖਕ ਦੇ ਤੌਰ ਤੇ ਪੱਕਾ ਮਨ ਤੇ ਉਭਰਿਆ ਹੋਇਆ ਸੀ । ਮੈਂ ਅਨਜਾਣ ਜੀ ਨੂੰ ਕਿਹਾ ਕਿ ਰਤਨ ਸਿੰਘ ਨੂੰ ਇਨਾਮ ਸਨਮਾਨ ਮਿਲੇ ਹਨ । ਸ਼ਾਇਦ ਭਾਸ਼ਾ ਵਿਭਾਗ ਨੇ ਵੀ ਦਿਤਾ ਸੀ ਪਰ ਪੱਕਾ ਮੈਂ ਕੁਝ ਨਹੀਂ ਕਹਿ ਸਕਦਾ । ਇਹ ਨਾਮ ਜ਼ਬਾਨ ਦੀਆਂ ਰੋਕਾਂ ਤੋੜ ਕੇ ਮੇਰੇ ਮਨ ਮਸਤਕ ਵਿਚ ਆਇਆ ਹੈ ; ਜਿਹਦੇ ਬਾਰੇ ਤੁਸੀਂ ਕੁਝ ਵੀ ਨਹੀਂ ਜਾਣਦੇ ਜਿਸਦਾ ਤੁਸੀਂ ਕੁਝ ਪੜ੍ਹਿਆ ਨਾ ਹੋਵੇ ਉਹ ਬਦੋਬਦੀ ਤੁਹਾਡੀ ਯਾਦ ਦਾ ਅੰਗ ਬਣਿਆ ਹੋਵੇ । ਕੁਝ ਏਹੋ ਜਿਹੀ ਗੱਲ ਹੈ । ਅਨਜਾਣ ਹੋਰੀਂ ਕਹਿਣ ਲਗੇ । ਉਹ ਵੀ ਆਖਦਾ ਸੀ ਕਿ ਉਹਨੂੰ ਬੜੇ ਇਨਾਮ ਸਨਮਾਨ ਮਿਲੇ ਹਨ । ਮੇਰੇ ਅਚੇਤ ਮਨ ਦੀ ਗਵਾਹੀ ਦੀ ਪੁਸ਼ਟੀ ਤਾਂ ਹੋ ਰਹੀ ਸੀ ਪਰ ਸੱਚੀ ਗੱਲ ਮੈਂ ਰਤਨ ਸਿੰਘ ਨੂੰ ਕਦੇ ਨਹੀਂ ਮਿਲਿਆ । ਲੇਖਕਾਂ ਨਾਲ ਗੁਜ਼ਾਰੇ ਜੋਗਾ ਮੇਲਜੋਲ ਹੈ, ਵਾਕਫੀ ਹੈ, ਕੁਝ ਪਰਚੇ ਕਰਕੇ ਕੁਝ ਲੇਖਕ ਸਭਾ ਕਰਕੇ । ਕਈ ਲੇਖਕਾਂ ਨੂੰ ਮੇਰਾ ਬਿਲਕੁਲ ਪਤਾ ਨਹੀਂ' । ਕਈਆਂ ਕੋਲ ਮੈਟਰ ਹੁੰਦਾ ਹੈ ਛਪਵਾਉਣ ਵਾਸਤੇ ਉਹ ਨਾਮਧਾਰੀਆਂ ਦੀ ਮਦਦ ਚਾਹੁੰਦੇ ਨੇ ! ਕਈ ਲੇਖਕ ਅਜਿਹੇ ਮਿਲਦੇ ਹਨ ਜੋ ਨਾਮਧਾਰੀਆਂ ਬਾਰੇ ਲਿਖਣਾ ਚਾਹੁੰਦੇ ਹਨ । ਉਹਨਾਂ ਨੂੰ ਨਾਮਧਾਰੀਆ ਬਾਰੇ ਜਾਣਕਾਰੀ ਵੀ ਚਾਹੀਦੀ ਹੈ, ਕਿਤਾਬਾਂ ਵੀ ਚਾਹੀਦੀਆਂ ਹਨ ਅਤੇ ਹੋਰ ਮਦਦ ਵੀ ਚਾਹੀਦੀ ਹੁੰਦੀ ਹੈ । ਜਿਸ ਨਾਲ ਉਹ ਕਿਤਾਬ ਲਿਖ ਸਕਣ ਤੇ ਫਰ ਉਹ ਪੜ੍ਹਕੇ ਸਾਨੂੰ ਨਾਮਧਾਰੀਆਂ ਬਾਰੇ ਪਤਾ ਲਗੇ । ਕਈਆਂ ਵਲੋਂ ਭਰੋਸਾ ਵੀ ਦਿਤਾ ਜਾਂਦਾ ਹੈ ਕਿ ਉਹਦੀ ਕਿਤਾਬ ਪੜ੍ਹ ਕੇ ਫੇਰ ਦੁਨੀਆ ਨੂੰ ਪਤਾ ਲਗ ਜੂ ਕਿ ਨਾਮਧਾਰੀ ਇਤਿਹਾਸ ਕੀ ਹੈ ! ਅਜਿਹੇ ਲੇਖਕ ਤੇ ਪੱਤਰਕਾਰ ਅਕਸਰ ਸ੍ਰੀ ਭੈਣੀ ਸਾਹਿਬ ਆਉਂਦੇ ਹੀ ਰਹਿੰਦੇ ਹਨ । ਇਹਨਾਂ ਦੇ ਆਉਣ ਬਾਰੇ ਸੂਚਨਾ ਮੇਰੇ ਵਾਸਤੇ ਇਕ ਸਾਧਾਰਨ ਖਬਰ ਹੀ ਹੁੰਦੀ ਹੈ । ਪਰ ਪਤਾ ਨਹੀਂ ਕਿਉਂ ਰਤਨ ਸਿੰਘ ਬਾਰੇ ਅਜ਼ਿਹਾ ਨਾ ਸੋਚ ਸਕਿਆ । ਸੱਚੀਂ ਮੈਨੂੰ ਕਿਤੇ ਵੀ ਯਾਦ ਨਹੀਂ ਕਿ ਰਤਨ ਸਿੰਘ ਹੋਰਾਂ ਨਾਲ ਕਦੇ ਮੁਲਾਕਾਤ ਹੋਈ ਹੋਵੇ ।

ਅਤੇ ਅੱਜ ਸਾਹਮਣੇ ਰਤਨ ਸਿੰਘ ਬੈਠਾ ਸੀ । ਗੋਰਾ ਲੰਮਾ ਜਵਾਨ ਬਜ਼ੁਰਗ । ਜਦੋਂ ਉਹ ਦੀਵਾਨ ਵਿਚ ਆਇਆ ਤਾਂ ਸਤਿਗੁਰਾਂ ਨੇ ਇਸ਼ਾਰਾ ਕੀਤਾ ਸੀ ਜਿਸ ਤੇ ਸੇਵਾਦਾਰਾਂ ਨੇ ਉਸ ਨੂੰ ਅਗੇ ਸਾਹਮਣੇ ਬਿਠਾ ਦਿਤਾ ਸੀ । ਮਨ ਵਿਚ ਇਸ ਬੰਦੇ ਬਾਰੇ ਕੁਝ ਕੁ ਉਤਸੁਕਤਾ ਤਾਂ ਉਠੀ ਪਰ ਫੇਰ ਸੋਚਿਆ ਕਿ ਨੰਬਦਾਰ ਚਿੱਟੀ ਪੱਗ ਵਾਲੇ ਅਤੇ ਪੈਂਟ ਵਾਲੇ



Sri Satguru Jagjit Singh Ji eLibrary NamdhariElibrary@gmail.com

ਵਿਅਕਤੀ ਨੇ ਅਗੇ ਬੈਠਾ ਦੇਣਾ ਨਾਮਧਾਰੀਆਂ ਦੀ ਰਵਾਇਤੀ ਆਦਰ ਭਾਵਨਾ ਦੀ ਹੀ ਗੱਲ ਸੀ।

ਅਨਜਾਣ ਜੀ ਦੇ ਦੱਸਣ ਬਾਦ ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਸਤਿਗੁਰੂ ਜੀ ਇਸ ਬੰਦੇ ਨੂੰ ਜਾਣਦੇ ਹਨ। ਦੀਵਾਨ ਤੋਂ ਬਾਦ ਬਾਹਰ ਬਰਾਂਡੇ ਵਿਚ ਰਤਨ ਸਿੰਘ ਪਤਨੀ ਸਹਿਤ ਖੜੇ ਸਨ। ਉਥੇ ਮੇਲ ਹੋਇਆ। ਸਾਡੀ ਜਾਣ-ਪਛਾਣ ਕਰਾਉਣ ਵਾਲੇ ਅਪਣੇ ਰਿਸ਼ਤੇਦਾਰ ਵੀ ਸਨ। ਮੈਨੂੰ ਦਸਿਆ ਗਿਆ ਕਿ ਰਤਨ ਸਿੰਘ ਮਠਾੜੂ ਗੋਤ ਦੇ ਹਨ ਅਤੇ ਰਿਸ਼ਤੇਦਾਰ ਮਠਾੜੂਆਂ ਵਲੋਂ ਤੁਆਰਫ਼ ਕਰਾਉਣ ਲਗਾ ਜਿਵੇਂ ਉਹ ਆਪਣੇ ਸੰਬੰਧੀ ਨੂੰ ਮਿਲਾ ਰਹੇ ਹੋਣ। ਇਹ ਜਗਦੀਸ਼ ਸਿੰਘ ਜੀ ਹਨ ਇਹਨਾਂ ਦੀਆਂ ਦੋ ਲੜਕੀਆਂ ਨਰੋਬੀ ਸ. ਗੁਰਚੈਨ ਸਿੰਘ ਹੋਰਾਂ ਦੀਆਂ ਨੂੰਹਾਂ ਹਨ। ਠੇਕੇਦਾਰ ਮੇਲਾ ਸਿੰਘ ਜੀ ਜਬਲਪੁਰ ਨੇ ਤੁਆਰਫ਼ ਕਰਵਾਇਆ।

ਠੇਕੇਦਾਰ ਮੇਲਾ ਸਿੰਘ ਦਾ ਪਰਿਵਾਰ, ਪੁੱਤਰ ਨੂੰਹ ਵੀ ਨਾਲ ਸਨ। ਸ. ਮੇਲਾ ਸਿੰਘ ਨਾਲ ਅਪਣਾ ਰਿਸ਼ਤਾ ਹੈ ਕੁੜਮਾਂ ਦੇ ਕੁੜਮ ਵਾਲਾ। ਸ. ਰਤਨ ਸਿੰਘ ਨਾਲ ਉਹਨਾਂ ਦੀ ਗੂੜੀ ਸਾਂਝ ਲਗਦੀ ਸੀ। ਏਨੇ ਚਿਰ ਨੂੰ ਅਨਜਾਣ ਹੋਰੀਂ ਵੀ ਕੋਲ ਆ ਗਏ ਸਨ। ਮੈਂ ਸ. ਰਤਨ ਸਿੰਘ ਨੂੰ ਕਿਹਾ ਕਿ ਆਪ ਦਾ ਲਿਖਿਆ ਕੁਝ ਪੜ੍ਹਿਆ ਵੀ ਨਹੀਂ ਪਰ ਆਪ ਦੀ ਸੋਭਾ ਸਭ ਪੜਦੇ ਪਾੜ ਕੇ ਪਹੁੰਚੀ ਹੋਈ ਹੈ। ਲਗਦਾ ਹੈ ਜਿਵੇਂ ਚਿਰਾਂ ਦੇ ਮਿਲੇ ਹੋਏ ਹਾਂ ਤੇ ਉਹਨਾ ਦਾ ਮਿਲਣਾ ਸਾਬਤ ਕਰ ਰਿਹਾ ਸੀ ਕਿ ਸਾਡੀ ਕੋਈ ਬਹੁਤ ਪੁਰਾਣੀ ਸਾਂਝ ਹੈ।

ਹੁਣ ਪਤਾ ਲਗ ਚੁੱਕਾ ਸੀ ਕਿ ਉਹ ਪੰਜਾਬੀ ਵਿਚ ਵੀ ਲਿਖਦੇ ਹਨ ਬੇਸ਼ਕ ਉਹਨਾਂ ਦੀ ਮਾਨਤਾ ਉਰਦੂ ਦੇ ਉੱਚਕੋਟੀ ਦੇ ਲੇਖਕ ਵਜੋਂ ਹੈ। ਉਹ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਕੇਂਦਰਾਂ ਦੇ ਸਟੇਸ਼ਨ ਡਾਇਰੈਕਟਰ ਵੀ ਰਹੇ ਹਨ। ਭਾਸ਼ਾ ਵਿਭਾਗ ਪੰਜਾਬ ਦੇ ਸ਼੍ਰੋਮਣੀ ਸਾਹਿਤਕਾਰ ਤੋਂ ਇਲਾਵਾ ਹੋਰ ਉਚੀਆਂ ਸੰਸਥਾਵਾਂ ਤੋਂ ਪੁਰਸਕਰਿਤ ਲੇਖਕ। ਸ. ਮੇਲਾ ਸਿੰਘ ਜੀ ਨਾਲ ਗੂੜੀ ਸਾਂਝ ਦਾ ਦੂਸਰਾ ਕਾਰਨ ਇਹ ਵੀ ਹੋ ਸਕਦਾ ਸੀ ਕਿ ਦੋਵੇਂ ਜਬਲਪੁਰ ਦੇ ਸਨ। ਸ. ਰਤਨ ਸਿੰਘ ਦੀ ਧੀ ਵੀ ਸ਼ਾਇਦ ਨੈਰੋਬੀ ਵਿਆਹੀ ਹੋਈ ਹੈ। ਜਦੋਂ ਕੁੜਮਾਚਾਰੀ ਦਾ ਚਰਚਾ ਚਲ ਹੀ ਰਿਹਾ ਸੀ ਤਾਂ ਮੈਂ ਵੀ ਉਥੇ ਹਾਜ਼ਰ ਸ. ਤਾਰਾ ਸਿੰਘ ਅਨਜਾਣ ਅਤੇ ਨੈਰੋਬੀ ਵਾਲੇ ਸ. ਗੁਰਚੈਨ ਸਿੰਘ ਫਲੋਰਾ ਹੋਰਾਂ ਦਾ ਜ਼ਿਕਰ ਕਰ ਦਿਤਾ ਕਿ ਇਹ ਅਸੀਂ ਤਾਂ ਦੋ ਹੀ ਕੁੜਮਾਂ ਨਾਲ ਸਾਰ ਲਿਆ ਹੈ।

ਰਤਨ ਸਿੰਘ ਹੋਰਾਂ ਨੂੰ ਫੇਰ ਸ਼ਾਮ ਦੀ, ਸੰਗੀਤ ਦੀ ਖਾਸ ਬੈਠਕ ਵਿਚ ਵੇਖਿਆ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਬਹੁਤ ਉਚ ਪਾਏ ਦੇ ਸੰਗੀਤ ਕਲਾਕਾਰਾਂ ਅਤੇ ਵਿਦਿਆਰਥੀਆਂ ਦੀ ਵਖਰੀ ਅਤੇ ਖਾਸ ਸਭਾ ਹੁੰਦੀ ਹੈ। ਸਤਿਗੁਰੂ ਜੀ ਆਪ ਵੀ ਅਪਣੇ ਸੰਗੀਤ ਖਜ਼ਾਨੇ ਚੋਂ ਦਾਤਾਂ ਵੰਡ ਰਹੇ ਹੁੰਦੇ ਹਨ। ਇਥੇ ਬਲਵੰਤ ਸਿੰਘ ਦਾ ਸੰਤੂਰ ਵਾਦਨ ਵੀ ਹੋਇਆ। ਕਲਾਕਾਰਾਂ ਦਾ ਸ਼ਾਸਤਰੀ ਗਾਇਣ ਵੀ ਹੋਇਆ। ਸੁਖਵਿੰਦਰ ਸਿੰਘ ਪਿੰਕੀ ਦਾ ਜ਼ੋਰਦਾਰ ਤਬਲਾ ਵੀ ਹੋਇਆ। ਮੈਂ ਦੇਖਿਆ ਕਿ ਅਜਿਹੀ ਬੈਠਕ ਵਿਚ ਜਿਥੇ ਜਿਥੇ ਵੀ ਲੋੜ ਹੁੰਦੀ ਉਥੇ ਉਥੇ ਸਿਰ ਦੇ ਹੁੰਗਾਰੇ ਨਾਲ ਰਤਨ ਸਿੰਘ ਦਾਦ ਦਿੰਦੇ ਸਨ ਜਿਸ ਤੋਂ ਸਾਬਤ ਸੀ ਕਿ ਉਹ ਸੰਗੀਤ ਦੇ ਰਸੀਏ ਅਤੇ ਜਾਣਕਾਰ ਵੀ ਸਨ। ਇਹ ਗੱਲ ਸਾਡੀ ਸਾਂਝ ਦਾ ਇਕ ਹੋਰ ਕਾਰਨ ਵੀ ਹੋ ਸਕਦੀ ਸੀ।

ਸਭਾ ਸਮਾਪਤੀ ਤਕ ਅਸੀਂ ਸਤਿਗੁਰੂ ਜੀ ਤੋਂ ਵਾਪਸ ਜਾਣ ਦੀ ਆਗਿਆ ਪ੍ਰਾਪਤ ਕਰ ਲਈ ਸੀ। ਲੰਗਰ ਵੀ ਤਿਆਰ ਸੀ ਤੇ ਗੱਡੀ ਵੀ ਪਰ ਅਸੀਂ ਸੋਚਿਆ ਕਿ ਸੁਰਜੀਤ ਖੁਰਸ਼ੀਦੀ ਹੋਰਾਂ ਨੂੰ ਮਿਲ ਕੇ ਜ਼ਰੂਰ ਜਾਇਆ ਜਾਵੇ। ਇਸ ਗੱਲ ਦਾ ਜ਼ਿਕਰ ਜਦੋਂ ਰਤਨ ਸਿੰਘ ਹੋਰਾਂ ਨਾਲ ਕੀਤਾ ਤਾਂ ਉਹ ਝਟ ਤਿਆਰ ਹੋ ਗਏ। ਉਹਨਾਂ ਦੀ ਸ਼ਖਸੀਅਤ ਦਿਲਚਸਪ ਹੁੰਦੀ ਜਾ ਰਹੀ ਸੀ। ਪਹੁੰਚੇ ਹੋਏ ਕਲਾਕਾਰਾਂ ਅਤੇ ਲੇਖਕਾਂ ਵਰਗੀ।

ਸੁਰਜੀਤ ਖੁਰਸ਼ੀਦੀ ਮਾਰਕਸੀ ਵਿਦਵਾਨ ਵਜੋਂ ਮਸ਼ਹੂਰ ਰਹੇ ਹਨ। ਚੇਤੰਨ ਸਤਰਕ ਅਤੇ ਹਾਜ਼ਰ ਜੁਆਬ। ਦਿਲਚਸਪ ਵਾਰਤਾਲਾਪ ਕਰਨ ਵਾਲੇ, ਕਮਿਊਨਿਸਟ ਪਾਰਟੀ ਦੇ ਪੰਜਾਬ ਬੁਕ ਸੈਂਟਰ ਦੇ ਮੈਨੇਜਰ ਅਤੇ ਲੇਖਕ ਸਭਾਵਾਂ ਦੀਆਂ ਬਹਿਸਾਂ ਨੂੰ ਮੋੜਾ ਦੇਣ ਵਾਲੇ। ਪੰਜਾਬੀ ਲੇਖਕ ਹੋਣ ਤੋਂ ਇਲਾਵਾ ਉਰਦੂ ਸਾਹਿਤ ਦਾ ਲਗਾਤਾਰ ਅਧਿਐਨ ਕਰਨ ਵਾਲੇ। ਕਈ ਉਰਦੂ ਰਚਨਾਵਾਂ ਦਾ ਪੰਜਾਬੀ ਵਿਚ ਉਲਥਾ ਕਰ ਕੇ ਉਹ 'ਵਰਿਆਮ' ਵਿਚ ਛਪਣ ਲਈ ਲਗਾਤਾਰ ਭੇਜਦੇ ਰਹੇ ਹਨ। ਉਹਨਾਂ ਦਾ ਨਾਮਧਾਰੀ ਪਿਤਾ ਸ੍ਰੀ ਭੈਣੀ ਸਾਹਿਬ ਦੇ ਗਵਾਂਢੀ ਪਿੰਡ ਕੋਟ ਗੰਗੂ ਰਾਏ ਦਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਖੁਰਸ਼ੀਦੀ ਦੀ ਰਿਟਾਇਰਮੈਂਟ ਬਾਦ ਭੈਣੀ ਸਾਹਿਬ ਹੀ ਲੈ ਆਂਦਾ। ਖੁਰਸ਼ੀਦੀ ਨੇ ਕੋਸ਼ ਕਾਰੀ ਵਿਚ ਪਹਿਲਾਂ ਵੀ ਕੰਮ ਕੀਤਾ ਸੀ। ਇਥੇ ਵੀ ਉਨ੍ਹਾਂ ਕੁਝ ਪੁਸਤਕਾਂ ਲਿਖੀਆਂ।

ਪਰ ਕੁਝ ਸਮੇਂ ਤੋਂ ਖੁਰਸ਼ੀਦੀ ਅਧਰੰਗ ਦੇ ਹਮਲੇ ਦਾ



Sri Satguru Jagjit Singh Ji eLibrary NamdhariElibrary@gmail.com

ਸ਼ਿਕਾਰ ਹੋ ਗਏ। ਇਹ ਬੀਮਾਰੀ ਆਦਮੀ ਦੀ ਸੋਚ ਤੇ ਵੀ ਹਮਲਾ ਕਰਦੀ ਹੈ। ਹਰ ਸਮੇਂ ਪੁਸਤਕਾਂ ਅਤੇ ਅਖਬਾਰਾਂ ਵਿਚ ਘਿਰੇ ਰਹਿਣ ਵਾਲੇ ਖੁਰਸ਼ੀਦੀ ਦਾ ਪੜ੍ਹਣ ਲਿਖਣ ਦਾ ਕਾਰਜ ਬਿਲਕੁਲ ਮੁਕ ਗਿਆ। ਯਾਦਦਾਸ਼ਤ ਵੀ ਜਾਂਦੀ ਰਹੀ। ਪਰ ਪਿਛਲੇ ਕੁਝ ਸਮੇਂ ਤੋਂ ਉਹਨਾ ਦੀ ਹਾਲਤ ਵਿਚ ਫਰਕ ਪੈ ਗਿਆ ਹੈ। ਉਹ ਗੱਲਾਂ ਵੀ ਕਰਨ ਲਗੇ ਹਨ ਅਤੇ ਪਛਾਣ ਵੀ ਕਾਇਮ ਹੋ ਗਈ ਹੈ। ਅਜਕਲ੍ਹ ਉਹਨਾਂ ਦਾ ਨਿਵਾਸ ਬਜ਼ੁਰਗਾਂ ਦੀਆਂ ਕੁਟੀਆਵਾਂ ਵਿਚ ਹੈ। ਫੁੱਲਾਂ ਦੀਆਂ ਕਿਆਰੀਆਂ ਵਿਚ ਬਣੀਆਂ ਇਹ ਆਧੁਨਿਕ ਕੁਟੀਆਵਾਂ ਨਵੀਨ ਸਹੂਲਤਾਂ ਵਾਲੀਆਂ ਹਨ।

ਜਦੋਂ ਅਸੀਂ ਖੁਰਸ਼ੀਦੀ ਕੁਟੀਆ ਵਿਚ ਗਏ ਤਾਂ ਉਸ ਵੇਲੇ ਬਿਜਲੀ ਬੰਦ ਸੀ। ਮੋਮਬੱਤੀਆਂ ਦੀ ਰੋਸ਼ਨੀ ਵਿਚ ਖੁਰਸ਼ੀਦੀ ਬਿਰਾਜਮਾਨ ਸੀ। ਮੈਂ ਤੁਆਰਫ ਕਰਵਾਇਆ ਇਹ ਸ. ਰਤਨ ਸਿੰਘ ਜੀ ਨੇ ਉਰਦੂ ਲੇਖਕ। ਖੁਰਸ਼ੀਦੀ ਕਹਿਣ ਲਗਾ ਇਕ ਤਾਂ ਉਰਦੂ ਵਾਲੇ ਰਤਨ ਸਿੰਘ ਨੇ ਇਹਨਾਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਫੇਰ ਵਾਰਤਾਲਾਪ ਸ਼ੁਰੂ ਹੋਇਆ। ਗੱਲਾਂ ਕਰਦਿਆਂ ਬਿਜਲੀ ਵੀ ਇਕ ਦੋ ਵਾਰ ਆ ਜਾ ਕੇ ਆ ਗਈ ਸੀ। ਸ. ਰਤਨ ਸਿੰਘ ਮਸ਼ਹੂਰ ਵਾਰਤਾਕਾਰ ਅਤੇ ਵਾਰਤਾਲਾਪੀ ਹਨ। ਉਹਨਾਂ ਨੂੰ ਖੁਰਸ਼ੀਦੀ ਦੀ ਹਾਲਤ ਵੇਖ ਕੇ ਪੁਰਾਣੀਆਂ ਗੱਲਾਂ ਯਾਦ ਆਈਆਂ।

ਉਰਦੂ ਦੇ ਮਸ਼ਹੂਰ ਅਫਸਾਨਾ ਨਿਗਾਰ ਕ੍ਰਿਸ਼ਨ ਚੰਦਰ ਮੰਟੋ, ਬੇਦੀ ਦੀਆਂ ਗੱਲਾਂ ਹੋਈਆਂ। ਬਲਵੰਤ ਸਿੰਘ ਦਾ ਜ਼ਿਕਰ ਕਰਦਿਆਂ ਰਤਨ ਸਿੰਘ ਹੋਰਾਂ ਉਹਨਾਂ ਦੀ ਬੀਮਾਰੀ ਵੇਲੇ ਦਾ ਜ਼ਿਕਰ ਕੀਤਾ। ਬਲਵੰਤ ਸਿੰਘ ਨੂੰ ਕਿਹਾ ਗਿਆ ਕਿ ਤੇਰੇ ਅੰਦਰ ਜੋ ਗਿਆਨ ਹੈ ਜੋ ਯਾਦਾਂ ਹਨ ਲਿਖ ਦੇ। ਉਹ ਕਹੇ ਕਿ ਮੈਂ ਕੀ ਲਿਖਾਂ! ਲਿਖਿਆ ਨਹੀਂ ਜਾਂਦਾ। ਫੇਰ ਕਿਹਾ ਕਿ ਅਸੀਂ ਬੰਦਾ ਲਾ ਦਿੰਦੇ ਹਾਂ ਉਸ ਨੂੰ ਲਿਖਾ ਦੇ। ਬਲਵੰਤ ਸਿੰਘ ਕਹਿਣ ਲਗਾ ਮੈਨੂੰ ਤਾ ਹੁਣ ਕੁਝ ਯਾਦ ਹੀ ਨਹੀਂ। ਸ. ਰਤਨ ਸਿੰਘ ਨੇ ਖੁਰਸ਼ੀਦੀ ਨੂੰ ਕਿਹਾ ਤੁਸੀਂ ਬੋਲ ਕੇ ਕਿਸੇ ਨੂੰ ਲਿਖਾ ਦਿਓ। ਖੁਰਸ਼ੀਦੀ ਕਹਿਣ ਲਗਾ ਏਥੇ ਮੇਰੀ ਗੱਲ ਸਮਝਣ ਵਾਲਾ ਕੌਣ ਹੈ। ਹੁਣ ਮੇਰੀ ਵੀ ਤਾਂ ਯਾਦਦਾਸ਼ਤ ਨਹੀਂ ਹੈ।

ਗੱਲਾਂ ਕਰਦਿਆਂ ਖੁਰਸ਼ੀਦੀ ਨੇ ਪੁਛਿਆ "ਤੁਸੀਂ ਰਹਿੰਦੇ ਕਿਥੇ ਹੋ?"

'ਜੱਬਲਪੁਰ।'

"ਹੱਛਾ ਤੁਸੀਂ ਉਰਦੂ ਲੇਖਕ ਰਤਨ ਸਿੰਘ ਹੋ?" ਮੈਂ ਕਿਹਾ ਕਿ ਮੈਂ ਤੁਆਰਫ਼ ਤਾਂ ਕਰਾਇਆ ਸੀ। ਖੁਰਸ਼ੀਦੀ ਕਹਿਣ ਲਗਾ ਕਿ ਮੈਂ ਸਮਝਿਆ ਇਹ ਕੋਈ ਹੋਰ ਰਤਨ ਸਿੰਘ ਹੈ। ਜੱਬਲਪੁਰ ਤੋਂ ਪਤਾ ਲਗਾ ਕਿ ਮਸ਼ਹੂਰ ਅਫ਼ਸਾਨਾ-ਨਿਗਾਰ (ਕਹਾਣੀ ਲੇਖਕ) ਰਤਨ ਸਿੰਘ ਹੈ। ਖੁਰਸ਼ੀਦੀ ਬੀਮਾਰੀ ਕਾਰਣ ਭੁਲੱਕੜ ਤਾਂ ਹੋ ਗਿਆ ਹੈ, ਪਰ ਕਦੇ ਮੁੜ ਯਾਦ ਆ ਜਾਂਦੀ ਹੈ।

ਗੱਲਾਂਬਾਤਾਂ ਵਿਚ ਰਤਨ ਸਿੰਘ ਹੋਰਾਂ ਰਾਮਸਰੂਪ ਅਣਖੀ ਦੇ ਪਰਚੇ 'ਕਹਾਣੀ ਪੰਜਾਬ' ਦਾ ਜ਼ਿਕਰ ਕੀਤਾ ਤਾਂ ਯਾਦ ਆਇਆ ਕਿ ਰਤਨ ਸਿੰਘ ਹੋਰਾਂ ਦੀਆਂ ਰਚਨਾਵਾਂ ਇਸ ਪਰਚੇ ਰਾਹੀਂ ਪੰਜਾਬੀ ਪਾਠਕਾ ਦੇ ਮਨਾਂ ਵਿਚ ਉਤਰੀਆਂ ਸਨ। 'ਵਰਿਆਮ' ਦੇ ਇਕ ਪਰਸਿੱਧ ਪਾਠਕ ਅਤੇ ਮਸ਼ਹੂਰ ਸਮਾਜ ਸੇਵੀ ਸਵ: ਹੌਲਦਾਰ ਦਰਸ਼ਨ ਸਿੰਘ ਦੀ 'ਕਹਾਣੀ ਪੰਜਾਬ' ਬਾਰੇ ਇਕ ਚਿਠੀ ਜੁਲਾਈ ੧੯੯੪ ਦੇ 'ਵਰਿਆਮ' ਵਿਚ ਛਪੀ ਸੀ। ਬਜ਼ੁਰਗ ਹੌਲਦਾਰ ਦਰਸ਼ਨ ਸਿੰਘ ਰਤਨ ਸਿੰਘ ਵਲੋਂ ਕ੍ਰਿਸ਼ਨ ਚੰਦਰ ਅਤੇ ਰਾਜਿੰਦਰ ਸਿੰਘ ਬੇਦੀ ਬਾਰੇ ਵਾਕਫੀਅਤ ਤੋਂ ਅਸ਼ ਅਸ਼ ਕਰ ਉਠਿਆ ਸੀ। ਗੱਲਾਂ ਗੱਲਾਂ ਵਿਚ ਹੀ ਰਤਨ ਸਿੰਘ ਹੋਰਾਂ ਆਪਣੇ ਪਿੰਡ ਦੇ ਨਾਮ ਦਾ ਜ਼ਿਕਰ ਕੀਤਾ। ਦਸਿਆ ਕਿ ਪਿੰਡ ਦਾ ਨਾਮ ਦੌਧ ਸ਼ਬਦ ਦਾਊਦ ਤੋਂ ਬਣਿਆ ਸੀ। ਮੈਂ ਕਿਹਾ ਤੁਸੀਂ ਦੌਧ ਦੇ ਹੋ? ਹਾਂ ਕਹਿਣ ਤੇ ਅਨਜਾਣ ਨੇ ਕਿਹਾ, ਲਓ ਇਹ ਤਾਂ ਤੁਹਾਡੇ ਗਵਾਂਢੀ ਨਿਕਲ ਆਏ! ਮੈਂ ਕਿਹਾ, ਜੀ ਮੈਂ ਢੇਹ ਦਾ ਹਾਂ। ਹੁਣ ਰਤਨ ਸਿੰਘ ਹੋਰਾਂ ਦੇ ਹੱਥ ਮਿਲਾਉਣ ਵਿਚ ਜੋ ਗਰਮ-ਜੋਸ਼ੀ ਸੀ ਉਸ ਵਿਚ ਪਿੰਡ ਦਾ ਮੋਹ ਵੀ ਸੀ। ਮੈਂ ਦਸਿਆ ਕਿ ਮੇਰੇ ਪਿਤਾ ਜੀ ਦੇ ਬੜੇ ਪਿਆਰੇ ਮਿੱਤਰ ਸਖਾ ਸਨ ਸੰਤ ਮੇਲਾ ਸਿੰਘ ..ਉਹ ਦੌਧ ਪਿੰਡ ਦੇ ਹੀ ਸਨ। ਪੱਛਮੀ ਪੰਜਾਬ ਤੋਂ ਸੰਨ ਸੰਤਾਲੀ ਵੇਲੇ ਕਾਫਲੇ ਨਾਲ ਆਉਣ ਵੇਲੇ ਉਹ ਸਾਡੇ ਨਾਲ ਸਨ। ਰਤਨ ਸਿੰਘ ਕਹਿਣ ਲਗੇ, ਉਹ ਤਾਂ ਮੇਰੇ ਚਾਚਾ ਜੀ ਸਨ। ਕੁਦਰਤ ਦਾ ਕਰਿਸ਼ਮਾ ਖੁਰਸ਼ੀਦੀ ਦੀ ਕੁਟੀਆ ਵਿਚ ਸਾਡਾ ਮੇਲ ਹੋਇਆ। ਕਿੰਨੇ ਦੂਰ ਕਿੰਨੇ ਕਰੀਬ।

ਰਾਤ ਦੇ ੯ ਵਜੇ ਅਸੀਂ ਕੁਟੀਆ ਦੇ ਬਾਹਰ ਖੜੇ ਸਾਂ। ਰਤਨ ਸਿੰਘ ਖੁਰਸ਼ੀਦੀ ਦੀ ਹਾਲਤ ਤੋਂ ਭਾਵੁਕ ਹੋਏ ਸਨ। ਉਹਨਾਂ ਨੂੰ ਬਾਰ ਬਾਰ ਬਲਵੰਤ ਸਿੰਘ ਯਾਦ ਆ ਰਿਹਾ ਸੀ। ਬੇਦੀ ਕ੍ਰਿਸ਼ਨ ਚੰਦਰ ਤੇ ਮੰਟੋ ਦੇ ਜ਼ਮਾਨੇ ਛੀਆਂ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਗੱਲਾਂ ਕੀਤੀਆਂ। ਇਨਸਾਨ ਦੀ ਬੇਵਸੀ ਦਾ ਅਹਿਸਾਸ ਸਾਡੇ ਮਨਾਂ ਤੇ ਸੀ।

ਅਸੀਂ ਲੰਗਰ ਛਕਣ ਜਾਣਾ ਸੀ। ਰਤਨ ਸਿੰਘ ਹੋਰਾਂ ਨੂੰ ਕਿਹਾ ਤਾਂ ਉੱਤਰ ਸੀ ਕਿ ਛਕਣਾ ਤੇ ਮੈਂ ਹੈ, ਪਰ ਪਹਿਲਾਂ ਆਪਣੇ ਘਰਦਿਆਂ ਨੂੰ ਲੱਭ ਲਵਾਂ। ਬੇ-ਤਕੱਲੁਫੀ ਦੇ ਮਾਹੌਲ ਵਿਚ ਮੈਨੂੰ ਇਕ ਗੱਲ ਯਾਦ ਆਈ। 'ਨਵਾਂ ਜ਼ਮਾਨਾ' ਦੇ ਸੁਰਜਨ ਜ਼ੀਰਵੀ ਨੂੰ ਸ. ਜਗਜੀਤ ਸਿੰਘ ਅਨੰਦ ਦੀ ਪਤਨੀ ਮੀਲ੍ਹਾ (ਉਰਮਿਲਾ ਅਨੰਦ) ਨੇ ਕਿਹਾ—ਵੇ ਜ਼ੀਰਵੀ, ਤੇਰੀ ਘਰ ਵਾਲੀ ਫਲਾਣੇ ਨਾਲ ਜਾਂਦੀ ਮੈਂ ਵੇਖੀ ਸੀ। ਜ਼ੀਰਵੀ ਹੋਰਵੇ ਨਾਲ ਕਹਿਣ ਲਗਾ—ਮੀਲ੍ਹਾ, ਸਾਡੀ ਏਨੀ ਕਿਸਮਤ ਕਿਥੇ ?...ਰਤਨ ਸਿੰਘ ਨੇ ਕਥਨ ਵਿਚਲੇ ਵਿਅੰਗ ਤੇ ਜ਼ੋਰ ਦਾ ਠਹਾਕਾ ਮਾਰਿਆ ਤੇ ਘਰ ਵਾਲੀ ਨੂੰ ਲੱਭਣ ਚਲਾ ਗਿਆ।

ਲੰਗਰ ਛਕ ਕੇ ਅਸੀਂ ਮੁੜ ਸਤਿਗੁਰੂ ਜੀ ਦੇ ਕੋਲ ਸਾਂ। ਜਾਣ ਦੀ ਇਜਾਜ਼ਤ ਲੈ ਕੇ ਵੀ ਬਾਰ ਬਾਰ ਸਾਹਮਣੇ ਸਾਂ, ਜਾ ਨਹੀਂ ਸੀ ਸਕਦੇ। ਸਾਨੂੰ ਲੈ ਕੇ ਆਉਣ ਵਾਲਾ ਨੌਜੁਆਨ 'ਸੋਨੂ' ਸਤਿਗੁਰਾਂ ਦੀ ਹਜ਼ੂਰੀ ਵਿਚ ਸੀ। ਇਸ ਕਰਕੇ ਅਸੀਂ (ਅਨਜਾਣ-ਵਰਿਆਮ) ਫੇਰ ਹਜ਼ੂਰੀ ਵਿਚ ਸਾਂ। ਹੁਣ ਸਤਿਗੁਰੂ ਜੀ ਨੇ ਮੁੜ ਜੀਪ ਵਿਚ ਬਠਾਇਆ, ਅਖੇ ਚਲੋ ਖੁਰਸ਼ੀਦੀ ਨੂੰ ਮਿਲਣ ਜਾਣਾ ਹੈ। ਅਸੀਂ ਮੁੜ ਖੁਰਸ਼ੀਦੀ ਕੁਟੀਆ ਵਿਚ ਸਾਂ।

ਸਤਿਗੁਰੂ ਜੀ ਦੀ ਆਮਦ ਏਡੀ ਛੇਤੀ ਹੋਈ ਕਿ ਖੁਰਸ਼ੀਦੀ ਨੂੰ ਕੱਪੜੇ ਪਾਉਣ ਦਾ ਵਿਹਲ ਹੀ ਨਾ ਮਿਲਿਆ... ਬਨੈਣ ਨਾਲ ਹੀ ਹਾਜ਼ਰ ਸੀ ਹੱਥ ਜੋੜ ਕੇ। ਧੰਨ ਧੰਨ ਹੋ ਰਿਹਾ ਸੀ। ਸਤਿਗੁਰੂ ਜੀ ਦਾ ਇਹ ਆਪਣਾ ਪ੍ਰੋਗਰਾਮ ਸੀ, ਪਰ ਖੁਰਸ਼ੀਦੀ ਰਤਨ ਸਿੰਘ ਬਾਅਦ ਸਤਿਗੁਰਾਂ ਦੀ ਆਮਦ ਦਾ ਕਾਰਨ ਮੈਨੂੰ ਕਹਿ ਰਿਹਾ ਸੀ। ਸਤਿਗੁਰੂ ਜੀ ਨੇ ਦਸਿਆ ਕਿ ਸਵੇਰੇ ਮੈਂ ਚਲੇ ਜਾਣਾ ਹੈ . ਬਾਕੀ ਬਿਰਧ ਸਿੰਘਾਂ ਨੂੰ ਮਿਲ ਆਇਆ ਹਾਂ...ਤੁਹਾਡਾ ਨਿਵਾਸ ਇਕ ਪਾਸੇ ਹੈ ਇਸ ਵਾਸਤੇ ਇਸ ਵੇਲੇ ਆਇਆ ਹਾਂ। ਸੁਰਜੀਤ ਖੁਰਸ਼ੀਦੀ ਗਦਗਦ ਹੋਇਆ ਪਿਆ ਸੀ। ਅਰਜ਼ ਕੀਤੀ ਓਹੀ, "ਜੀ ਰੋਟੀ ਭਾਵੇਂ ਮੇਰੀ ਛੁਟ ਜਾਂਦੀ ਪਰ ਪੜ੍ਹਨ ਲਿਖਣ ਨਾ ਛੁਟਦਾ।" ਸਤਿਗੁਰਾਂ ਕਿਹਾ ਉਹ ਪਰਬੰਧ ਕਰ ਦਿੰਦੇ ਹਾਂ। ਕਹਿਣ ਲਗਾ ਇਥੇ ਕੌਣ ਹੈ ਜੀ ਜੋ ਇਹ ਕੰਮ ਕਰੇ। ਹਜ਼ੂਰ ਕਿਹਾ ਉਹੋ ਜਿਹਾ ਹੀ ਪਰਬੰਧ ਹੋਵੇਗਾ। ਖੁਰਸ਼ੀਦੀ ਸੰਤੁਸ਼ਟ ਸੀ ਹੁਣ। ਖੁਰਸ਼ੀਦੀ ਕਹਿੰਦਾ ਹੁੰਦਾ ਹੈ ਕਿ ਇਹ ਸਤਿਗੁਰੂ ਜਗਜੀਤ ਸਿੰਘ ਦਾ ਹੀ ਉਪਕਾਰ ਹੈ ਜੋ ਮੇਰੇ ਵਰਗੇ ਨੂੰ ਇਥੇ ਰਖਿਆ ਹੋਇਆ ਹੈ। ਖੁਰਸ਼ੀਦੀ ਦੀ ਪਤਨੀ ਨੇ ਅਜ ਇਥੇ ਦਸਿਆ ਸੀ ਕਿ ਸਾਡਾ ਪਿੰਡ ਵਾਲਾ ਮਕਾਨ ਸਤਿਗੁਰਾਂ ਨੇ ਨਵਾਂ ਬਣਵਾ ਦਿਤਾ ਹੈ।

ਖੁਰਸ਼ੀਦੀ ਨੂੰ ਬਨੈਣ ਵਿਚ ਵੇਖ ਕੇ ਮੈਂ ਵੀ ਧੁਰਲੀ ਮਾਰ ਦਿਤੀ—ਅੱਜ ਕੱਪੜਿਆਂ ਤੋਂ ਬਾਹਰ ਹੋਏ ਪਏ ਹੋ ! ਫੇਰ ਯਾਦ ਆਇਆ...ਸ਼ਾਇਰ ਮੁਰਸ਼ਦ ਬੁਟਰਵੀ ਤਾਂ ਉਹਦੀ ਗੱਲ ਵੀ ਸੁਣਾਈ—ਉਹ ਪਿੰਡ ਵਿਚ ਕੱਪੜੇ ਵੇਚਦਾ ਹੁੰਦਾ ਸੀ ਤੇ ਉਹਨੇ ਇਕ ਸ਼ੇਅਰ ਲਿਖਿਆ ਸੀ :

ਕਿਆ ਹੀ ਮੁਰਸ਼ਦ ਸੰਵਾਰਤੇ ਕੱਪੜੇ,
ਦੇ ਕੇ ਕੱਪੜੇ ਉਤਾਰਤੇ ਕੱਪੜੇ।

ਫੇਰ ਕੱਪੜਿਆਂ ਦਾ ਪ੍ਰਸੰਗ ਚਲਿਆ ਤਾਂ ਸਤਿਗੁਰੂ ਜੀ ਨੇ ਵੀ ਇਕ ਪ੍ਰਸੰਗ ਸੁਣਾਇਆ—"ਸੰਨ ਸੰਤਾਲੀ ਵੇਲੇ ਪਾਕਿਸਤਾਨੋਂ ਉਜੜਕੇ ਸੰਗਤ ਬਹੁਤ ਆਈ ਸੀ ਜੀਵਨ ਨਗਰ ਦੇ ਇਲਾਕੇ ਵਿਚ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕੱਪੜੇ ਵੰਡਣ ਦੀ ਡਿਊਟੀ ਦਿਤੀ ਗਈ। ਓਧਰ ਸ਼ੰਕਾ ਹੋ ਗਿਆ ਕਿ ਵੱਡੇ ਬਾਬਾ ਜੀ ਤਾਂ ਕੱਪੜੇ ਮੁਕਾ ਦੇਣਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੁਛਿਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਉੱਤਰ ਸੀ—ਆਪ ਜੀ ਦੀ ਕਿਰਪਾ ਨਾਲ ਖੁਲ੍ਹੇ ਦਿਲ ਕੱਪੜੇ ਵੰਡਕੇ ਵੀ ਕੱਪੜਿਆਂ ਦੀ ਤੋਟ ਨਹੀਂ ਆਵੇਗੀ।" ਇਹ ਪ੍ਰਸੰਗ ਸੰਤ ਤਰਨ ਸਿੰਘ ਵਹਿਮੀ ਹੋਰਾਂ 'ਜਸ ਜੀਵਨ' ਵਿਚ ਵੀ ਲਿਖਿਆ ਹੈ।

ਖੜ੍ਹੇ ਖੜ੍ਹੇ ਹੀ ਸੰਖੇਪ ਜਿਹੇ ਸਤਸੰਗ ਦਾ ਅਨੰਦ ਮਾਣਿਆ ਗਿਆ। ਸ. ਅਮਰਜੀਤ ਸਿੰਘ ਫਗਵਾੜਾ ਦੇ ਸਪੁਤਰ ਸੋਨੂ ਨਾਲ ਅੱਧੀ ਰਾਤ ਨੂੰ ਗੱਡੀ ਜਲੰਧਰ ਨੂੰ ਸ਼ੂਕਦੀ ਜਾ ਰਹੀ ਸੀ। ਕੈਸਾ ਅਦਭੁਤ ਦਿਨ ਲੰਘਿਆ ਸੀ। ਵਾਪਸ ਆਕੇ ਮੈਂ ਰਤਨ ਸਿੰਘ ਹੋਰਾਂ ਦੀ ਵਰਿਆਮ 'ਚ ਛਪੀ ਕਹਾਣੀ ਵੀ ਲੱਭ ਲਈ। ਰਣਧੀਰ ਸਿੰਘ ਬੇਦੀ ਦੁਆਰਾ ਅਨੁਵਾਦਤ ਕਹਾਣੀ ਸੀ, 'ਓਹ ਜਿਹੜਾ ਨਹੀਂ ਹੋਵੇਗਾ'। ਕਹਾਣੀ ਸੀ ਬੀਮਾਰੀ ਬਾਰੇ। ਬੀਮਾਰੀ ਦਾ ਇਲਾਜ ਰਾਜੇ ਦੀ ਇਨਸਾਫ ਪਸੰਦੀ ਅਤੇ ਲੋਕ ਸੇਵਾ ਨਾਲ ਜੁੜਿਆ ਸੀ। ਕਹਾਣੀ ਵਿਚ ਸ. ਰਤਨ ਸਿੰਘ ਦੀ ਕਲਾ ਕੌਸ਼ਲਤਾ ਤੇ ਸੂਝ ਬੂਝ ਦੀ ਚਮਕ ਦਮਕ ਪ੍ਰਤੱਖ ਸੀ ਅਤੇ ਦਿਲ ਦਾ ਦਰਦ ਵੀ। ਉਹ ਹੀ ਦਰਦ ਜੋ ਹੁਣੇ ਹੁਣੇ ਬਲਵੰਤ ਸਿੰਘ ਅਤੇ ਸੁਰਜੀਤ ਖੁਰਸ਼ੀਦੀ ਬਾਰੇ ਬਾਰ-ਬਾਰ ਪ੍ਰਗਟ ਹੋ ਰਿਹਾ ਸੀ।

(ੱ)



Sri Satguru Jagjit Singh Ji eLibrary NamdhariElibrary@gmail.com

# ਸ੍ਰ. ਨਾਹਰ ਸਿੰਘ ਐਮ.ਏ.

—ਸੁਰਿੰਦਰ ਕੌਰ ਖਰਲ

੧੧ ਮਾਰਚ ੧੯੯੮ (੨੮ ਫੱਗਣ ੨੦੫੪) ਨੂੰ ਚੜ੍ਹਾਈ ਕਰ ਗਏ, ਸ੍ਰ. ਨਾਹਰ ਸਿੰਘ ਉਹ ਮਹਾਨ ਲਿਖਾਰੀ ਸਨ, ਜਿਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਕਿਰਪਾ ਅਨੁਸਾਰ ਨਾਮਧਾਰੀ ਇਤਿਹਾਸ ਬਾਰੇ ਅੰਗਰੇਜ਼ੀ ਸਰਕਾਰ ਦੇ ਮੂਲ ਦਸਤਾਵੇਜ਼ ਨੈਸ਼ਨਲ ਆਰਕਾਈਵਜ਼ ਦਿੱਲੀ ਵਿਚੋਂ ਕਢਵਾ ਕੇ ਛਪਵਾਉਣ ਦੀ ਮਹਾਨ ਸੇਵਾ ਕੀਤੀ। ਉਨ੍ਹਾਂ ਬਾਰੇ ਸੰਖੇਪ ਜਾਣਕਾਰੀ, ਜੋ ਮੈਂ ੨੭ ਫ਼ਰਵਰੀ ੧੯੯੮ ਨੂੰ ਉਨ੍ਹਾਂ ਪਾਸੋਂ ਨਿਊੜਾ ਵਿਖੇ ਲਈ ਇਸ ਪ੍ਰਕਾਰ ਹੈ :—

ਜ਼ਿਮੀਂਦਾਰ ਪਰਿਵਾਰ ਦੇ, ਪਿਤਾ ਸ੍ਰ. ਭਗਵਾਨ ਸਿੰਘ ਪਨੈਚ ਅਤੇ ਮਾਤਾ ਹਰਨਾਮ ਕੌਰ ਦੇ ਘਰ, ਸ੍ਰ. ਨਾਹਰ ਸਿੰਘ ਦਾ ਜਨਮ ਸੰਨ ੧੯੦੩ ਵਿਚ ਪਿੰਡ ਨੰਗਲ ਖੁਰਦ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।

ਤਿੰਨ ਪੁੱਤਰਾਂ—ਨਾਹਰ ਸਿੰਘ, ਦਲੀਪ ਸਿੰਘ ਤੇ ਕੇਹਰ ਸਿੰਘ ਅਤੇ ਦੋ ਧੀਆਂ ਦੇ ਪਿਤਾ ਸ੍ਰ. ਭਗਵਾਨ ਸਿੰਘ, ਫੌਜ ਦੀ ਸਿੱਖ ਪਲਟਨ ਵਿਚ ਸਨ ਅਤੇ ਆਪਣੇ ਸਮੇਂ ਵਿਚ ਉਨ੍ਹਾਂ ਦਾ ਨਾਂ ਕਾਫ਼ੀ ਮਸ਼ਹੂਰ ਸੀ। ਚਿਤਰਾਲ ਦੇ ਘੇਰੇ ਵਿਚ ਬਹੁਤ ਬਹਾਦਰੀ ਨਾਲ ਜੂਝਣ ਲਈ ਆਪ ਨੂੰ ਸਰਕਾਰ ਵਲੋਂ ਮੈਡਲ ਮਿਲਿਆ ਅਤੇ ਜੂਨੀਅਰ ਕਮਿਸ਼ਨਡ ਅਫਸਰ ਬਣਾ ਦਿਤਾ ਗਿਆ। ਬੀਮਾਰ ਰਹਿਣ ਕਾਰਨ ਆਪ ਮੈਡੀਕਲ ਪੈਨਸ਼ਨ 'ਤੇ ਆਪਣੇ ਪਿੰਡ ਨੰਗਲ ਖੁਰਦ ਆ ਗਏ। ਜਦੋਂ ਸੰਨ ੧੯੧੮ ਵਿਚ ਸ੍ਰ. ਭਗਵਾਨ ਸਿੰਘ ਚੜ੍ਹਾਈ ਕੀਤੇ, ਉਸ ਵੇਲੇ ਉਨ੍ਹਾਂ ਦਾ ਵੱਡਾ ਪੁੱਤਰ ਨਾਹਰ ਸਿੰਘ ਕਰੀਬ ੧੪ ਸਾਲ ਦੀ ਉਮਰ ਦਾ ਸੀ।

ਮਰਨ ਤੋਂ ਪਹਿਲੋਂ ਸ੍ਰ. ਭਗਵਾਨ ਸਿੰਘ ਨੇ ਆਪਣੀ ਪਤਨੀ ਹਰਨਾਮ ਕੌਰ ਨੂੰ ਕਿਹਾ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ, ਮੇਰੇ ਬੱਚਿਆਂ ਨੂੰ ਜ਼ਰੂਰ ਪੜ੍ਹਾਈਂ। ਹਰਨਾਮ ਕੌਰ, ਮਲੇਰਕੋਟਲਾ ਰਿਆਸਤ ਦੇ ਪਿੰਡ ਗੁਠਾਲੇ ਦੇ ਬਹੁਤ ਤਕੜੇ ਜ਼ਿਮੀਦਾਰਾਂ ਦੀ ਧੀ ਸੀ। ਜਦੋਂ ਉਸਦਾ ਪਤੀ ਚੜ੍ਹਾਈ ਕਰ ਗਿਆ ਤਾਂ ਉਸ ਦੇ ਪੇਕਿਆਂ ਨੇ ਉਸ ਨੂੰ ਕਿਹਾ ਕਿ ਤੂੰ ਹੁਣ ਪਿੰਡ ਚਲ ਕੇ ਸਾਡੇ ਕੋਲ ਰਹਿ, ਉਥੇ ਸਾਡੇ ਕੋਲ ਬੜੀ ਜ਼ਮੀਨ ਹੈ, ਕੁਝ ਜ਼ਮੀਨ ਤੇਰੇ ਨਾਂ ਲਵਾ ਦਿਆਂਗੇ ਪਰ



ਹਰਨਾਮ ਕੌਰ ਬੜੀ ਅਣਖੀਲੀ ਔਰਤ ਸੀ, ਉਸ ਨੇ ਇਨਕਾਰ ਕਰ ਦਿਤਾ ਤੇ ਕਿਹਾ ਕਿ ਮੈਂ ਜਿਥੇ ਵਿਆਹ ਕੇ ਆਈ ਹਾਂ ਉਥੋਂ ਹੀ ਆਪਣੇ ਸੌਹਰੇ ਘਰ 'ਚ ਰਹਿੰਦਿਆਂ ਹੋਇਆਂ, ਆਪਣੇ ਬੱਚਿਆਂ ਨੂੰ ਪਾਲਣਾ ਅਤੇ ਆਪਣੇ ਪਤੀ ਦੀ ਇੱਛਾ ਅਨੁਸਾਰ ਪੜ੍ਹਾਉਣਾ ਹੈ।

ਸ਼ਰੀਕੇ ਵਿਚ ਬੜੇ ਲੋਕਾਂ ਨੇ ਹਰਨਾਮ ਕੌਰ ਨੂੰ ਆਖਿਆ ਕਿ ਵੱਡੇ ਪੁੱਤਰ ਨਾਹਰ ਸਿੰਘ ਨੂੰ ਖੇਤੀ ਦੇ ਕੰਮ ਵਿਚ ਪਾ ਦੇ ਪਰ ਹਰਨਾਮ ਕੌਰ ਬੜੇ ਪੱਕੇ ਤੇ ਦ੍ਰਿੜ ਇਰਾਦੇ ਵਾਲੀ ਦਲੇਰ ਔਰਤ ਸੀ। ਉਸ ਨੇ ਆਪਣੇ ਪਤੀ ਦੀ ਅੰਤਮ ਇੱਛਾ ਅਨੁਸਾਰ ਆਪਣੇ ਸਾਰੇ ਬੱਚਿਆਂ ਨੂੰ ਪੜ੍ਹਾਇਆ।

ਜਦੋਂ ਸ੍ਰ. ਭਗਵਾਨ ਸਿੰਘ ਰਿਟਾਇਰਮੈਂਟ ਤੋਂ ਬਾਅਦ ਆਪਣੇ ਪਿੰਡ ਨੰਗਲ ਖੁਰਦ ਆਏ ਸਨ, ਉਦੋਂ ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਸਾਥੀ ਤੇ ਉੱਚ ਅਹੁਦਿਆਂ ਦੇ ਅਫਸਰ ਅਕਸਰ ਉਨ੍ਹਾਂ ਦੇ ਪਿੰਡ ਆਇਆ ਕਰਦੇ। ਪਿਤਾ ਦੇ ਸਾਥੀ ਅਤੇ ਸਹਿਯੋਗੀਆਂ ਨੇ ਵੀ ਸ੍ਰ. ਨਾਹਰ ਸਿੰਘ ਨੂੰ ਪੜ੍ਹਨ ਵਿਚ ਮਦਦ ਅਤੇ ਰਹਿਨੁਮਾਈ ਦਿਤੀ।

ਸ੍ਰ. ਨਾਹਰ ਸਿੰਘ ਪੜ੍ਹਨ ਵਿਚ ਬੜੇ ਹੁਸ਼ਿਆਰ ਹੁੰਦੇ ਸਨ। ਇਨ੍ਹਾਂ ਨੇ ਮੁੱਢਲੀ ਪੜ੍ਹਾਈ ਗੌਰਮਿੰਟ ਸਕੂਲ ਗੁੱਜਰਵਾਲ ਵਿਖੇ ਕੀਤੀ। ਉਪ੍ਰੰਤ ਮਿਡਲ ਤੀਕ ਆਰੀਆ



Sri Satguru Jagjit Singh Ji eLibrary NamdhariElibrary@gmail.com

ਸਕੂਲ ਵਿਚ ਪੜ੍ਹੇ । ਪੜ੍ਹਨ ਵਿਚ ਬਹੁਤ ਹੁਸ਼ਿਆਰ ਵੇਖ ਕੇ ਅਗਲੀ ਪੜ੍ਹਾਈ ਲਈ ਖਾਲਸਾ ਸਕੂਲ ਲੁਧਿਆਣੇ ਵਾਲੇ ਇਨ੍ਹਾਂ ਨੂੰ ਜ਼ੋਰ ਪਾ ਕੇ ਆਪਣੇ ਸਕੂਲ ਵਿਚ ਲੈ ਗਏ । ੯ਵੀਂ, ੧੦ਵੀਂ ਕਲਾਸ ਇਸ ਸਕੂਲ ਤੋਂ ਕਰਨ ਉਪ੍ਰੰਤ ਸ੍ਰ. ਨਾਹਰ ਸਿੰਘ ਨੇ ਯਾਦਵਿੰਦਰਾ ਕਾਲਜ ਪਟਿਆਲਾ ਤੋਂ ਐਫ.ਏ. ਅਤੇ ਗੌਰਮਿੰਟ ਕਾਲਜ ਲਾਹੌਰ ਤੋਂ ਬਹੁਤ ਚੰਗੇ ਨੰਬਰ ਲੈ ਕ ਬੀ.ਏ. ਕੀਤੀ ।

ਬੀ.ਏ. ਕਰਨ ਉਪ੍ਰੰਤ ਅਗੋਂ ਪੜ੍ਹਨ ਦੀ ਇੱਛਾ ਹੋਣ ਦੇ ਬਾਵਜੂਦ, ਸ੍ਰ. ਨਾਹਰ ਸਿੰਘ ਇਹ ਸੋਚ ਕੇ ਆਪਣੇ ਪਿੰਡ ਨੰਗਲ ਖੁਰਦ ਆ ਗਏ ਕਿ ਮੈਂ ਘਰ ਵਿਚ ਸਭ ਤੋਂ ਵੱਡਾ ਪੁੱਤਰ ਹਾਂ, ਬਹੁਤ ਪੜ੍ਹ ਲਿਆ ਹੈ, ਹੁਣ ਕੰਮ-ਕਾਰ ਕਰ ਕੇ ਘਰ ਤੇ ਪਰਿਵਾਰ ਪ੍ਰਤੀ ਜ਼ੁੰਮੇਵਾਰੀ ਨਿਭਾਵਾਂਗਾ ।

ਬੀ.ਏ. ਕਰਨ ਤੋਂ ਬਾਅਦ, ਆਪਣੀ ਮਾਤਾ ਦੇ ਦ੍ਰਿੜ੍ਹ ਇਰਾਦੇ ਸਦਕਾ, ਇਨ੍ਹਾਂ ਨੇ ਐਮ.ਏ. ਕਿਵੇਂ ਕੀਤੀ. ਇਸ ਬਾਰੇ ਸ੍ਰ. ਨਾਹਰ ਸਿੰਘ, ਉਸ ਵੇਲੇ ਦੀ ਹੋਈ ਇਕ ਘਟਨਾ ਬਾਰੇ ਬੜੇ ਦਿਲਚਸਪ ਢੰਗ ਨਾਲ ਇਉਂ ਦੱਸਿਆ ਕਰਦੇ ਸਨ—

ਉਨ੍ਹੀਂ ਦਿਨੀਂ ਜਦੋਂ ਉਹ ਬੀ.ਏ. ਕਰ ਕੇ ਆਪਣੇ ਪਿੰਡ ਆ ਗਏ ਸਨ, ਉਨ੍ਹਾਂ ਦੇ ਮਾਤਾ ਜੀ ਕਿਸੇ ਕੰਮ ਲਈ ਗੁੱਜਰਵਾਲ ਗਏ । ਉਨ੍ਹਾਂ ਦੇ ਦਾਦਕਾ ਪਰਿਵਾਰ ਵਿਚੋਂ ਇਕ ਰਿਸ਼ਤੇਦਾਰ ਜ਼ੈਲਦਾਰ ਬਿਸ਼ਨ ਸਿੰਘ ਨੇ ਉਨ੍ਹਾਂ ਨੂੰ ਆਖਿਆ, "ਬੀਬੀ ਹਰਨਾਮੀ ਬਹੁਤ ਚੰਗਾ ਹੋਇਐ, ਇਕ ਛੋਟੇ ਜਿਹੇ ਪਿੰਡ 'ਚੋਂ ਉਠ ਕੇ ਤੇਰਾ ਮੁੰਡਾ ਵੀ ਬੀ.ਏ. ਕਰ ਗਿਆ ਹੈ । ਆਪਣੀ ਕੁੜੀ ਨੂੰ ਤਾਂ ਅਸੀਂ ਬੀ.ਏ. ਕਰਨ ਤੋਂ ਬਾਅਦ ਅੱਗੇ ਐਮ.ਏ. ਵਿਚ ਪੜ੍ਹਨ ਲਾ ਦਿੱਤਾ ਹੈ ।"

ਘਰ ਆ ਕੇ ਮਾਤਾ ਹਰਨਾਮ ਕੌਰ ਨੇ ਆਪਣੇ ਪੁੱਤਰ ਨਾਹਰ ਸਿੰਘ ਨੂੰ ਪੁੱਛਿਆ, "ਪੁੱਤ ਇਹ ਐਮ.ਏ. ਕੀ ਹੁੰਦਾ ਹੈ ।"

"ਬੇਬੇ ! ਐਮ.ਏ. ਤਾਂ ਬਹੁਤ ਔਖੀ ਹੁੰਦੀ ਹੈ, ਖਰਚਾ ਬੜਾ ਹੁੰਦਾ ਹੈ, ਸਮਾਂ ਵੀ ਲਗਦਾ ਹੈ । ਮੈਂ ਅਗੋਂ ਨਹੀਂ ਪੜ੍ਹਾਂਗਾ, ਹੁਣ ਕੰਮ-ਕਾਰ ਕਰਾਂਗਾ ।

ਮਾਤਾ ਨੇ ਬੜੇ ਹੌਂਸਲੇ ਨਾਲ ਨਾਹਰ ਸਿੰਘ ਨੂੰ ਆਖਿਆ, "ਮੈਂ ਤੇਨੂੰ ਜ਼ਰੂਰ ਅਗੋਂ ਪੜ੍ਹਾਉਣਾ ਹੈ, ਤੇਰੇ ਪਿਤਾ ਜੀ ਦੀ ਵੀ ਇਹੋ ਇੱਛਾ ਸੀ, ਤੂੰ ਬਿਲਕੁਲ ਬੇਫਿਕਰ ਰਹਿ । ਮੈਨੂੰ ਭਾਵੇਂ ਕੁਝ ਵੀ ਕਰਨਾ ਪਵੇ, ਚਾਹੇ ਜ਼ਮੀਨ ਵੇਚਣੀ ਪਵੇ ਜਾਂ ਹੋਰ ਮੱਝਾ ਰੱਖ ਕੇ ਉਨ੍ਹਾਂ ਦਾ ਘਿਓ ਕੱਢ ਕੇ ਵੇਚਣਾ ਪਵੇ, ਮੈਂ ਤੇਨੂੰ ਐਮ.ਏ. ਜ਼ਰੂਰ ਕਰਾਉਣੀ ਹੈ ।"

ਆਪਣੀ ਮਾਤਾ ਦੇ ਜ਼ੋਰ ਦੇਣ ਅਤੇ ਉਤਸਾਹਿਤ ਕਰਨ 'ਤੇ ਸ੍ਰ. ਨਾਹਰ ਸਿੰਘ ਨੇ ਗੌਰਮਿੰਟ ਕਾਲਜ ਲਾਹੌਰ ਵਿਚ ਐਮ.ਏ. ਵਿਚ ਦਾਖਲਾ ਲੈ ਲਿਆ । ਸ੍ਰ. ਨਾਹਰ ਸਿੰਘ ਦੇ ਪਿਤਾ ਦੇ ਸਾਬਕਾ ਕਮਾਂਡਿੰਗ ਅਫ਼ਸਰ ਕਰਨਲ ਗੈਰਟ ਨੇ ਆਪ ਨੂੰ ਮਦਦ ਅਤੇ ਅਗਵਾਈ ਦਿਤੀ ਤੇ ਹਿਸਟਰੀ ਦੀ ਐਮ,ਏ. ਕਰਨ ਲਈ ਆਖਿਆ । ਸ੍ਰ. ਨਾਹਰ ਸਿੰਘ ਨੇ ਸੰਨ ੧੯੩੦ ਵਿਚ, ਗੌਰਮਿੰਟ ਕਾਲਜ ਲਾਹੌਰ ਤੋਂ ਐਮ.ਏ. ਕਰ ਲਈ । ਆਪ ਨੇ ਸ਼ੌਕ ਵਜੋਂ ਫਾਰਸੀ ਭਾਸ਼ਾ ਵੀ ਸਿਖੀ ਅਤੇ ਇਸ ਦਾ ਕਾਫ਼ੀ ਅਧਿਐਨ ਕੀਤਾ ।

ਕਰਨਲ ਗੈਰਟ ਨੇ ਸ੍ਰ. ਨਾਹਰ ਸਿੰਘ ਨੂੰ ਐਮ.ਏ. ਉਪ੍ਰੰਤ ਤਹਿਸੀਲਦਾਰ ਦੀ ਟਰੇਨਿੰਗ ਲਈ ਮਿੰਟਗੁਮਰੀ ਭੇਜਿਆ । ਉਨ੍ਹੀ ਦਿਨੀ ਟੈਸਟ ਲੈ ਕੇ ਸਿੱਧੇ ਤਹਿਸੀਲਦਾਰ ਲੈਂਦੇ ਸਨ । ਸ੍ਰ. ਨਾਹਰ ਸਿੰਘ ਟੈਸਟ ਵਿਚੋਂ ਪਾਸ ਹੋ ਕੇ ਟਰੇਨਿੰਗ ਲਈ ੨-੩ ਮਹੀਨੇ ਮਿੰਟਗੁਮਰੀ ਰਹੇ ।

ਫਿਰ ਕਿਸੇ ਨੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੂੰ, ਸ੍ਰ. ਨਾਹਰ ਸਿੰਘ ਬਾਰੇ ਦੱਸਿਆ ਕਿ ਮੁੰਡਾ ਪੜ੍ਹਿਆ ਲਿਖਿਆ ਹੈ, ਕਾਬਲ ਹੈ, ਹਿਸਟਰੀ ਦੀ ਐਮ.ਏ. ਕੀਤੀ ਹੋਈ ਹੈ ਅੰਗਰੇਜ਼ੀ ਤੇ ਫਾਰਸੀ ਵੀ ਚੰਗੀ ਤਰ੍ਹਾਂ ਜਾਣਦਾ ਹੈ. ਵਿਦੇਸ਼ੀ ਮਾਮਲਿਆਂ ਦੇ ਮਹਿਕਮੇ ਲਈ ਲਾਹੇਵੰਦ ਰਹੇਗਾ । ਕੁਝ ਲੋਕਾਂ ਨੇ ਸ੍ਰ. ਨਾਹਰ ਸਿੰਘ ਨੂੰ ਜ਼ੋਰ ਪਾ ਕੇ, ਤਹਿਸੀਲਦਾਰ ਦੀ ਟਰੇਨਿੰਗ ਛੁਡਵਾ ਕੇ, ਪਟਿਆਲੇ ਮਹਾਰਾਜਾ ਭੁਪਿੰਦਰ ਸਿੰਘ ਦੇ ਬਦੇਸ਼ ਮੰਤਰਾਲੇ ਵਿਚ ਰਖਵਾ ਦਿਤਾ । ਚਾਰ ਕੁ ਸਾਲ ਸ੍ਰ. ਨਾਹਰ ਸਿੰਘ ਉਥੇ ਰਹੇ ਪਰ ਇਹ ਨੌਕਰੀ ਉਨ੍ਹਾਂ ਲਈ ਤਸੱਲੀਬਖਸ਼ ਨਹੀਂ ਸੀ । ਇਹ ਵੇਖ ਕੇ ਤੇ ਮਹਿਸੂਸ ਕਰ ਕੇ ਉਨ੍ਹਾਂ ਦੇ ਸ਼ੁਭਚਿੰਤਕ ਸ੍ਰ. ਜੋਗਿੰਦਰ ਸਿੰਘ ਅਤੇ ਸ੍ਰ. ਸੁੰਦਰ ਸਿੰਘ ਮਜੀਠੀਆ, ਉਨ੍ਹਾਂ ਨੂੰ ਪਟਿਆਲੇ ਤੋਂ ਲਾਹੌਰ ਆਪਣੇ ਕੋਲ ਲੈ ਆਏ । ਸੰਨ ੧੯੩੭ 'ਚ ਉਨ੍ਹਾਂ ਨੇ ਸ੍ਰ. ਨਾਹਰ ਸਿੰਘ ਨੂੰ ਖਾਲਸਾ ਨੈਸ਼ਨਲ ਪਾਰਟੀ ਦਾ ਸੇਕਟਰੀ ਬਣਾ ਦਿੱਤਾ । ਫਿਰ ਇਹ ਮਜੀਠੀਆ ਪਰਿਵਾਰ ਨਾਲ ਹੀ ਰਹੇ ।

ਸੰਨ ੧੯੪੧ ਵਿਚ ਸ੍ਰ. ਸੁੰਦਰ ਸਿੰਘ ਮਜੀਠੀਆ ਦੀ ਮੌਤ ਹੋਈ । ਉਨ੍ਹਾਂ ਦੇ ਪੁੱਤਰ ਸ੍ਰ. ਸੁਰਜੀਤ ਸਿੰਘ ਮਜੀਠੀਆ ਨੇਪਾਲ ਦੇ ਪਹਿਲੇ ਅੰਬੈਸਡਰ ਸਨ । ਸ੍ਰ. ਨਾਹਰ ਸਿੰਘ ਉਨ੍ਹਾਂ ਨਾਲ ਸਕੱਤਰ ਵਜੋਂ ਨੇਪਾਲ ਚਲੇ ਗਏ ।

ਨੇਪਾਲ ਅਤੇ ਤਿੱਬਤ ਬਾਰੇ ਲੇਖ ਲਿਖਣ ਵਾਲੇ



Sri Satguru Jagjit Singh Ji eLibrary NamdhariElibrary@gmail.com

ਹਿਲੇ ਭਾਰਤੀ ਸ੍ਰ. ਨਾਹਰ ਸਿੰਘ ਸਨ। ਆਪ ਨੇ ਕਰੀਬ ਵੀਹ ਕੁ ਲੇਖ ਲਿਖੇ ਜਿਹੜੇ ਉਸ ਵੇਲੇ ਦੇ ਉੱਘੇ ਮੈਗਜ਼ੀਨ 'ਦਾ ਪੀਪਲ' ਵਿਚ ਛਪੇ ਅਤੇ ਇਨ੍ਹਾਂ ਦੀ ਬਹੁਤ ਸਰਾਹਨਾ ਹੋਈ। ਇਹ ਲੇਖ ਪੰਡਤ ਜਵਾਹਰ ਲਾਲ ਨਹਿਰੂ ਅਤੇ ਹੋਰਨਾਂ ਰਾਜਸੀ ਨੇਤਾਵਾਂ ਦੇ ਧਿਆਨ ਵਿਚ ਆਏ ਤੇ ਸ੍ਰ. ਨਾਹਰ ਸਿੰਘ ਨਾਲ ਉਨ੍ਹਾਂ ਦਾ ਸੰਪਰਕ ਬਣਿਆ।

ਸੰਨ ੧੯੫੦-੫੧ ਵਿਚ ਸ੍ਰ. ਨਾਹਰ ਸਿੰਘ ਨੇਪਾਲ ਤੋਂ ਆਏ। ਸ੍ਰ. ਸੁਰਜੀਤ ਸਿੰਘ ਮਜੀਠੀਆ ਡਿਪਟੀ ਡਿਫੈਂਸ ਮਨਿਸਟਰ ਬਣ ਗਏ ਸਨ ਤੇ ਸ੍ਰ. ਨਾਹਰ ਸਿੰਘ ਉਨ੍ਹਾਂ ਦੇ ਸੈਕਟਰੀ ਵਜੋਂ ਰਹੇ ਆਪ ਸੰਨ ੧੯੬੩ ਤੀਕ ਮਜੀਠੀਆ ਪਰਿਵਾਰ ਨਾਲ ਰਹੇ।

ਸ੍ਰ. ਨਾਹਰ ਸਿੰਘ ਆਪਣੀ ਸਿਆਸੀ ਜ਼ਿੰਦਗੀ ਵਿਚ ਮਜੀਠੀਆ ਪਰਿਵਾਰ ਨਾਲ ਰਹੇ ਪਰ ਇਨ੍ਹਾਂ ਦੀ ਇਤਿਹਾਸ ਦੀ ਖੋਜ ਵਿਚ ਦਿਲਚਸਪੀ ਸੀ, ਸੋ ਇਨ੍ਹਾਂ ਨੇ ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਵਿਚ ਜਾ ਕੇ ਖੋਜ ਕਰਨੀ ਸ਼ੁਰੂ ਕਰ ਦਿੱਤੀ। ਸ੍ਰ. ਨਾਹਰ ਸਿੰਘ ਮਜੀਠੀਆ ਪਰਿਵਾਰ ਕੋਲ ਹੀ ਕੰਮ ਕਰਦੇ ਸਨ ਜਦੋਂ ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਪਰਕ ਵਿਚ ਆਏ।

ਪਹਿਲੀ ਵਾਰ ਸ੍ਰ, ਨਾਹਰ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦਿੱਲੀ ਵਿਖੇ ਮਿਲੇ ਤੇ ਅਰਜ਼ ਬੇਨਤੀ ਕੀਤੀ ਕਿ ਮੈਂ ਨੈਸ਼ਨਲ ਆਰਕਾਈਵਜ਼ ਵਿਚ ਜਾ ਕੇ ਖੋਜ ਕੀਤੀ ਹੈ। ਉਥੇ ਨਾਮਧਾਰੀ ਇਤਿਹਾਸ ਦਾ ਬਹੁਤ ਵੱਡਾ ਰਿਕਾਰਡ ਪਿਆ ਹੈ। ਆਉਣ ਵਾਲੀਆਂ ਨਸਲਾਂ ਲਈ ਤੁਹਾਨੂੰ ਇਹ ਇਤਿਹਾਸ ਕਢਵਾ ਕੇ ਛਪਵਾਉਣਾ ਚਾਹੀਦਾ ਹੈ। ਮੈਂ ਖੋਜ ਕਰਕੇ ਇਹ ਰਿਕਾਰਡ ਕਢਵਾ ਦਿਆਂਗਾ।' ਸ੍ਰੀ ਸਤਿਗੁਰੂ ਜੀ ਨੇ ਸ੍ਰ. ਨਾਹਰ ਸਿੰਘ ਨੂੰ ਇਹ ਰਿਕਾਰਡ ਕਢਵਾਉਣ ਦੀ ਪਰਵਾਨਗੀ ਹੀ ਨਹੀਂ ਦਿਤੀ ਸਗੋਂ ਉਤਸ਼ਾਹਿਤ ਵੀ ਕੀਤਾ।

ਸ੍ਰ. ਨਾਹਰ ਸਿੰਘ ਤੇ ਕਈ ਸਾਲ ਮਿਹਨਤ ਕਰਕੇ ਨੈਸ਼ਨਲ ਆਰਕਾਈਵਜ਼ ਵਿਚੋਂ ਸਰਕਾਰੀ ਰਿਕਾਰਡ ਕਢਵਾ ਕੇ ਪੁਸਤਕ ਰੂਪ ਵਿਚ ਛਪਵਾਏ। ਨਾਮਧਾਰੀ ਇਤਿਹਾਸ ਨਾਲ ਸੰਬੰਧਤ ਇਨ੍ਹਾਂ ਦੀਆਂ ਇਹ ਪੁਸਤਕਾਂ ਛਪੀਆਂ ਹਨ—

"ਰੀਬੇਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿਖਜ਼" ਤਿੰਨ ਭਾਗਾਂ ਵਿਚ (ਅੰਗਰੇਜ਼ੀ) ਨਾਮਧਾਰੀ ਇਤਿਹਾਸ (ਪੰਜਾਬੀ 'ਚ), ਨਾਮਧਾਰੀ ਇਤਿਹਾਸ (ਹਿੰਦੀ 'ਚ), ਨਾਮਧਾਰੀਜ਼ (ਅੰਗਰੇਜ਼ੀ) ਪੈਂਫਲਿਟ, ਸ਼ਹੀਦ ਗਿਆਨੀ ਰਤਨ ਸਿੰਘ ਅਤੇ ਸ਼ਹੀਦ ਰਤਨ ਸਿੰਘ ਨਾਈਵਾਲਾ (ਪੈਂਫਲਟ)।

ਨਾਮਧਾਰੀ ਇਤਿਹਾਸ ਨਾਲ ਸੰਬੰਧਤ ਪੁਸਤਕਾਂ ਤੋਂ ਇਲਾਵਾ ਸ੍ਰ. ਨਾਹਰ ਸਿੰਘ ਨੇ 'ਗਦਰ ਡਾਇਰੈਕਟਰੀ' ਆਦਿ ਹੋਰ ਵੀ ੧੫ ਕੁ ਪੁਸਤਕਾਂ ਲਿਖੀਆਂ। ਆਪ ਨੇ ਕਾਲਜ ਪੜ੍ਹਦਿਆਂ ਪਹਿਲੀ ਪੁਸਤਕ 'ਸਾਡੀ ਦਸ਼ਾ' ਅਰਥਾਤ ਸਿੱਖਾਂ ਦੀ ਦਸ਼ਾ ਲਿਖੀ।

ਨਾਮਧਾਰੀ ਇਤਿਹਾਸ ਤੋਂ ਇਲਾਵਾ ਸ੍ਰ. ਨਾਹਰ ਸਿੰਘ ਨੇ ਹੋਰ ਵੀ ਸਿੱਖ ਇਤਿਹਾਸ ਦੀ ਖੋਜ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸ਼ਸਤਰ, ਜਿਹੜੇ ਇੰਗਲੈਂਡ ਤੋਂ ਪੰਜਾਬ ਲਿਆਂਦੇ ਗਏ, ਆਪ ਦੀ ਖੋਜ ਅਤੇ ਉਸ ਵੇਲੇ ਦੀ ਸਰਕਾਰ ਨਾਲ ਗੱਲਬਾਤ ਕਰ ਕੇ ਕਰਵਾਈ ਗਈ ਕਾਰਵਾਈ ਦਾ ਹੀ ਨਤੀਜਾ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕਰਕੇ ਸ੍ਰ. ਨਾਹਰ ਸਿੰਘ ਤੋਂ ਨਾਮਧਾਰੀ ਇਤਿਹਾਸ ਲਿਖਵਾ ਲਿਆ। ਸ੍ਰ. ਨਾਹਰ ਸਿੰਘ ਦੱਸਦੇ ਸਨ ਕਿ ਮੈਂ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਪੜ੍ਹਨ ਤੇ ਲਿਖਣ ਲਗਦਾ ਹਾਂ, ਮੇਰੇ ਅੰਦਰੋਂ ਕੋਈ ਐਸੀ ਚੀਜ਼ ਆਉਂਦੀ ਹੈ, ਜਿਹੜੀ ਮੈਨੂੰ ਸਮਝ ਨਹੀਂ ਆਉਂਦੀ, ਉਹ ਕਿਸ ਤਰ੍ਹਾਂ ਮੈਥੋਂ ਲਿਖਵਾ ਰਹੀ ਹੈ।

ਸ੍ਰ. ਨਾਹਰ ਸਿੰਘ 'ਹਿਸਟਰੀ ਆਫ ਫਰੀਡਮ ਮੂਵਮੈਂਟ ਬੋਰਡ ਪੰਜਾਬ' ਦੇ ੧੯੫੪ ਤੋਂ ੬੧ ਤੀਕ ਮੈਂਬਰ ਰਹੇ। ਇਕ ਵਾਰ ਇਸ ਬੋਰਡ ਵਿਚ ਹੋਈ ਇਕ ਬਹਿਸ ਵਿਚ ਇਨ੍ਹਾਂ ਨੂੰ ਆਖਿਆ ਗਿਆ ਕਿ 'ਗੁਰੂ' ਸ਼ਬਦ ਸਿਰਫ਼ ਸਿੱਖਾਂ ਦੇ ਪਹਿਲੇ ਦਸ ਗੁਰੂਆਂ ਬਾਰੇ ਵਰਤਿਆ ਜਾਣਾ ਚਾਹੀਦਾ ਹੈ, ਸੋ 'ਉਹ' ਗੁਰੂ ਰਾਮ ਸਿੰਘ' ਨਾ ਲਿਖਿਆ ਕਰਨ। ਸ੍ਰ. ਨਾਹਰ ਸਿੰਘ ਨੇ ਜਵਾਬ ਦਿੱਤਾ ਕਿ ਰੀਸਰਚ ਸਕਾਲਰ ਵਜੋਂ ਉਹ ਗੁਰੂ ਸ਼ਬਦ ਵਰਤਣਗੇ, ਕਿਉਂਕਿ ਇਹ ਉਨ੍ਹਾਂ ਦਾ ਦਿਤਾ ਨਾਂ ਨਹੀਂ, ਇਹ ਤਾਂ ਅੰਗਰੇਜ਼ਾਂ ਦੀਆਂ ਮੂਲ ਦਸਤਾਵੇਜ਼ਾਂ ਵਿਚ ਰਿਕਾਰਡ ਕੀਤਾ ਗਿਆ ਹੈ, ਇਸ ਵਿਚ ਤਬਦੀਲੀ ਨਹੀਂ ਹੋ ਸਕਦੀ।

ਸ੍ਰ. ਨਾਹਰ ਸਿੰਘ ਸਟਰਗਲ ਫਾਰ ਫਰੀ ਹਿੰਦੁਸਤਾਨ (ਨੁ ੜੀਵਾਰ) ਦੇ ਚੀਫ਼ ਐਡੀਟਰ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸ੍ਰ. ਨਾਹਰ ਸਿੰਘ 'ਤੇ ਬਹੁਤ ਖੁਸ਼ੀਆਂ ਸਨ। ਹਜ਼ੂਰ ਆਪ ਨੂੰ ਇਕੱਲਿਆਂ ਨਾਲ ਬਿਠਾ ਕੇ ਕਿੰਨਾ ਕਿੰਨਾ ਚਿਰ ਖੁੱਲ੍ਹ ਕੇ ਗੱਲਾਂ ਕਰਿਆ



Sri Satguru Jagjit Singh Ji eLibrary NamdhariElibrary@gmail.com

ਕਰਦੇ ਸਨ। ਆਪ ਦੱਸਦੇ ਸਨ ਕਿ ਉਨ੍ਹਾਂ ਨੂੰ ਜਦੋਂ ਵੀ ਕੋਈ ਤਕਲੀਫ ਹੁੰਦੀ ਸੀ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਦੇ ਸਾਹਮਣੇ ਆ ਖਲੋਂਦੇ ਸਨ। ਇਕ ਵਾਰ ਬੀਮਾਰ ਪਿਆਂ ਨੂੰ ਦਰਸ਼ਨ ਦੇ ਕੇ ਬਚਨ ਕੀਤਾ, "ਮੈਂ ਤੈਨੂੰ ਐਸ ਤਰ੍ਹਾਂ ਬਚਾਇਆ ਹੈ, ਤੂੰ ਜ਼ਮਾਨਤੀਆ ਹੈਂ, ਐਸ ਤਰ੍ਹਾਂ ਜ਼ਮਾਨਤ 'ਤੇ ਜਾ ਰਿਹੈਂ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵੀ ਸ੍ਰ. ਨਾਹਰ ਸਿੰਘ 'ਤੇ ਬਹੁਤ ਖੁਸ਼ੀਆਂ ਰਹੀਆਂ ਹਨ। ਸੱਚੇ ਪਾਤਸ਼ਾਹ ਜੀ, ਆਪ ਦਾ ਧਿਆਨ ਰੱਖਦੇ, ਦਰਸ਼ਨ ਦਿੰਦੇ ਅਤੇ ਹਰ ਲੋੜ ਪੂਰੀ ਕਰਦੇ ਰਹੇ ਹਨ।

ਸ੍ਰ. ਨਾਹਰ ਸਿੰਘ ਕਰੀਬ ੯੪ ਸਾਲ ਦੀ ਉਮਰ ਵਿਚ ਚੜ੍ਹਾਈ ਕੀਤੇ। ਉਮਰ ਦੇ ਮੁਤਾਬਕ ਅੰਤਮ ਦਿਨਾਂ ਵਿਚ ਭਾਵੇਂ ਆਪ ਨੂੰ ਕੁਝ ਸਰੀਰਕ ਤਕਲੀਫ ਰਹੀ, ਪਰ ਫਿਰ ਵੀ ਜਿਉਂਦੇ ਜੀਅ ਆਪ ਬੁਲੰਦ ਹੌਂਸਲੇ ਅਤੇ ਚੜ੍ਹਦੀ ਕਲਾ ਵਿਚ ਰਹੇ। ਇੱਛਾ ਸ਼ਕਤੀ ਅਤੇ ਸਿਰੜ ਬਹੁਤ ਸੀ। ਚੁਸਤ ਅਤੇ ਸੁਚੇਤ ਅਵਸਥਾ ਵਿਚ ਸਨ। ਜਦੋਂ ਵੀ ਸਿਹਤ ਬਾਰੇ ਪੁੱਛੀਦਾ ਸੀ ਦੱਸਦੇ ਸਨ ਕਿ, "ਸਾਡੇ ਬਜ਼ੁਰਗ ਤਾਂ ੧੦੦ ਸਾਲ ਦੀ ਉਮਰ ਤੋਂ ਉੱਪਰ ਚੜ੍ਹਾਈ ਕਰਦੇ ਰਹੇ ਹਨ, ਮੈਂ ਬਿਲਕੁਲ ਠੀਕ-ਠਾਕ ਹਾਂ।"

ਸ੍ਰ. ਨਾਹਰ ਸਿੰਘ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ, ਦੋ ਪੁੱਤਰ, ਨੂੰਹਾਂ ਤੇ ਪੋਤੇ ਪੋਤੀਆਂ ਹਨ।

ਸ੍ਰ. ਨਾਹਰ ਸਿੰਘ ਦਾ ਵਿਆਹ ਸੰਨ ੧੯੩੬ ਵਿਚ ਪਿੰਡ ਘੱਲ ਕਲਾਂ, ਜ਼ਿਲ੍ਹਾ ਫੀਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਦੇ ਸ੍ਰ. ਨੱਥਾ ਸਿੰਘ ਗਿੱਲ ਦੀ ਸਪੁੱਤਰੀ ਬੀਬੀ ਮਹਿੰਦਰ ਕੌਰ ਨਾਲ ਹੋਇਆ। ਮਹਾਨ ਕੋਸ਼ ਦੇ ਰਚੇਤਾ ਸ੍ਰ. ਕਾਹਨ ਸਿੰਘ ਜੀ ਨਾਭਾ, ਜੋ ਆਪ ਜੀ ਦੀ ਪਤਨੀ ਦੇ ਮਾਸੜ ਜੀ ਸਨ, ਨੇ ਆਪ ਦਾ ਅਨੰਦ-ਕਾਰਜ ਕਰਵਾਇਆ।

ਸ੍ਰ. ਨਾਹਰ ਸਿੰਘ ਦੇ ਵੱਡੇ ਸਪੁੱਤਰ, ਰਿਟਾਇਰਡ ਬਰਗੇਡੀਅਰ ਇਕਬਾਲ ਸਿੰਘ ਦਿੱਲੀ ਲਾਗੇ ਨੋਇਡਾ (ਯੂ.ਪੀ.) ਵਿਖੇ ਅਤੇ ਛੋਟੇ ਸਪੁੱਤਰ ਸ੍ਰ. ਜਗਮੋਹਨ ਸਿੰਘ ਕੈਨੇਡਾ ਵਿਖੇ ਰਹਿੰਦੇ ਹਨ।

ਬਰਗੇਡੀਅਰ ਇਕਬਾਲ ਸਿੰਘ ੧੬-੧੭ ਕੁ ਸਾਲ ਦੀ ਉਮਰ ਵਿਚ ਫੌਜ ਦੀ ਨੌਕਰੀ ਵਿਚ ਚਲੇ ਗਏ ਅਤੇ ੩੫ ਸਾਲ ਸਰਵਿਸ ਕਰ ਕੇ ਬਰਗੇਡੀਅਰ ਰਿਟਾਇਰ ਹੋ ਕੇ ਨੋਇਡਾ ਵਿਚ ਸਥਾਪਤ ਹੋਏ। ਆਪਣੀ ਨੌਕਰੀ ਦੌਰਾਨ ਕਸ਼ਮੀਰ, ਲੱਦਾਖ, ਕਾਰਗਿੱਲ, ਨਾਗਾਲੈਂਡ, ਬਰਮਾਂ ਬਾਰਡਰ, ਅਰੁਣਾਚਲ ਵਗੈਰਾ ਅਨੇਕ ਥਾਵਾਂ 'ਤੇ ਰਹੇ। ਸੰਨ ੧੯੬੨, ੧੯੬੫ ਅਤੇ ੧੯੭੧ ਆਦਿ ਦੀਆਂ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਅਤੇ ਸਰਕਾਰ ਵਲੋਂ ਬਹਾਦਰੀ ਦੇ ਮੈਡਲ ਪ੍ਰਾਪਤ ਕੀਤੇ। ਨਾਗਾਲੈਂਡ ਵਿਚ ਆਪ ਨੂੰ ਵਿਸ਼ੇਸ਼ ਸੇਵਾ ਮੈਡਲ ਮਿਲਿਆ।

ਸ੍ਰ. ਨਾਹਰ ਸਿੰਘ ਨੇ ਆਪਣਾ ਨਿਵਾਸ ਚੰਡੀਗੜ੍ਹ ਵਿਖੇ ਰੱਖਿਆ। ਸਿਹਤ ਠੀਕ ਨਾ ਹੋਣ ਕਾਰਨ ਆਪ ਆਪਣੇ ਅੰਤਮ ਦਿਨਾਂ 'ਚ, ਆਪਣੇ ਪੁੱਤਰ ਬਰਗੇਡੀਅਰ ਇਕਬਾਲ ਸਿੰਘ ਕੋਲ ਨੋਇਡਾ ਵਿਖੇ ਰਹੇ ਅਤੇ ਉਥੇ ਹੀ ੧੧ ਮਾਰਚ ੯੯੮ ਨੂੰ ਚੜ੍ਹਾਈ ਕਰ ਗਏ।

---

ਕਵਿਤਾ

## 'ਜੱਗ ਦੀ ਜਿੱਤ'

ਹੋਣੀ ਆਉਣ ਤੋਂ ਪਹਿਲਾਂ  
ਉਸ ਦਾ,  
ਸੁਆਗਤ ਕਰਾਂਗਾ ਮੈਂ।  
ਤੜਫ ਤੜਫ ਮਰਨ  
ਅਰਮਾਨ ਹੁਣ,  
ਸਕੂਨ ਵਿਚ ਮਰਾਂਗਾ ਮੈਂ।  
ਗੁਰਬਤ ਵਿਚ ਗ਼ਰੀਬੀ ਦੀ  
ਸੱਟ ਖਾ ਕੇ,  
ਆਰਾਮ ਕਰਾਂਗਾ ਮੈਂ।  
ਇਹ ਵੀ ਕੋਈ ਜ਼ਿੰਦਗੀ ਹੈ ?  
ਹਰ ਤੜਫ ਮੇਰੇ ਦੁਆਰੇ  
ਵਸਲੇ-ਯਾਰ ਕਰਾਂਗਾ ਮੈਂ।  
ਨਾ ਮਹਿਬੂਬ ਮਿਲਿਆ,  
ਨਾ ਖ਼ੁਦਾ ਮਿਲਿਆ,  
ਅੱਗੋਂ  
ਪ੍ਰੀਤ ਨਾਲ ਦਿਲ ਭਰ ਮਰਾਂਗਾ ਮੈਂ।  
ਹਰ ਤਰਫ਼ ਗੁਰਬਤ-ਨਫ਼ਰਤ  
ਮੇਰੇ ਦੁਆਰੇ,  
ਮਾਇਆ ਨੂੰ ਆਗਣ ਕਰਾਂਗਾ ਮੈ।  
ਸਬਰ, ਸੰਤੋਖ ਨਾਲ ਰੱਖ  
ਬੁੱਧੀ-ਗਿਆਨ ਨਾਲ,  
"ਜਗਜੀਤ" ਦਾ ਪ੍ਰਕਾਸ਼ ਕਰਾਂਗਾ ਮੈਂ।

—ਸੁਰਜੀਤ ਸਿੰਘ 'ਜੀਤ', ਲੰਡਨ



Sri Satguru Jagjit Singh Ji eLibrary NamdhariElibrary@gmail.com

# ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ
# ੩੪ਵਾਂ ਵਾਰਸ਼ਿਕ ਸੰਮੇਲਨ ਮੰਡੀ (ਹਿਮਾਚਲ) ਵਿਚ

ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਰਜਿ:) ਦਾ ੩੪ਵਾਂ ਵਾਰਸ਼ਿਕ ਸੰਮੇਲਨ ੭ ਜੂਨ ਤੋਂ ੧੦ ਜੂਨ ੧੯੯੮ (ਮੁਤਾਬਿਕ ੨੫ ਜੇਠ ਤੋਂ ੨੮ ਜੇਠ ੨੦੫੫) ਦਿਨ ਐਤਵਾਰ ਸੋਮਵਾਰ, ਮੰਗਲਵਾਰ ਅਤੇ ਬੁਧਵਾਰ ਨੂੰ ਮੰਡੀ (ਹਿਮਾਚਲ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਕੀਤਾ ਜਾ ਰਿਹਾ ਹੈ। ਜਥੇ ਦੇ ਪ੍ਰਧਾਨ ਸੰਤ ਗੁਰਮੁਖ ਸਿੰਘ ਰਹਿਬਰ, ਸਕੱਤਰ ਨਵਤੇਜ ਸਿੰਘ ਅਤੇ ਖਜ਼ਾਨਚੀ ਸੰਤ ਜਗਤਾਰ ਸਿੰਘ ਨੇ ਇਕ ਬਿਆਨ ਵਿਚ ਇਸ ਦੇ ਵਿਸਥਾਰਤ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਇਹ ਸੰਮੇਲਨ ਮੰਡੀ (ਹਿਮਾਚਲ) ਅਤੇ ਸੁੰਦਰ ਨਗਰ ਦੇ ਨਾਮਧਾਰੀ ਵਿਦਿਅਕ ਜਥੇ ਅਤੇ ਸੰਗਤ ਦੀ ਪ੍ਰਾਹੁਣਾਚਾਰੀ ਦੁਆਰਾ ਹੋ ਰਿਹਾ ਹੈ। ਪ੍ਰੋਗਰਾਮ ਇਸ ਪ੍ਰਕਾਰ ਹੈ :—

**(੧) ਭਾਸ਼ਣ ਮੁਕਾਬਲੇ :**

ਸੀਨੀਅਰ ਵਰਗ—੧. 'ਬੇਮੁਖ ਸੁਖ ਨਾ ਦੇਖਈ ਜਿਉਂ ਛੁਟੜ ਛਾਉੜੀ'। ੨. 'ਵਿਚਿ ਬਾਣੀ ਅੰਮ੍ਰਿਤੁ ਸਾਰੇ'। ੩. ਅਜੋਕੇ ਸਮੇਂ ਵਿਚ ਘਟ ਰਿਹਾ ਧਾਰਮਿਕ ਪ੍ਰਭਾਵ। ੪. ਆਜ਼ਾਦੀ ਦੇ ਪੰਜਾਹ ਸਾਲਾਂ ਵਿਚ ਨਾਮਧਾਰੀ ਪੰਥ।

ਜੂਨੀਅਰ ਵਰਗ—੧. ਸ੍ਰੀ ਸਤਿਗੁਰੂ ਬਾਲਕ ਸਿੰਘ ਜੀ। ੨. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸ਼ਹੀਦ। ੩. 'ਅਸੰਖ ਗਲ ਵਢ ਹਤਿਆ ਕਮਾਹਿ' (ਜਪੁ ਪਉੜੀ ੧੮)।

**(੨) ਲਿਖਤੀ ਅਤੇ ਕਵਿਜ਼ ਮੁਕਾਬਲੇ :**

ਸੀਨੀਅਰ ਵਰਗ—੧. ਸਿਖ ਇਤਿਹਾਸ ਦੇ ਚੋਣਵੇਂ ਪ੍ਰਸ਼ਨ-ਉੱਤਰ। ੨. (ੳ) ਜਪੁ, (ਅ) ਸ਼ਬਦ ਹਜਾਰੇ, (ੲ) ਰਹਿਰਾਸ, (ਸ) ਕੀਰਤਨ ਸੋਹਿਲਾ।

ਜੂਨੀਅਰ ਵਰਗ—੧. ਸਿੱਖ ਇਤਿਹਾਸ ਦੇ ਚੋਣਵੇਂ ਪ੍ਰਸ਼ਨ-ਉੱਤਰ। ੨. ਕੀਰਤਨ ਸੋਹਿਲਾ।

**(੩) ਵਿਚਾਰ ਗੋਸ਼ਟੀ :**

ਨੀਲਾ ਕਾਲਾ ਅਤੇ ਸਫੈਦ—ਨੌਜਵਾਨ ਲਿਖਕੇ ਲਿਆ ਸਕਦੇ ਹਨ ਅਤੇ ਉਨ੍ਹਾਂ ਦੀ ਲਿਖਤ ਤੇ ਪ੍ਰਸ਼ਨ ਵੀ ਪੁਛੇ ਜਾ ਸਕਦੇ ਹਨ।

**(੪) ਗੁਰਬਾਣੀ ਅੰਤਾਕਸ਼ਰੀ :**

ਸੀਨੀਅਰ ਵਰਗ ਲਈ ਸਿਰਫ—ਦਸਮ ਗਰੰਥ ਅਤੇ ਸ੍ਰੀ ਆਦਿ ਗਰੰਥ ਸਾਹਿਬ ਜੀ।

**(੫) ਕਵੀ ਦਰਬਾਰ :**

ਵਿਸ਼ਾ—ਹਿੰਦੂ ਅਤੇ ਸਿੱਖ ਦੋਵੇਂ ਇਕ ਜਿੰਦ ਜਾਨ ਨੇ।

**(੬) ਪੇਂਟਿੰਗ ਮੁਕਾਬਲੇ :**

(ਸਿਰਫ ਜੂਨੀਅਰ ਵਰਗ)

**(੭) ਨਾਮ ਸਿਰਮਨ, ਅਰਦਾਸ/ਰਹਿਤਨਾਮਾ :**

ਉਮਰ ੫ ਸਾਲ ਤੋਂ ੧੦ ਸਾਲ।

**(੮) ਸੰਗੀਤ ਪ੍ਰਤੀਯੋਗਤਾ :**

ਸੀਨੀਅਰ-ਜੂਨੀਅਰ—ਵੋਕਲ, ਤਬਲਾ, ਢੋਲਕੀ ਅਤੇ ਸਿਤਾਬ/ਦਿਲਰੁਬਾ।

**(੯) ਖੇਡਾਂ :**

ਸੀਨੀਅਰ ਵਰਗ—ਦੌੜਾਂ : ੧੦੦ ਮੀ:, ੪੦੦ ਮੀ: ੧੫੦੦ ਮੀ: ਅਤੇ ਰੱਸਾਕਸ਼ੀ।

ਜੂਨੀਅਰ ਵਰਗ—ਦੌੜਾਂ : ੧੦੦ ਮੀ:, ੨੦੦ ਮੀ: ਅਤੇ ਤਿੰਨ-ਟੰਗੀ।

**ਸਿਖਲਾਈ :**

ਅੰਮ੍ਰਿਤ ਤਿਆਰ ਕਰਨਾ ਅਤੇ ਛਕਾਉਣਾ, ਹਵਨ ਵਰਨੀ, ਸਾਧਾਰਨ ਪਾਠ, ਅਖੰਡ ਪਾਠ, ਸੋਧ ਮਰਿਯਾਦਾ, ਸ਼ੁਧ ਪਾਠ, ਨਾਮ ਸਿਮਰਨ ਅਤੇ ਦਸਤਾਰ ਸਜਾਉਣ ਬਾਰੇ ਸਿਖਲਾਈ ਦਿਤੀ ਜਾਵੇਗੀ।

ਨੋਟ—ਜਥੇ ਦੀ ਸਾਲਾਨਾ ਰਿਪੋਰਟ ਲਿਖ ਕੇ ਲਿਆਂਦੀ ਜਾਵੇ। ਇਸ ਵਾਰ ਇਸ ਤੇ ਬਹਿਸ ਕਰਵਾਈ ਜਾਵੇਗੀ।

ਸਰਵੋਤਮ ਜਥਾ, ਸਰਵੋਤਮ ਮੈਂਬਰ ਅਤੇ ਸਰਵੋਤਮ ਅਨੁਸ਼ਾਸਤ ਜਥਾ ਪੁਰਸਕਾਰ ਦਿਤੇ ਜਾਣਗੇ।

**ਹਦਾਇਤਾਂ :**

—ਸਮੂਹ ਮੈਂਬਰ ਪੈਨ, ਨੋਟ-ਬੁੱਕ, ਆਸਣ, ਮਾਲਾ, ਗੁਟਕਾ ਅਤੇ ਲੋੜੀਂਦੇ ਬਸਤਰ ਆਪਣੇ ਨਾਲ ਲੈਕੇ ਆਉਣ ਦੀ ਕ੍ਰਿਪਾਲਤਾ ਕਰਨ।



Sri Satguru Jagjit Singh Ji eLibrary NamdhariElibrary@gmail.com

— ਹਰ ਇਕ ਨੌਜਵਾਨ ਨਾਮਧਾਰੀ ਪਹਿਰਾਵਾ (ਸਫੈਦ ਬਸਤਰ ਪਹਿਨਕੇ ਹੀ ਸ਼ਾਮਲ ਹੋ ਸਕਦਾ ਹੈ।

— ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ।

## ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਹੋਲਾ-ਮਹਲਾ ਰਿਪੋਰਟ

ਇਸ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ੧੯ਵਾਂ ਹੋਲਾ-ਮਹਲਾ ੧੩ ਤੋਂ ੧੬ ਮਾਰਚ ੧੯੯੮ ਮੁਤਾਬਿਕ ੦ ਫੱਗਣ, ੧-੨-੩ ਚੇਤ ਸੰਮਤ ੨੦੫੪ ਨੂੰ ਬੜੀ ਧੂਮਧਾਮ ਨਾਲ ਸੰਪੰਨ ਹੋਇਆ, ਜਿਸ ਵਿਚ ਦੇਸ਼-ਵਿਦੇਸ਼ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਪਹੁੰਚੀ ਅਤੇ ਮੇਲੇ ਵਿਚ ਸਤਿਗੁਰੂ ਜੀ ਦੇ ਦਰਸ਼ਨ-ਦੀਦਾਰੇ ਕਰਕੇ ਆਪਣਾ ਜਨਮ ਸਫਲਾ ਕੀਤਾ।

ਪਿਛਲੇ ਕਈ ਸਾਲਾਂ ਤੋਂ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨ ਪ੍ਰਧਾਨ ਸੰਤ ਗੁਰਮੁਖ ਸਿੰਘ ਨਾਮਧਾਰੀ ਜੀ ਦੀ ਅਗਵਾਈ ਵਿਚ ਮੇਲੇ ਦੌਰਾਨ ਪੰਡਾਲ ਵਿਚ ਪਹਿਰੇ ਅਤੇ ਵਿਛਾਈ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਇਸ ਵਾਰ ਪੰਡਾਲ ਵਿਚ ਸੇਵਾ ਨਿਭਾਉਣ ਦੇ ਨਾਲ ਨਾਲ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਵੱਡੇ ਲੰਗਰ ਦਾ ਇੰਤਜ਼ਾਮ ਅਤੇ ਲੰਗਰ ਵਰਤਾਉਣ ਦੀ ਜ਼ਿੰਮੇਵਾਰੀ ਵੀ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾ ਦੇ ਹਿੱਸੇ ਆਈ। ਵੱਡੇ ਲੰਗਰ ਦਾ ਇੰਤਜ਼ਾਮ ਅਤੇ ਲੰਗਰ ਵਰਤਾਉਣ ਦੀ ਸੇਵਾ ਵਿਚ ਜਿਥੇ ਰਾਣੀਆਂ ਅਤੇ ਸਿਰਸੇ ਦੇ ਵਿਦਿਅਕ ਜਥਿਆਂ ਨੇ ਮੇਲੇ ਦੌਰਾਨ ਬਖੂਬੀ ਸੇਵਾ ਨਿਭਾਈ, ਉਥੇ ਰਾਮਪੁਰਾ ਫੂਲ, ਚੰਡੀਗੜ੍ਹ, ਮੋਹਾਲੀ, ਸੈਦੋਕੇ, ਯਮਨਾਨਗਰ, ਲੁਧਿਆਣਾ, ਬਿੱਚੀ (ਮਧ ਪ੍ਰਦੇਸ਼, ਗੁਰੂ ਹਰੀ ਸਿੰਘ ਮਹਾਂ-ਵਿਦਿਆਲਾ (ਸੰਤ ਨਗਰ), ਅੰਮ੍ਰਿਤਸਰ, ਸੰਤ ਨਗਰ ਆਦਿ ਜਥਿਆਂ ਨੇ ਵੀ ਵਧ ਚੜ੍ਹਕੇ ਹਿੱਸਾ ਪਾਇਆ। ਇਸ ਵਾਰ ਲੰਗਰ ਵਿਚ ਸਫਾਈ ਦਾ ਵਿਸ਼ੇਸ਼ ਧਿਆਨ ਰਖਿਆ ਗਿਆ। ਲੁਧਿਆਣਾ ਵਿਦਿਅਕ ਜਥੇ ਵਲੋਂ ਵੱਡੇ ਲੰਗਰ ਦੇ ਨਾਲ ਹੀ ਜੋੜੇ ਸੰਭਾਲਣ ਦਾ ਪ੍ਰਬੰਧ ਵੀ ਦਿਨ ਰਾਤ ਕੀਤਾ ਗਿਆ।

ਮੇਲਾ ਸ਼ੁਰੂ ਹੋਣ ਤੋਂ ੧੦-੧੨ ਦਿਨ ਪਹਿਲਾਂ ਤੋਂ ਲੈ ਕੇ ਮੇਲੇ ਤੋਂ ਬਾਅਦ ਤਕ ਸੰਤ ਦਿਆਲ ਸਿੰਘ ਜੀ ਨਾਲ ਐਲਨਾਬਾਦ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਦਿਨ-ਰਾਤ ਇਕ ਕਰਕੇ ਮੇਲੇ ਦੀ ਤਿਆਰੀ ਅਤੇ ਮੇਲੇ ਦੌਰਾਨ ਹਰ ਤਰ੍ਹਾਂ ਦੀ ਸੇਵਾ ਵਿਚ ਹਿੱਸਾ ਪਾਇਆ। ਜਿਸ ਕਰਕੇ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਨੌਜਵਾਨਾਂ ਨੂੰ ਆਪਣੇ ਉਪਦੇਸ਼ ਵਿਚ ਖੁਸ਼ੀਆਂ ਬਖਸ਼ੀਆਂ। ਇਸ ਮੇਲੇ ਦੀਆਂ ਲਾਈਟਾਂ ਅਤੇ ਬਾਕੀ ਸਜਾਵਟ ਦਾ ਪ੍ਰਬੰਧ ਵੀ ਐਲਨਾਬਾਦ ਦੇ ਜਥੇ ਨੇ ਬਹੁਤ ਵਧੀਆ ਢੰਗ ਨਾਲ ਕੀਤਾ।

ਇਸੇ ਦੌਰਾਨ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਵਿਸ਼ੇਸ਼ ਇਕੱਤਰਤਾ ਵੀ ਬੁਲਾਈ ਗਈ, ਜਿਸ ਵਿਚ ਸੰਮੇਲਨ ਦੇ ਸਿਲੇਬਸ, ਵਿਸ਼ਵ ਨਾਮਧਾਰੀ ਦਰਪਣ ਸਮੇਤ ਕਈ ਅਹਿਮ ਮਸਲਿਆਂ ਤੇ ਵੀਚਾਰ ਕੀਤੇ ਗਏ। ਇਸ ਇਕੱਤਰਤਾ ਵਿਚ ਦੇਸ਼-ਵਿਦੇਸ਼ ਦੇ ਤਕਰੀਬਨ ੩੦ ਕੁ ਵਿਦਿਅਕ ਜਥਿਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਇਸ ਇੱਕਤਰਤਾ ਵਿਚ ਮਾਸਟਰ ਨਿਹਾਲ ਸਿੰਘ ਜੀ ਅਤੇ ਇੰਗਲੈਂਡ ਵਿਦਿਅਕ ਜਥੇ ਦੇ ਪ੍ਰਧਾਨ ਸੰਤ ਹਰਵਿੰਦਰ ਸਿੰਘ ਸਿਆਨ ਅਤੇ ਸੰਤ ਬਹਾਦਰ ਸਿੰਘ ਜੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਵਿਸ਼ੇਸ਼ ਇਕੱਤਰਤਾ ਦੌਰਾਨ ਵਿਦਿਅਕ ਜਥਿਆਂ ਦੇ ਨੁਮਾਇੰਦਿਆਂ ਨੂੰ ਮੈਂਬਰਸ਼ਿਪ ਫ਼ਾਰਮ ਦੀਆਂ ਕਾਪੀਆਂ ਵੀ ਦਿੱਤੀਆਂ ਗਈਆਂ ਤਾਂ ਜੋ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਆਮ ਜਨਗਣਨਾ ਕੀਤੀ ਜਾ ਸਕੇ।

ਮੇਲੇ ਦੇ ਸਮਾਪਤੀ ਸਮਾਰੋਹ ਦੌਰਾਨ ਸੱਚੇ-ਪਾਤਸ਼ਾਹ ਜੀ ਨੇ ਆਪਣੇ ਉਪਦੇਸ਼ ਦੌਰਾਨ ਵਿਦਿਅਕ ਜਥੇ ਵਾਲਿਆਂ ਨੂੰ ਸੇਵਾ ਕਰਨ ਹਿਤ ਖੁਸ਼ੀਆਂ ਬਖਸ਼ੀਆਂ। ਵਿਸ਼ਵ ਨਾਮਧਾਰੀ ਜਥਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਹੋ ਅਰਦਾਸ ਕਰਦਾ ਹੈ ਕਿ ਸੱਚੇ-ਪਾਤਸ਼ਾਹ ਜੀ ਇਸੇ ਤਰ੍ਹਾਂ ਨੌਜਵਾਨਾਂ ਨੂੰ ਉੱਠਮ ਬਖਸ਼ਣ ਅਤੇ ਸੇਵਾ ਲੈਂਦੇ ਰਹਿਣ।

**—ਨਵਤਜ ਸਿੰਘ ਨਾਮਧਾਰੀ**
ਸਕੱਤਰ
ਵਿਸ਼ਵ ਨਾਮਧਾਰੀ ਵਿਦਿਅਕ ਜਥਾ

## ਸਵਰਗੀ ਜਥੇਦਾਰ ਸੇਵਾ ਸਿੰਘ (ਮੰਡੀ) ਦੇ ਪਰਿਵਾਰ ਵਲੋਂ ਮੇਲਾ

ਮੰਡੀ—ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਜਥੇਦਾਰ ਸਵਰਗੀ ਸੰਤ ਸੇਵਾ ਸਿੰਘ ਜੀ ਦੇ ਜੀਵਨ ਸਾਥਨ ਮਾਤਾ ਅਮਰ ਕੌਰ ੧੮ ਮਾਰਚ ੧੯੯੮ ਬੁਧਵਾਰ ਨੂੰ ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰ ਗਏ। ਸਵਰਗੀ ਮਾਤਾ ਜੀ ਵਡ-ਪਰਵਾਰੀ ਸਨ। ਸੰਤ ਮੋਹਨ ਸਿੰਘ, ਸੰਤ ਸਾਧਾ ਸਿੰਘ (ਜਥੇਦਾਰ), ਸੁਖਦੇਵ ਸਿੰਘ, ਗੁਰਦੇਵ ਸਿੰਘ, ਹਰਦੇਵ ਸਿੰਘ



Sri Satguru Jagjit Singh Ji eLibrary NamdhariElibrary@gmail.com

ਅਤੇ ਹਰਵਿੰਦਰ ਸਿੰਘ ਆਪਦੇ ਛੇ ਸਪੁਤਰ ਹਨ ਅਤੇ ਤਿੰਨ ਸਪੁਤਰੀਆਂ ਹਨ। ਵੱਡੀ ਸਪੁਤਰੀ ਬੀਬੀ ਸੁਖਵਿੰਦਰ ਕੌਰ (ਸੰਮਾਂ) ਸੰਤ ਦਿਆਲ ਸਿੰਘ ਜੀ, ਸਤਿਗੁਰੂ ਜੀ ਦੇ ਹਜ਼ੂਰੀ ਪਰਬੰਧਕ ਹੋਰਾਂ ਦੇ ਘਰ ਹੈ। ਸਿੰਦਰ ਕੌਰ ਸੰਤ ਜਸਪਾਲ ਸਿੰਘ ਹੋਰਾਂ ਨਾਲ ਵਿਵਾਹਤ ਹੈ ਅਤੇ ਛੋਟੀ ਪਲਵਿੰਦਰ ਕੌਰ ਸੰਤ ਸਤਪਾਲ ਸਿੰਘ ਬੰਸਰੀ ਵਾਦਕ ਜੰਮੂ ਦੀ ਜੀਵਨ ਸਾਥਣ ਹੈ।

ਮਾਤਾ ਅਮਰ ਕੌਰ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੫ ਅਪਰੈਲ ੧੯੯੮ ਐਤਵਾਰ ਨੂੰ ਨਾਮਧਾਰੀ ਧਰਮਸਾਲਾ ਰਾਮ ਨਗਰ ਮੰਡੀ ਵਿਚ ਪਿਆ। ਸਸਕਾਰ ਤੋਂ ਲੈ ਕੇ ਭੋਗ ਵਾਲੇ ਦਿਨ ਤਕ ਰੋਜ਼ਾਨਾ ਸ਼ਾਮ ਨੂੰ ਨਾਮ ਸਿਮਰਨ ਅਤੇ ਸਤਿਸੰਗ ਦੀ ਲੜੀ ਚਲਦੀ ਰਹੀ ਜਿਸ ਵਿਚ ਸੰਤ ਪਰਮਜੀਤ ਸਿੰਘ, ਜਥੇਦਾਰ ਸਾਧਾ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ, ਕਥਾ ਵਾਰਤਾ ਕਰਦੇ ਰਹੇ। ਸਾਧ ਸੰਗਤ ਵੀ ਹੁਮ ਹੁਮਾ ਕੇ ਪੁਜਦੀ ਰਹੀ। ਭੋਗ ਵਾਲੇ ਦਿਨ ਸੰਗਤ ਅਤੇ ਰਿਸ਼ਤੇਦਾਰਾਂ ਦੇ ਭਾਰੀ ਇਕੱਠ ਵਿਚ ਸਾਰਾ ਦਿਨ ਦੀਵਾਨ ਸਜੇ। ਸੂਬਾ ਸੇਵਾ ਸਿੰਘ ਜਗਾਧਰੀ, ਜ. ਨਿਸ਼ਾਨ ਸਿੰਘ ਭੈਣੀ ਸਾਹਿਬ ਅਤੇ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਪ੍ਰਭਾਵਸ਼ਾਲੀ ਦੀਵਾਨ ਲਾਏ। ਸ਼ਾਮ ਤਕ ਨਾਮ ਸਿਮਰਨ ਹੋਇਆ ਅਤੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਪਰਿਵਾਰ ਵਲੋਂ ਸਮੂਹ ਆਈ ਸੰਗਤ ਦੀ ਲੰਗਰ ਪਾਣੀ ਦੁਆਰਾ ਸੇਵਾ ਕੀਤੀ ਗਈ। ਸਾਰਾ ਸਮਾਗਮ ਸਵ. ਜਥੇਦਾਰ ਸੇਵਾ ਸਿੰਘ ਜੀ ਦੀ ਸਰਬ ਸਾਂਝੀ ਸ਼ਖਸੀਅਤ ਪ੍ਰਤੀ ਪ੍ਰੇਮ ਅਤੇ ਲਗਨ ਦੀ ਭਾਵਨਾ ਦਾ ਸਬੂਤ ਸੀ।

ਇਸ ਅਵਸਰ ਤੇ 'ਵਰਿਆਮ' ਵਾਸਤੇ ੨੫੦/- ਰੁਪੈ ਦੀ ਸਹਾਇਤਾ ਭੇਜੀ ਗਈ।

## ਮੁਖ ਮੰਤਰੀ ਵਲੋਂ ਕਬੱਡੀ ਖੇਡ ਨੂੰ ਵਿਸ਼ੇਸ਼ ਦਰਜਾ ਦੇਣ ਦਾ ਐਲਾਨ

ਬਾਜਾਖਾਨਾ—ਬੀਤੇ ਦਿਨੀਂ ਪੰਜਾਬ ਵਲੋਂ ਪੰਜਾਬੀਆਂ ਦੀ ਹਰਮਨ-ਪਿਆਰੀ ਅਤੇ ਰਵਾਇਤੀ ਖੇਡ 'ਕਬੱਡੀ' ਨੂੰ ਰਾਜ ਵਿਚ ਵਿਸ਼ੇਸ਼ ਦਰਜਾ ਦੇਣ ਦਾ ਐਲਾਨ ਕਰਦਿਆਂ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਜ ਵਿਚ ਕਬੱਡੀ ਖੇਡ ਨੂੰ ਪ੍ਰਫੁਲਤ ਕਰਨ ਅਤੇ ਨਵੇਂ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਇਕ ਕਬੱਡੀ ਇੰਸਟੀਚਿਊਟ ਵੀ ਸਥਾਪਤ ਕੀਤੀ ਜਾਵੇਗੀ।

ਮੁਖ ਮੰਤਰੀ ਨੇ ਕਬੱਡੀ ਦੇ ਖਿਡਾਰੀ ਸ. ਹਰਜੀਤ ਸਿੰਘ ਬਰਾੜ ਬਾਜਾਖਾਨਾ ਦੀ ਅੰਤਿਮ ਅਰਦਾਸ ਮੌਕੇ ਇਕ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਵਿਚ ਪੰਜਾਬ ਨਾਲ ਸੰਬੰਧਿਤ ਕੌਮਾਂਤਰੀ ਕਬੱਡੀ ਖਿਡਾਰੀਆਂ ਹਰਜੀਤ ਸਿੰਘ ਬਰਾੜ ਬਾਜਾਖਾਨਾ, ਕੇਵਲ ਲੱਪੋਂ, ਕੇਵਲ ਸਿੰਘ ਸੇਖਾ ਅਤੇ ਤਲਵਾਰ ਸਿੰਘ ਕਾਉਂਕੇ, ਜਿਨ੍ਹਾਂ ਦੀ ੧੭ ਅਪਰੈਲ ੧੯੯੮ ਦੀ ਰਾਤ ਨੂੰ ਖਰੜ ਨੇੜੇ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ, ਨੂੰ ਡੂੰਘੀ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਨੂੰ 'ਪੰਜਾਬ ਪੁੱਤ' ਕਰਾਰ ਦਿਤਾ ਤੇ ਕਿਹਾ ਕਿ ਉਨ੍ਹਾਂ ਦੀ ਅਚਾਨਕ ਮੌਤ ਸਾਡੇ ਸਭਨਾਂ ਲਈ ਇਕ ਅਕਹਿ ਅਤੇ ਅਸਹਿ ਸਦਮਾ ਹੈ।

ਸ, ਬਾਦਲ ਨੇ ਕਿਹਾ ਕਿ ਹਰਜੀਤ ਅਤੇ ਉਸ ਦੇ ਸਾਥੀਆਂ ਦੀ ਮੌਤ ਨਾਲ ਪੰਜਾਬ ਦੇ ਖੇਡ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਰ ਉਹਨਾਂ ਕਿਹਾ ਕਿ ਇਹਨਾਂ ਪੰਜਾਬ ਦੇ ਸਪੂਤਾਂ ਤੋਂ ਅਸੀਂ ਵਾਂਝੇ ਹੋ ਗਏ ਹਾਂ, ਪਰ ਸਾਡੀ ਕੋਸ਼ਿਸ਼ ਹੋਵੇਗੀ ਕਿ ਇਹਨਾਂ ਦੀਆਂ ਰਾਜ ਭਰ ਵਿਚ ਢੁਕਵੀਆਂ ਯਾਦਗਾਰਾਂ ਬਣਾਈਆਂ ਜਾਣ, ਤਾਂ ਜੋ ਪੰਜਾਬ ਦੇ ਨੌਜਵਾਨ ਇਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਪੰਜਾਬ ਅਤੇ ਦੇਸ਼ ਦਾ ਨਾਂ ਉੱਚਾ ਕਰਨ।

ਸ. ਬਾਦਲ ਨੇ ਕਿਹਾ ਉਹ ਕਬੱਡੀ ਐਸੋਸੀਏਸ਼ਨ, ਖੇਡ ਮਾਹਰਾਂ ਆਦਿ ਨਾਲ ਵਿਚਾਰ-ਵਟਾਂਦਰਾ ਕਰਨਗੇ ਕਿ ਜੋ ਕਬੱਡੀ ਦੀ ਖੇਡ ਦੇ ਵਿਕਾਸ ਲਈ ਹੋਰ ਕੀ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਕਬੱਡੀ ਇੰਸਟੀਚਿਊਟ ਅਤੇ ਕਬੱਡੀ ਅਕਾਦਮੀ ਦੀ ਸਥਾਪਨਾ ਨਾਲ ਇਸ ਖੇਡ ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਸ. ਬਾਦਲ ਨੇ ਸ਼ਰਧਾਂਜਲੀ ਸਮਾਰੋਹ ਵਿਚ ਹਰਜੀਤ ਬਾਜਾਖਾਨਾ ਦੇ ਪਿਤਾ ਸ. ਬਖਸ਼ੀਸ਼ ਸਿੰਘ ਨੂੰ ੧੦ ਲਖ ਰੁਪੈ ਦਾ ਚੈਕ ਭੇਟ ਕੀਤਾ ਤੇ ਕਿਹਾ ਇਸ ਰਕਮ ਨਾਲ ਹਰਜੀਤ ਦੀ ਯਾਦ ਵਿਚ ਬਾਜਾਖਾਨਾ ਵਿਖੇ ਇਕ ਵਿਸ਼ਾਲ ਖੇਡ ਸਟੇਡੀਅਮ ਉਸਾਰਿਆ ਜਾਵੇਗਾ। ਸਟੇਡੀਅਮ ਵਿਚ ਹਰਜੀਤ ਅਤੇ ਉਸ ਦੇ ਸਵਰਗਵਾਸੀ ਸਾਥੀਆਂ ਦੀਆਂ ਤਸਵੀਰਾਂ ਵੀ ਲਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਸਟੇਡੀਅਮ ਲਈ ਜੋ ਹੋਰ ਰਕਮ ਦੀ ਲੋੜ ਪਈ ਤਾਂ ਉਹ ਵੀ ਸਰਕਾਰ ਆਪਣੇ ਕੋਲੋਂ ਦੇਵੇਗੀ। ਸ. ਬਾਦਲ ਨੇ ਇਸ ਹਾਦਸੇ ਵਿਚ ਮਾਰੇ ਗਏ ਚਾਰ ਖਿਡਾਰੀਆਂ ਦੇ ਪਰਿਵਾਰਾਂ ਨੂੰ ਇਕ-ਇਕ ਲਖ



Sri Satguru Jagjit Singh Ji eLibrary NamdhariElibrary@gmail.com

ਰੁਪੈ ਸਹਾਇਤਾ ਵਜੋਂ ਦੇਣ ਦਾ ਵੀ ਐਲਾਨ ਕੀਤਾ । ਇਕ ਲਖ ਰੁਪੈ ਦਾ ਇਸ ਸਬੰਧੀ ਚੈਕ ਵੀ ਸ. ਬਖਸ਼ੀਸ਼ ਸਿੰਘ ਨੂੰ ਭੇਟ ਕੀਤਾ ।

ਸ. ਬਾਦਲ ਨੇ ਪਿੰਡ ਦੇ ਲੋਕਾਂ ਅਤੇ ਪਰਿਵਾਰਾਂ ਦੀ ਇੱਛਾ ਮੁਤਾਬਿਕ ਬਾਜਾਖਾਨਾ ਵਿਖੇ ਲੜਕੀਆਂ ਦੇ ਹਾਈ ਸਕੂਲ ਦੀ ਸਥਾਪਨਾ ਲਈ ੫੦ ਲਖ ਰੁਪੈ ਦੇਣ ਦਾ ਐਲਾਨ ਕੀਤਾ । ਉਹਨਾਂ ਕਿਹਾ ਕਿ ਬਾਜਾਖਾਨਾ ਦੇ ਚੌਕ ਵਿਚ ਹਰਜੀਤ ਦਾ ਇਕ ਆਦਮ-ਕੱਦ ਬੁੱਤ ਲਾਇਆ ਜਾਵੇਗਾ ।

ਸ਼ਰਧਾਂਜਲੀ ਸਮਾਗਮ ਵਿਚ ਪੰਜਾਬ ਸਰਕਾਰ ਨਾਲ ਸਬੰਧਿਤ ਬਹੁਤ ਸਾਰੇ ਮੰਤਰੀ, ਵੱਖੋ-ਵੱਖ ਪਾਰਟੀਆਂ ਨਾਲ ਸੰਬੰਧਿਤ ਵਿਧਾਇਕ ਰਾਜਸੀ ਆਗੂ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇਸ਼ ਵਿਦੇਸ਼ ਤੋਂ ਉਘੇ ਕੌਮਾਂਤਰੀ ਖਿਡਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਖੇਡ-ਪ੍ਰੇਮੀ ਪਹੁੰਚੇ ਹੋਏ ਸਨ, ਜਿਨ੍ਹਾਂ ਨੇ ਸੇਜਲ ਅੱਖਾਂ ਨਾਲ ਸ. ਹਰਜੀਤ ਸਿੰਘ ਅਤੇ ਉਨ੍ਹਾਂ ਦੇ ਸਵਰਗਵਾਸੀ ਸਾਥੀਆਂ ਨੂੰ ਯਾਦ ਕੀਤਾ ।

## ਸੇਠੀ ਪਰਵਾਰ ਵਲੋਂ ਮੇਲਾ

ਮੰਡੀ—ਸੇਠ ਸਤਪਾਲ ਸਿੰਘ ਜੀ ਸੇਠੀ, ਸੰਤ ਪਰਮਜੀਤ ਸਿੰਘ ਜੀ ਸੇਠੀ ਨੇ ੨੯-੩-੯੮ ਨੂੰ ਆਪਣੇ ਪਿਤਾ ਜੀ ਸੰਤ ਇੰਦਰ ਸਿੰਘ ਜੀ ਸੇਠੀ ਨਮਿਤ ਮੇਲਾ ਕਰਵਾਇਆ । ਜਿਸ ਵਿਚ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਬਾਦ ਵਿਚ ਕਥਾ ਹੋਈ ਤੇ ਦੀਵਾਨ ਲਗਾਇਆ ਗਿਆ ਉਪਰੰਤ ਸੇਠੀ ਪਰਵਾਰ ਵਲੋਂ ਪਾਠਾਂ ਦੇ ਭੋਗ ਪਾਏ ਗਏ ਤੇ ਸਾਰੀ ਸਾਧ ਸੰਗਤ ਨੂੰ ਲੰਗਰ ਵਰਤਾਇਆ ਗਿਆ । ਇਸ ਅਵਸਰ ਤੇ 'ਵਰਿਆਮ' ਨੂੰ ੨੫੦/- ਰੁਪਏ ਸਹਾਇਤਾ ਭੇਜੀ ਗਈ ।

## ਸ. ਹਰਪਾਲ ਸਿੰਘ ਸਰਪੰਚ ਦਾਲਮ ਦਾ ਦੁਖਦਾਈ ਵਿਛੋੜਾ

ਸੰਸਾਰ ਵਿਚ ਨਾ ਕੋਈ ਸਦਾ ਰਿਹਾ ਹੈ ਨਾ ਹੀ ਰਹਿਣਾ ਹੈ । ਆਪਣੀ ਆਪਣੀ ਵਾਰੀ ਸਭ ਨੂੰ ਇਹ ਸੰਸਾਰ ਛੱਡਣਾ ਪੈਂਦਾ ਹੈ । ਪਰ ਬੰਦੇ ਦੇ ਕੀਤੇ ਕਰਮ ਸਦੀਆਂ ਤਕ ਲੋਕਾਂ ਦੇ ਦਿਲਾਂ ਵਿਚ ਵਸਦੇ ਰਹਿੰਦੇ ਹਨ । ਜਦ ਕੋਈ ਚੜ੍ਹਦੀ ਜਵਾਨੀ ਵਿਚ ਸੰਸਾਰ ਤੋਂ ਕੂਚ ਕਰਦਾ ਹੈ ਤਾਂ ਕਹਿਣਾ ਪੈਂਦਾ ਹੈ, "ਹਸਰਤ ਉਨ ਗੁਨਚੋਂ ਪੇ ਹੈ, ਜੋ ਬਿਨ ਖਿਲੇ ਮੁਰਝਾ ਗਏ !"

ਸ. ਹਰਪਾਲ ਸਿੰਘ ਸਰਪੰਚ ਪਿੰਡ ਦਾਲਮ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ । ਉਹ ਸ. ਦੀਵਾਨ ਸਿੰਘ ਨਾਮਧਾਰੀ ਦਾ ਪੁੱਤਰ ਸੀ, ਜੋ ਆਲਮੇ-ਸ਼ਬਾਬ ਵਿਚ ਹੀ ਇਕ ਦੁਰਘਟਨਾ ਦਾ ਸ਼ਿਕਾਰ ਹੋ ਗਿਆ । ਆਪਦੇ ਪਿਤਾ ਬੜੇ ਬਾਰਸੂਖ ਸੱਜਣ ਹਨ । ਹਰਪਾਲ ਸਿੰਘ ਦੇ ਖੂਨ ਵਿਚ ਲੋਕਾਂ ਦੀ ਸੇਵਾ ਕਰਨੀ ਰਚੀ ਹੋਈ ਸੀ । ਉਹ ਆਪਣਾ ਕੰਮ ਛੱਡ ਕੇ ਵੀ ਲੋਕਾਂ ਦੀ ਸੇਵਾ ਕਰਨ ਲਈ ਤਤਪਰ ਰਹਿੰਦਾ ਸੀ । ਦੁਖੀਆਂ ਦੇ ਦੁਖ ਵੰਡਾਣ, ਪਿੰਡ ਦੀ ਭਲਾਈ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਸਨ । ਆਪ ਗੁਸਾ ਈਰਖਾ ਲੋਭ ਹੰਕਾਰ ਨੂੰ ਨੇੜੇ ਨਹੀਂ ਸੀ ਆਉਣ ਦਿੰਦੇ । ਉਹ ਸੇਵਾ ਕਰਦਾ ਕਰਦਾ ਹੀ ਸੇਵਾ ਦੀ ਬਲੀ ਚੜ੍ਹ ਗਿਆ । ੫ ਮਈ ਦੀ ਕਹਿਰ ਭਰੀ ਰਾਤ ਨੇ ਸ. ਦੀਵਾਨ ਸਿੰਘ ਦੇ ਪਰਿਵਾਰ ਨੂੰ ਅੱਗ ਦੇ ਭੱਠ ਵਿਚ ਝੋਕ ਦਿਤਾ । ਉਹ ਰਾਤ ਨੂੰ ੧੦ ਵਜੇ ਕਲਾਨੌਰ ਤੋਂ ਆ ਰਹੇ ਸਨ ਤਾਂ ਟਰੈਕਟਰ ਦੀ ਜੀਪ ਨਾਲ ਟੱਕਰ ਹੋ ਗਈ । ਹਰਪਾਲ ਸਿੰਘ ਤੇ ਉਸਦਾ ਚੌਕੀਦਾਰ ਮੌਕੇ ਉਤੇ ਹੀ ਸਦਾ ਲਈ ਮੌਤ ਦੀ ਗੋਦ ਵਿਚ ਸੌਂ ਗਏ । ਹਰਪਾਲ ਸਦਾ ਲਈ ਖਾਮੋਸ਼ਾਂ ਦੇ ਸ਼ਹਿਰ ਜਾ ਵਸਿਆ । ਇਕ ਉਸਾਰੂ ਸੋਚ ਰਖਣ ਵਾਲਾ ਇਲਾਕੇ ਨੂੰ ਬੜੀ ਵੱਡੀ ਘਾਟ ਪਾ ਗਿਆ ।

੧੪ ਮਈ ਨੂੰ ਭੋਗ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਲਈ ਸੱਜਣਾਂ ਮਿੱਤਰਾਂ ਦਾ ਬਹੁਤ ਭਾਰੀ ਇਕੱਠ ਹੋਇਆ । ਲੋਕਾਂ ਦੀਆਂ ਅੱਖਾਂ ਵਿਚ ਹੰਝੂ, ਦਿਲ ਵਿਚ ਚੀਸਾਂ ਤੇ ਮੂੰਹ ਵਿਚ ਹਟਕੋਰਿਆਂ ਦੀ ਲਾਈਨ ਲੱਗੀ ਪਈ ਸੀ । ਆਪ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪੰਡਤ ਗੋਪਾਲ ਸਿੰਘ ਜੀ, ਜਥੇਦਾਰ ਅਜੈਬ ਸਿੰਘ ਜੀ, ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਖਾਸ ਸੱਦੇ ਉਤੇ ਪਹੁੰਚੇ ਹੋਏ ਸਨ । ਇਸ ਤੋਂ ਇਲਾਵਾ ਮਾਸਟਰ ਗੁਰਮੀਤ ਸਿੰਘ ਸਮਨ, ਸ. ਜਗੀਰ ਸਿੰਘ ਬਲਾਕ ਸਮਨ, ਸ. ਤ੍ਰਿਪਤਜਿੰਦਰ ਸਿੰਘ ਬਾਜਵਾ ਐਕਸ ਮਨਿਸਟਰ, ਸੂਬਾ ਕਰਤਾਰ ਸਿੰਘ ਹੋਠੀਆਂ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਤੀਰਥ ਸਿੰਘ ਮੁਕੇਰੀਆਂ, ਸੰਤ ਨਿਸ਼ਾਨ ਸਿੰਘ, ਵੈਦ ਸਿੰਘ ਅਤੇ ਕਈ ਹੋਰ ਪਤਵੰਤੇ ਸੱਜਣਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ ।

—ਅਜੀਤ ਸਿੰਘ ਚੀਮਾ ਪ੍ਰਿੰਸੀਪਲ



Sri Satguru Jagjit Singh Ji eLibrary NamdhariElibrary@gmail.com

## ਈਦ ਮਿਲਣ ਦੇ ਮੌਕੇ 'ਤੇ ਪੁਸਤਕ-ਪਾਠਕ ਮਿਲਣੀ ਦਾ ਆਯੋਜਿਨ

ਸੀਮਤ ਸਿਰਜਕਾਂ ਦੀ ਸੰਸਥਾ "ਬਾਰਾਂ-ਦਰੀ" ਵਲੋਂ ਈਦ ਮਿਲਣ ਦੇ ਉਪਲਕਸ਼ ਵਿਚ ਇਕ ਵਿਸ਼ੇਸ਼ ਮਿੰਨੀ ਸਮਾਗਮ ਚਿਤਰਕਾਰ ਸ਼ਾਇਰ ਕੰਵਰ ਇਮਤਿਆਜ਼ ਦੇ ਗ੍ਰਹਿ ਸਿੱਧਵਾਂ ਦੋਨਾ (ਕਪੂਰਥਲਾ) ਵਿਖੇ ਰਚਾਇਆ ਗਿਆ ਜਿਹੜਾ ਈਦ ਮਿਲਣ ਦੇ ਮੌਕੇ ਉੱਤੇ ਇਕ ਵੱਖਰੀ ਕਿਸਮ ਦੇ ਸਾਹਿਤਕ ਅਰਥ ਪ੍ਰਦਾਨ ਕਰਦਾ ਸਾਬਤ ਹੋਇਆ। ਇਸ ਤੋਂ ਪਹਿਲਾਂ ਵੀ 'ਬਾਰਾਂ-ਦਰੀ' ਵਲੋਂ ਨਵੇਂ ਸਾਲ ਦੇ ਅੰਗੜਾਈ ਲੈਣ ਸਮੇਂ ਖੁਸ਼ਆਮਦੀਦ ਆਖਦਿਆਂ ਹਰ ਨਸ਼ਿੱਸਤ ਵਿਚ ਹਰ ਮੈਂਬਰ ਨੂੰ ਨਵੀਂ ਪਸਤਕ ਦੇ ਅਧਿਐਨ ਲਈ ਆਖਿਆ ਗਿਆ ਸੀ ਤੇ ਏਸੇ ਭੂਮਿਕਾ ਨੂੰ ਨਿਭਾਉਂਦਿਆਂ ਇਸ ਮੀਟਿੰਗ ਵਿਚ ਕੰਵਰ ਇਮਤਿਆਜ਼ ਨੇ ਇਲਿਆਸ ਘੁੰਮਣ ਦੁਆਰਾ ਸੰਪਾਦਿਤ ਵਰ੍ਹੇਵਾਰ ਸੰਸਾਰ ਸਾਹਿਤ ੧੯੯੭ ਦੇ ਸ਼ੁਮਾਰੇ ਬਾਰੇ ਵਿਸਥਾਰ ਵਿਚ ਗੱਲ ਕਰਦਿਆਂ ਇਸ ਵੱਡ-ਅਕਾਰੀ ਪੱਤ੍ਰਿਕਾ ਵਿਚ ਸ਼ਾਮਲ ਰਚਨਾਵਾਂ ਨੂੰ ਦੁਨੀਆਂ ਦੇ ਵੱਖ-ਵੱਖ ਖਿਤਿਆਂ ਵਿਚ ਵਸਦੇ ਪੰਜਾਬੀਆਂ ਦੀਆਂ ਸਾਂਝੀਆਂ ਭਾਵਨਾਵਾਂ ਦਾ ਕੇਂਦਰ ਆਖਿਆਂ। ਉਹਨਾਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ (ਸੰਪਾਦਕ ਅਸ਼ਰਫ ਸੁਹੇਲ) ਬਾਰੇ ਵੀ ਗੱਲ ਕੀਤੀ। ਇਕੱਤਰਤਾ ਵਿਚ ਇਲਿਆਸ ਅਤੇ ਅਸ਼ਰਫ ਸੁਹੇਲ ਨੂੰ ਸਾਂਝਾਂ ਸਿਰਜਣ ਲਈ ਮੁਬਾਰਕਬਾਦ ਆਖੀ ਗਈ। ਕੰਵਰ ਨੇ ਸੁਰਜੀਤ ਪਾਤਰ ਦੁਆਰਾ ਸੰਪਾਦਿਤ 'ਸਦੀ ਦੀਆਂ ਤ੍ਰਿਕਾਲਾਂ', ਸ੍ਰੀਮਤੀ ਊਸ਼ਾ ਆਰ. ਸ਼ਰਮਾ ਦੀ ਹਿੰਦੀ ਕਾਵਿ ਪੁਸਤਕ "ਏਕ ਵਰਗ ਆਕਾਸ਼" ਅਤੇ "ਹੋਮਿਓ ਔਖਦ" ਪੱਤਿਰਕਾ ਉਪਰ ਵੀ ਸੰਖੇਪ ਟਿੱਪਣੀਆਂ ਕੀਤੀਆਂ।

ਏਸ ਮੌਕੇ ਸ੍ਰੀ ਰੌਸ਼ਨ ਨੇ ਸ੍ਰੀ ਤੇਲੂ ਰਾਮ ਕੁਹਾੜਾ ਦੁਆਰਾ ਲਿਖੇ ਨਾਵਲ 'ਸ਼ਹਿਰ ਤੇ ਸਮੁੰਦਰ', ਸ੍ਰੀ ਭਜਨ ਸਿੰਘ ਵਿਰਕ ਨੇ ਡਾ: ਜਸਬੀਰ ਦੁਸਾਂਝ ਦੁਆਰਾ ਲਿਖੀ 'ਏਤੀ ਮਾਰ ਪਈ' (ਕਹਾਣੀਆਂ), ਗੁਰਜੀਤ ਸਾਜਨ ਨੇ ਡਾ: ਗੁਰਬਖ਼ਸ ਭੰਡਾਲ ਦਾ ਸਫ਼ਰਨਾਮਾ "ਸੁਪਨਿਆਂ ਦੀ ਜੂਹ, ਕਨੇਡਾ" ਅਤੇ ਅੰਮ੍ਰਿਤਾ ਪ੍ਰੀਤਮ ਦੀ ਪੁਸਤਕ 'ਤ੍ਰਿਕ ਭਵਨਾਂ ਦੀ ਗਾਥਾ', ਸੰਤੋਖ ਸਿੰਘ ਧੀਰ ਦੀ ਪੁਸਤਕ 'ਨਵਾਂ ਜਨਮ' ਉੱਤੇ ਸਤਵੰਤ ਸਿੰਘ, ਸਵਰਨ ਚੰਦਨ ਦੇ ਨਾਵਲ 'ਕੰਜਕਾਂ' ਉੱਤੇ ਪ੍ਰੋ. ਕੇਵਲ ਸਿੰਘ ਪਰਵਾਨਾ ਨੇ, ਡਾ. ਜਗੀਰ ਸਿੰਘ ਨੂਰ ਰਚਿਤ "ਪੰਜਾਬੀ ਸੱਭਿਆਚਾਰਕ ਵਿਰਸਾ ਉੱਤੇ ਡਾ. ਹਰਭਜਨ ਸਿੰਘ ਕਪੂਰਥਲਾ ਨੇ, ਮੈਕਸਿਮ ਗੋਰਕੀ ਦੀਆਂ ਚੋਣਵੀਆਂ ਕਹਾਣੀਆਂ 'ਤੇ ਰੂਪ ਦਬੁਰਜੀ ਨੇ ਉਸਾਰੂ ਵਿਸ਼ਲੇਸ਼ਨਾਤਮਿਕ ਵਿਚਾਰ ਵਿਅਕਤ ਕੀਤੇ।

ਇਸ ਮੀਟਿੰਗ ਵਿਚ ਬੀਬਾ ਜਸਲੀਨ ਕੌਰ ਅਤੇ ਗੁਰਚਰਨ ਸਿੰਘ ਨੇ ਮਾਨਸ ਮਾਨਸਿਕ-ਮੰਡਲ 'ਤੇ ਅਧਾਰਤ ਇਤਿਹਾਸਕ ਅਤੇ ਮਿਥਿਹਾਸਕ ਵਿਚਾਰ ਲੜੀ ਛੋਤੀ ਜਿਸ ਨੂੰ ਮਾਨਵ-ਮਨ ਦੀ ਸੂਖਮ ਸੰਵੇਦਨਾ ਆਖਿਆ ਗਿਆ।

ਈਦ ਮੁਬਾਰਕ ਦੇ ਇਸ ਸਾਹਿਤਕ ਮੌਕੇ ਉੱਤੇ ਇਮਤਿਆਜ਼ ਦੇ ਭੱਟੀ ਪਰਿਵਾਰ ਵਲੋਂ ਆਏ ਮਹਿਮਾਨਾਂ ਦੇ ਤੋਹਫ਼ੇ ਕਬੂਲਦਿਆਂ ਹਰ ਇਕ ਮਿੱਤਰ ਨੂੰ ਪੁਸਤਕਾਂ ਦਾ ਤਬੁਰਕ ਵੰਡਿਆ ਗਿਆ। ਏਸ ਮੌਕੇ ਉੱਤੇ ਸ. ਜਗਦੀਸ਼ ਸਿੰਘ 'ਵਿਰਆਮ' ਦੇ ਪਿਤਾ ਸ. ਨੱਥਾ ਸਿੰਘ, ਪਿਆਰਾ ਸਿੰਘ ਸਹਿਰਾਈ, ਸ਼ਾਇਰ ਗੁਰਨਾਮ ਢਿਲੋਂ ਦੇ ਭਰਾ ਸ੍ਰੀ ਗੁਰਬਖ਼ਸ਼ ਢਿਲੋਂ ਅਤੇ ਡਾ. ਜਸਵੰਤ ਗਿੱਲ ਨੂੰ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ ਗਈ। ਕੰਵਰ ਦੇ ਬਰਖ਼ੁਰਦਾਰ ਸ਼ਹਿਬਾਜ਼ ਖ਼ਾਨ ਭੱਟੀ ਨੇ ਇਸ ਸਾਰੀ ਕਾਰਵਾਈ ਨੂੰ ਇਕ ਯਾਦਗਾਰ ਵਜੋਂ ਕੈਮਰੇ ਵਿਚ ਸਾਂਭਿਆ।

ਰਿਪੋਰਟ- **ਕੰਵਰ ਇਮਤਿਆਜ਼**

## ਲੋਕ ਲਿਖਾਰੀ ਸਭਾ (ਰਜਿ) ਜਲੰਧਰ ਦੀ ਮਾਸਿਕ ਇਕੱਤਰਤਾ

ਪਿਛਲੇ ਦਿਨੀਂ ਲੋਕ ਲਿਖਾਰੀ ਸਭਾ ਦੀ ਮਾਸਿਕ ਇਕੱਤਰਤਾ ਸਰਵ ਸ੍ਰੀ ਹਰਬੰਸ ਰਾਹੀ ਅਤੇ ਸ. ਸੁਰਜੀਤ ਸਿੰਘ ਅਮਰ ਦੀ ਪ੍ਰਧਾਨਗੀ ਹੇਠ ਸਥਾਨਕ ਜਲੰਧਰ ਮਾਡਲ ਸਕੂਲ ਟਾਂਡਾ ਰੋਡ ਜਲੰਧਰ ਵਿਖੇ ਹੋਈ। ਸਭਾ ਦੀ ਇਹ ਮੀਟਿੰਗ ਸਭਾ ਦੇ ਉਪ ਪ੍ਰਧਾਨ ਚਰਨ ਸੀਚੇਵਾਲਵੀ ਦੇ ਛੋਟੇ ਭਾਈ ਸਵ. ਰਣਜੀਤ ਸਿੰਘ ਖਾਲਸਾ ਅਤੇ ਉੱਘੇ ਲਿਖਾਰੀ ਜਗਦੀਸ਼ ਸਿੰਘ ਵਰਿਆਮ (ਸੰਪਾਦਕ ਵਰਿਆਮ) ਦੇ ਪੂਜਨੀਕ ਸਵ. ਪਿਤਾ ਸ. ਨੱਥਾਂ ਸਿੰਘ ਨੂੰ ਸਮਰਪਿਤ ਕੀਤੀ ਗਈ। ਦੋ ਮਿੰਟ ਦਾ ਮੋਨ ਰੱਖ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਭਾ ਦੇ ਜਨ. ਸਕੱਤਰ ਸੁਜਾਨ ਸਿੰਘ ਸੁਜਾਨਾ ਨੇ ਵਿਛੜੀਆਂ ਰੂਹਾਂ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਬਾਅਦ ਵਿਚ ਹੋਏ ਕਵੀ ਦਰਬਾਰ ਵਿਚ ਸ, ਕ੍ਰਿਸ਼ਨ ਸਿੰਘ 'ਫੁੱਲ', ਆਸੀ ਈਸਪੁਰੀ, ਅਸ਼ੋਕ ਅਜਨਬੀ, ਨਰਿੰਦਰ ਨਵਰਾਹੀ, ਸੁਰਜੀਤ ਸਿੰਘ ਅਮਰ, ਹਰਬੰਸ ਰਾਹੀ, ਸੁਜਾਨ ਸਿੰਘ 'ਸੁਜਾਨ' ਪ੍ਰੀਤਮ ਪ੍ਰਵਾਜ, ਅਮਰੀਕ ਸਿੰਘ ਸਾਂਦਲ, ਮੈਡਮ ਜਸਵੀਰ ਵਾਲੀਆ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਹਾਜਰੀ ਲੁਆਈ।

(ਸੁਜਾਨ ਸਿੰਘ 'ਸੁਜਾਨ')



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

'ਵਰਿਆਮ' ਵਿਚ ਪਿਛਲੇ ਸਾਲਾਂ ਵਿਚ ਕਾਫੀ ਨਿਖਾਰ ਆਇਆ ਹੈ। ਸੰਪਾਦਕ ਹੁਰਾਂ ਜ਼ਿੰਦਗੀ ਦੇ ਵਖ ਵਖ ਖੇਤਰਾਂ ਦੀਆਂ ਸ਼ਖਸੀਅਤਾਂ ਨੂੰ ਬਾਖੂਬੀ ਪਰਚੇ ਨਾਲ ਜੋੜ ਲਿਆ ਹੈ। ਅਪ੍ਰੈਲ ੧੯੯੮ ਦਾ ਅੰਕ ਕਈ ਪੱਖਾਂ ਤੋਂ ਵਾਚਣਯੋਗ ਹੈ। ਗੁਰਬਚਨ ਸਿੰਘ ਨਾਮਧਾਰੀ ਹੁਰਾਂ ਦਾ ਮਜ਼ਮੂਨ 'ਸਮਾਜ ਅਤੇ ਸ਼ਾਸਤ੍ਰ' ਸਮਾਜਿਕ ਵਿਕਾਸ ਦੀ ਪ੍ਰਕ੍ਰਿਆ ਤੇ ਚਾਨਣਾ ਪਾਉਂਦਾ ਹੈ। 'ਦੇਸ਼ ਭਗਤ ਸੁਖਦੇਵ ਰਾਜ' ਬਾਰੇ ਪਿਆਰਾ ਸਿੰਘ ਦਾਤਾ ਦੀ ਲਿਖਤ ਪੜ੍ਹਕੇ ਉਨ੍ਹਾਂ ਲੱਖਾਂ ਦੇਸ਼ ਭਗਤਾਂ ਦੀ ਯਾਦ ਤਾਜ਼ਾ ਹੁੰਦੀ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕੀਮਤੀ ਸਰਮਾਇਆ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿਤਾ। ਦੇਸ਼ ਨੂੰ ਆਜ਼ਾਦ ਹੁੰਦਿਆਂ ਵੇਖਿਆ, ਪਰ ਆਜ਼ਾਦ ਦੇਸ਼ ਵਿਚ ਵੀ ਬੇਕਦਰੀ ਦਾ ਆਲਮ ਹੰਢਾਇਆ।

ਸੁਵਰਨ ਸਿੰਘ ਵਿਰਕ ਨੇ 'ਪੈਂਤੀ ਅੱਖਰੀ' ਲਿਖਕੇ ਜਿਥੇ ਆਪਣੇ ਪੁਰਖਿਆਂ ਪ੍ਰਤੀ ਸਤਿਕਾਰ ਭਾਵਨਾ ਦਿਖਾਈ ਹੈ ਉਥੇ ਨਾਲ ਹੀ 'ਸੀਹਰਫ਼ੀ' ਦਾ ਪੰਜਾਬੀ ਬਦਲ ਪੇਸ਼ ਕੀਤਾ ਹੈ। ਇਹ ਪੈਂਤੀ ਅੱਖਰੀ ਜਿਥੇ ਕਾਦਰਯਾਰ ਦੀ ਸੀਹਰਫ਼ੀ ਦੀ ਯਾਦ ਦਿਵਾਉਂਦੀ ਹੈ, ਉਥੇ ਬੈਂਤ ਦੀ ਪ੍ਰੰਪਰਾ ਵਿਚ ਪ੍ਰੋ. ਮੋਹਨ ਸਿੰਘ, ਵਿਧਾਤਾ ਸਿੰਘ ਤੀਰ ਜਿਹੇ ਕਵੀਆਂ ਦੀ ਯਾਦ ਤਾਜ਼ਾ ਕੀਤੀ ਹੈ ਅਤੇ ਬੈਂਤ ਦੀ ਮਹੱਤਵ-ਪੂਰਨ ਪ੍ਰੰਪਰਾ ਦੀ ਅਹਿਮੀਅਤ ਦਾ ਅਹਿਸਾਸ ਵੀ ਕਰਵਾਇਆ ਹੈ। ਮੁਢ ਵਿਚ ਦਿਤੀ ਭੂਮਿਕਾ ਪੜ੍ਹਕੇ ਜਿਥੇ ਨਨਕਾਣਾ ਸਾਹਿਬ ਦੇ ਸਾਕੇ ਦੇ ਹੀਰੋ ਸ. ਕਰਤਾਰ ਸਿੰਘ ਝੱਬਰ ਅਤੇ ਆਪਣੇ ਭਾਈ ਦੇ ਥਾਂ ਫਾਹੇ ਲੱਗਣ ਵਾਲੇ ਵਿਰਕ ਦੇ ਪੁਰਖੇ ਅੱਗੇ ਸਿਰ ਝੁਕਿਆ ਹੈ, ਉਥੇ ਆਪਣੇ ਪਿਤਾ ਸ. ਦਲੀਪ ਸਿੰਘ ਦਾ ਸਤਿਕਾਰ ਵੀ ਵਧਿਆ ਹੈ, ਜਿਸ ਨੇ ਆਪਣੇ ਫੌਜੀ ਭਰਾ ਕੋਲੋਂ ਫੜੇ ਗਏ ਅੰਗਰੇਜ਼ੀ ਰਾਜ ਵਲੇ ਦੇ ਵਧੀਆ ਕਿਸਮ ਦੇ ਪਸਤੌਲ ਨੂੰ ਆਪਣਾ ਮੰਨ ਕੇ ਭਰਾ ਦੀ ਨੌਕਰੀ ਟੁਟਣੋਂ ਬਚਾਉਣ ਲਈ ਖਸ਼ੀ ਨਾਲ ਕੈਦ ਕੱਟਣੀ ਪ੍ਰਵਾਨ ਕਰ ਲਈ ਸੀ।

ਵਰਿਆਮ ਸਿੰਘ ਸੰਧੂ ਦਾ 'ਪਰਦੇਸੀ ਪੰਜਾਬ' ਮੈਂ ਸ਼ੁਰੂ ਤੋਂ ਹੀ ਬੜੀ ਦਿਲਚਸਪੀ ਨਾਲ ਪੜ੍ਹ ਰਿਹਾ ਹਾਂ। ਮੈਂ ਉਸ ਦੀਆਂ ਕਹਾਣੀਆਂ ਦੇ ਪਾਠਕਾਂ ਅਤੇ ਪ੍ਰਸੰਸਕਾਂ ਵਿਚੋਂ ਇਕ ਹੋਣ ਦਾ ਦਾਅਵਾ ਕਰ ਸਕਦਾ ਹਾਂ। ਉਸ ਦੀ ਵਾਰਤਕ ਦਾ ਵੀ ਮੈਂ ਮੁਦੱਈ ਹਾਂ, ਜਿਸ ਦਾ ਸਬੂਤ ਕਰਤਾਰ ਭਲਵਾਨ ਦੀ ਲਿਖੀ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ' ਹੈ। 'ਪਰਦੇਸੀ ਪੰਜਾਬ' ਪੜ੍ਹ ਕੇ ਲਾਲ ਸਿੰਘ ਕਮਲਾ ਅਕਾਲੀ, ਬਲਰਾਜ ਸਾਹਨੀ, ਐਸ. ਐਸ. ਅਮੋਲ, ਹਰਦੇਵ ਸਿੰਘ ਵਿਰਕ ਅਤੇ ਪ੍ਰੋ. ਸਰਵਣ ਸਿੰਘ ਦੀ ਸਫ਼ਰਨਾਮਾ ਪਰੰਪਰਾ ਅੱਗੇ ਤੁਰਦੀ ਪ੍ਰਤੀਤ ਹੁੰਦੀ ਹੈ। ਉਸ ਦੀ ਵਾਰਤਕ ਵਿਚ ਉਸ ਅਦਰਲੇ ਕਹਾਣੀਕਾਰ ਦਾ ਦਖਲ ਬਰਾਬਰ ਰਹਿੰਦਾ ਹੈ ਜੋ ਨਿਸਚੇ ਹੀ ਵਧੇਰੇ ਉਤਸੁਕਤਾ ਅਤੇ ਦਿਲਚਸਪੀ ਪੈਦਾ ਕਰਦਾ ਹੈ। ਵਰਤਮਾਨ ਕਾਂਡ ਵਿਚ 'ਦੇਸ਼ ਭਗਤ ਹਾਲ ਦੀ ਤਾਕਤ' ਉਸ ਸਿਰਲੇਖ ਹੇਠ ਵਰਣਨ ਕੀਤੀ ਗਈ ਘਟਨਾ ਨੇ ਤਾਂ ਪਾਠਕਾਂ ਨੂੰ ਝੰਜੋੜ ਕੇ ਰਖ ਦਿਤਾ ਹੈ। ਸੰਧੂ ਦਾ ਸਟੇਜ ਸੰਭਾਲਣ ਦਾ ਸਲੀਕਾ ਜੱਗ ਜਾਣਦਾ ਹੈ। ਇਥੇ ਵੀ ਉਸਨੇ ਇਹ ਸਲੀਕਾ ਬਾਖੂਬੀ ਕਾਇਮ ਰਖਿਆ ਹੈ, ਜਿਸਦਾ ਪ੍ਰਮਾਣ ਸੁਰਿੰਦਰ ਗਿੱਲ, ਸ਼ਾਇਰਾ ਸਰਵਤ ਮੁਹੱਈਉਦੀਨ, ਹਰਭਜਨ ਹੁੰਦਲ ਅਤੇ ਅਮਰ ਜਿਓਤੀ ਨੂੰ ਪੇਸ਼ ਕਰਨ ਤੋਂ ਮਿਲਦਾ ਹੈ। ਮਦਮਗਜ਼ੀ ਦਾ ਦੌਰ ਸ਼ੁਰੂ ਹੁੰਦਾ ਹੈ। ਉਨ੍ਹਾਬੀ ਪੱਗ ਵਾਲੇ ਦੇ 'ਸਲੀਕੇ' ਤੋਂ, ਜੋ ਇਕ ਹੋਰ ਬੰਦੇ ਨੂੰ ਸੰਧੂ ਦੇ ਗਲ ਪੁਆ ਦਿੰਦਾ ਹੈ। ਸੰਧੂ ਨੂੰ ਇਸ ਵਿਹਾਰ ਤੋਂ ਕਿੰਨਾ ਕਸ਼ਟ ਪਹੁੰਚਾ ਹੋਵੇਗਾ। ਪਰ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਧਨ ਦੀ ਹੈਂਕੜ ਨਾਲ ਕਿਵੇਂ ਬੌਣ-ਕੱਦ ਵਾਲੇ ਇਹ ਲੋਕ (ਸਰੀਰਕ ਤੌਰ ਭਾਵੇਂ ਸਾਢੇ ਛੇ ਫੁਟੇ ਹੀ ਹੋਣ) ਉਚੇ ਸਾਹਿਤਕ ਕੱਦ ਵਾਲੇ ਲੋਕਾਂ ਨੂੰ ਕੀ ਸਮਝਦੇ ਹਨ। ਇਹ ਲੋਕ ਸਾਹਿਤ ਅਤੇ ਸਾਹਿਤਕ ਸਮਾਗਮਾਂ ਦੇ ਪ੍ਰਬੰਧਕਾਂ ਦੀ ਮਹਿਮਾ ਕਿੰਨੀ ਕੁ ਵਧਾਉਂਦੇ ਹਨ, ਇਹ ਵਿਚਾਰਨ ਵਾਲੀ ਗੱਲ ਹੈ—ਲੇਖਕਾਂ ਲਈ, ਪ੍ਰਬੰਧਕਾਂ ਲਈ ਵੀ ਅਤੇ ਪਾਠਕਾਂ ਲਈ ਵੀ। ਸੰਧੂ ਨੇ ਇਹ ਵੀ ਸਾਬਤ ਕੀਤਾ ਹੈ ਕਿ ਆਪਣੇ ਕਿੱਲੇ ਤੇ ਜੋ ਬੰਦੇ ਦਾ ਮੁੱਲ ਹੁੰਦਾ ਹੈ, ਉਹ ਬੇਗਾਨੇ ਮਹਿਲੀਂ ਨਹੀਂ ਹੋ ਸਕਦਾ। ਜਦੋਂ ਉਹ ਲਿਖਦਾ ਹੈ "ਕਿਤੇ ਵਾਕਿਆ ਹੀ ਇਹ ਬੰਦਾ ਦੇਸ਼ ਭਗਤ ਯਾਦਗਾਰ ਹਾਲ ਦੇ ਸਮਾਗਮ ਵਿਚ ਹੁੰਦਾ . ਫਿਰ ਮੈਨੂੰ ਭਲਾ ਕੁਝ ਆਖ ਕੇ ਵਿਖਾਉਂਦਾ।" ਦੇਸ਼ ਭਗਤ ਹਾਲ ਦੀ ਅਤੇ ਇਸ ਨਾਲ ਜੁੜੇ ਸਮਾਗਮਾਂ ਦੇ ਸੁਭਾਅ ਦਾ ਪਤਾ ਤਾਂ ਲੱਗਦਾ ਹੀ ਹੈ, ਨਾਲ ਦਰਵੇਸ਼ ਗਾਇਕ ਲਾਲ ਚੰਦ ਯਮਲਾ ਜੱਟ ਦੀ ਯਾਦ ਆਉਂਦੀ ਹੈ—

"ਦੂਣਾ ਮੁੱਲ ਪੈਂਦੇ ਬੈਠੇ ਆਪਣੀਂ ਮਕਾਨੀਂ"

—ਜਗੀਰ ਕਾਹਲੋਂ
ਗੌ: ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ



Sri Satguru Jagjit Singh Ji eLibrary NamdhariElibrary@gmail.com

ਫ਼ਰਵਰੀ ੧੯੯੮ ਦੀ ਸੰਪਾਦਕੀ ਵਿਚੋਂ ਤੁਹਾਡੇ ਬਜ਼ੁਰਗਾਂ ਦੇ ਅਕਾਲ-ਚਲਾਣੇ ਬਾਰੇ ਪੜ੍ਹ ਕੇ ਮਨ ਦੁਖੀ ਹੋਇਆ। ਜੰਮਣ ਵਾਲੇ ਕਿਸੇ ਵੀ ਉਮਰ ਵਿਚ ਸਾਥ ਛੱਡਣ, ਅੰਦਰੋਂ ਬੜਾ ਕੁਝ ਭੁਰਦਾ ਹੈ। ਪ੍ਰਮਾਤਮਾ ਉਹਨਾਂ ਨੂੰ ਨੇੜਤਾ ਅਤੇ ਤੁਹਾਨੂੰ ਤਾਕਤ ਦੇਵੇ।

ਸਤਨਾਮ ਚਾਨਾ ਦੇ ਲੇਖ ਲਈ ਤੁਹਾਨੂੰ ਸਭ ਨੂੰ ਵਧਾਈ ਮੈਂ ਇਸ ਤੱਥ ਬਾਰੇ ਵਿਸਤਾਰ ਸਹਿਤ ਪੜ੍ਹਨਾ ਚਾਹੁੰਦਾ ਹਾਂ, ਕਿਥੇ ਕਿਥੇ ਉਪਲਬਧ ਹੈ ? ਲਿਖ ਸਕੋ ਤਾਂ ਧੰਨਵਾਦ।

ਵਰਿਆਮ ਸੰਧੂ ਜਿਸ ਪੁਖ਼ਤਗੀ ਨਾਲ ਆਪਣੇ ਸਫ਼ਰਨਾਮੇ ਨੂੰ ਤੋਰ ਰਿਹਾ ਹੈ। ਉਸ ਤੋਂ ਇਸ ਸਿਨਫ਼ ਦੀ ਤਾਕਤ ਦੇ ਪੁਨਰ-ਉਦੈ ਹੋਣ ਦੀ ਆਸ ਬੱਝਦੀ ਹੈ.. ਨਹੀ ਤਾਂ ਸਾਡੇ ਲੇਖਕ ਪਰਦੇਸਾਂ ਵਿਚ ਜਾ ਕੇ ਵੀ ਆਪਣੀ 'ਮੈਂ' ਦੀ ਗੱਲ ਹੀ ਕਰਦੇ ਹਨ। ਮੈਨੂੰ ਉਮੀਦ ਹੈ ਕਿ ਵਰਿਆਮ ਸੰਧੂ ਅਗਲੀਆਂ ਕਿਸ਼ਤਾਂ ਵਿਚ ਅਮਰੀਕੀ ਧਰਤੀ ਤੇ ਲੋਕਾਂ ਨਾਲ ਵੀ ਸਾਡੀ ਸਾਂਝ, ਆਪਣੀ ਦ੍ਰਿਸ਼ਟੀ ਤੋਂ ਪੁਆਏਗਾ।

ਚੰਡੀਗੜ੍ਹ ਦੀ ਕਾਨਫਰੰਸ ਸਮੇਂ ਤੁਹਾਡੇ ਭਾਈਚਾਰੇ ਨੇ ਮੇਰਾ ਮਨ ਜਿੱਤਿਆ, ਕਾਸ਼ ! ਅਸੀਂ ਸਾਰੇ ਇੱਦਾਂ ਦੇ ਬਣ ਸਕਦੇ।

—**ਆਤਮਜੀਤ**

ਮੁਹਾਲੀ—੧੬੦੦੫੯

—o—

## ਦੇਸ਼ ਭਗਤ ਹਾਲ ਦੀ ਤਾਕਤ

ਵਰਿਆਮ ਸਿੰਘ ਸੰਧੂ ਦੀ ਵਾਰਤਕ ਸ਼ੈਲੀ ਨੇ ਤਾਂ ਮਨ ਮੋਹ ਲਿਆ, ਪਰੰਤੂ ਅੰਤ 'ਚ ਸ੍ਰੀ ਦਰਸ਼ਨ ਸਿੰਘ ਧਾਲੀਵਾਲ ਦੇ ਵਿਸ਼ੇਸ਼ ਖੈਰ-ਅੰਦੇਸ਼ਾਂ ਵਲੋਂ ਜੋ ਸਲੂਕ ਸਾਡੇ ਮੋਹਵੰਤੇ ਲੇਖਕ ਨਾਲ ਕੀਤਾ ਗਿਆ, ਇਸ ਗੈਰ-ਮਨੁਖੀ ਤੇ ਅਸੱਭਿਆ ਵਿਹਾਰ ਨੇ ਮਨ ਉਦਾਸ ਕਰ ਦਿਤਾ। ਮਿਲਵਾਕੀ ਕਾਨਫਰੰਸ ਦੀ ਦੁਰਵਰਤੋਂ ਕਿਵੇਂ ਗੈਰ-ਕਾਨੂੰਨੀ ਤੌਰ ਤੇ ਉਥੇ ਬੰਦੇ ਢੋਣ ਲਈ ਕੀਤੀ ਗਈ। ਇਸ ਬਾਰੇ ਤਾਂ ਪਹਿਲਾਂ ਹੀ ਉੱਤਰੀ ਭਾਰਤ ਦੇ ਸਾਰੇ ਵਡੇ ਅਖਬਾਰਾਂ ਵਿਚ ਛਪ ਚੁਕਾ ਹੈ, ਪ੍ਰੰਤੂ ਸਾਡੇ ਮੰਨੇ-ਪ੍ਰਮੰਨੇ ਲੇਖਕਾਂ ਨਾਲ ਅਜਿਹਾ ਵਰਤਾਓ ਕਿਸੇ ਤਰ੍ਹਾਂ ਵੀ ਸਹਿਣ ਕਰਨਯੋਗ ਨਹੀਂ। ਅਜਿਹੀਆਂ ਘਟਨਾਵਾਂ ਸਾਨੂੰ ਪੁਨਰ ਵਿਚਾਰ ਲਈ ਪ੍ਰੇਰਦੀਆਂ ਹਨ ਤੇ ਇਹ ਸਪਸ਼ਟ ਕਰ ਦੇਣ ਲਈ ਗਵਾਹ ਹਨ ਕਿ ਜੇਕਰ 'ਧਾਲੀਵਾਲ ਪਰਿਵਾਰ' ਪੰਜਾਬੀ ਸਾਹਿਤ ਦੀ ਕੋਈ ਸੇਵਾ ਅੰਜਾਮ ਦੇ ਹੀ ਰਿਹਾ ਹੈ ਤਾਂ ਇਸ ਸੇਵਾ ਕਾਰਨ ਉਸ ਨੂੰ ਸਾਰੀ ਦੁਨੀਆ ਵਿਚ ਪ੍ਰਵਾਨਤਾ ਅਤੇ ਮਸ਼ਹੂਰੀ ਵੀ ਮਿਲੀ ਹੈ। ਨਹੀਂ ਤਾਂ ਉਂ ਹੋਰ ਵੀ ਬਥੇਰੇ ਲੋਕ ਹਨ, ਜਿਨ੍ਹਾਂ ਕੋਲ ਪੈਸੇ ਹਨ ! ਪਿਆ ਹੋਵੇ ਕਿਸੇ ਨੂੰ ਕੀ। ਹੋਰ ਵੀ ਕਿ ਸਾਨੂੰ ਜਿਹੜੇ ਆਪਣੀ ਮਿਹਨਤ ਨਾਲ ਪੰਜਾਬੀ ਸਾਹਿਤ/ਸਭਿਆਚਾਰ ਦੀ ਪ੍ਰਫੁਲਤਾ ਲਈ ਕੁਝ ਫੌਰੀ ਯਤਨਾਂ 'ਚ ਲੱਗੇ ਹੋਏ ਹਨ ਉਹਨਾਂ ਨੂੰ ਅਮੀਰ ਕਹਾਉਣ ਵਾਲੇ ਲੋਕਾਂ ਹੱਥੋਂ ਸ਼ੋਸਿਤ ਹੋਣ ਤੋਂ ਬਚਣਾ ਚਾਹੀਦਾ ਹੈ। ਮੈਂ ਇਹ ਗੱਲ ਨਿਮਰਤਾ ਨਾਲ ਤੇ ਠੋਕ ਕੇ ਕਹਿ ਸਕਦਾ ਹਾਂ ਕਿ ਸ੍ਰੀ ਦਰਸ਼ਨ ਸਿੰਘ ਧਾਲੀਵਾਲ ਆਪਣੀ ਜਗ੍ਹਾ ਬੜਾ ਵੱਡਾ ਬੰਦਾ ਹੋ ਸਕਦਾ ਹੈ, ਪਰ ਉਹ ਕਦੇ ਅਤੇ ਕਿਵੇਂ ਵੀ ਵਰਿਆਮ ਸਿੰਘ ਸੰਧੂ ਨਹੀਂ ਬਣ ਸਕਦਾ। ਧਾਲੀਵਾਲ ਜੀ ਦੇ ਖੈਰ-ਅੰਦੇਸ਼ਾਂ ਨੂੰ ਇਸ ਗੱਲ ਦਾ ਅਹਿਸਾਸ ਹੋਣ ਚਾਹੀਦਾ ਹੈ ਕਿ ਉਨ੍ਹਾਂ ਨੂੰ ਅਚੇਤ ਹੀ ਉਨ੍ਹਾਂ ਦੀ ਚੰਗੀ ਸਾਖ ਨੂੰ ਦਾਰੂ ਦੀ ਲੋਰ 'ਚ ਕਿੱਡਾ ਵੱਡਾ ਧੱਕਾ ਪਹੁੰਚਾਇਆ ਹੈ। ਹਰੇਕ ਚੰਗੇ ਬੰਦੇ ਦੇ ਆਲੇ-ਦੁਆਲੇ ਇਕ ਅਜਿਹੀ ਜੁੰਡਲੀ ਘੇਰਾ ਘੱਤ ਲੈਂਦੀ ਹੈ, ਜਿਹੜੀ ਆਪਣਾ ਉੱਲੂ ਸਿੱਧਾ ਰੱਖਣ ਲਈ ਉਸ ਦੇ ਚੌਗਿਰਦੇ ਵਿਚ ਧੁੰਦ ਫੈਲਾਈ ਰੱਖਦੀ ਹੈ। ਜਦੋਂ ਤਕ ਉਸਨੂੰ ਸੱਚਾਈ ਦਾ ਗਿਆਨ ਹੋਣਾ ਹੁੰਦਾ ਹੈ, ਉਦੋਂ ਤਕ ਸਾਰਾ ਕੁਝ ਗੁੰਮ-ਗਵਾਚ ਗਿਆ ਹੁੰਦਾ ਹੈ। 'ਬੰਦਾ' ਸ਼ਬਦ ਅਖੇ ਧਾਲੀਵਾਲ ਨੂੰ ਕਿਉਂ ਕਿਹਾ ਗਿਆ !! ਉਨ੍ਹਾਂ ਭਲੇਮਾਣਸਾਂ ਨੂੰ ਇਹ ਨਹੀਂ ਪਤਾ ਕਿ ਪੰਜਾਬ ਦੇ ਇਤਿਹਾਸ ਵਿਚ ਬੰਦੇ ਦਾ ਸੰਕਲਪ ਕਿੰਨਾ ਮਹਾਨ, ਗੌਰਵ ਤੇ ਆਤਮ ਸਮਾਨ ਦਾ ਦਾ ਪ੍ਰਤੀਕ ਬਣਿਆ ਹੋਇਆ ਹੈ। ਮਾਧੋ ਦਾਸ ਵੈਰਾਗੀ ਦੀਆਂ ਤਾਂਤਰਿਕ ਚਾਲਾਂ ਦਾ ਅਸਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਤੇ ਕੋਈ ਨਾ ਹੋਇਆ ਤਾਂ ਉਹ ਉਠ ਕੇ ਉਨ੍ਹਾਂ ਦੇ ਪੈਰੀਂ ਆ ਡਿਗਾ। ਅਖੇ ਜੀ ਮੈਂ ਤੁਹਾਡਾ ਹੀ ਬੰਦਾ ਹਾਂ। ਪਿਛੋਂ ਉਹ ਆਪਣੇ ਅਦੁੱਤੀ ਕਾਰਨਾਮਿਆਂ ਕਾਰਨ ਬੰਦਾ ਸਿੰਘ ਬਹਾਦਰ ਨਾਂਅ ਨਾਲ ਪ੍ਰਸਿਧ ਹੋਇਆ ! ਇਸ ਪ੍ਰਸੰਗ ਨੂੰ ਸੰਧੂ ਸਾਹਿਬ ਤਾਂ ਸਾਡੇ ਨਾਲੋਂ ਵੀ ਬਿਹਤਰ ਜਾਣਦੇ ਸਨ, ਪਰ ਅਗਲਿਆਂ ਸਪਸ਼ਟੀਕਰਨ ਦੇਣ ਦਾ ਸਮਾਂ ਹੀ ਨਾ ਦਿਤਾ। ਕਹਿੰਦੇ ਅਸੀਂ ਤੇ ਜਿਊਂਦੇ ਬੰਦਿਆਂ ਨੂੰ ਭਸਮ ਕਰ ਦਿੰਦੇ ਹਾਂ। ਭਲੇਮਾਣਸੋ ! ਜੇ ਤੁਹਾਨੂੰ 'ਬੰਦੇ' ਸ਼ਬਦ ਬਾਰੇ



Sri Satguru Jagjit Singh Ji eLibrary NamdhariElibrary@gmail.com

ਅਤੇ ਇਸ ਸ਼ਬਦ ਨੂੰ ਧਾਲੀਵਾਲ ਵਾਸਤੇ ਵਰਤਣ ਵਾਲੇ ਬੰਦੇ ਬਾਰੇ ਗਿਆਨ ਹੁੰਦਾ ਤਾਂ ਸਥਿਤੀ ਹੋਰ ਹੁੰਦੀ। ਗੁਰਬਾਣੀ ਦੀ ਇਕ ਤੁਕ ਹੈ "ਮੂਰਖੈ ਨਾਲਿ ਨ ਲੁਝੀਐ" ਸਾਡੇ ਕੋਲ ਵਕਤ ਵੀ ਨਹੀਂ, ਪਰ ਹੁਣ ਜਿਹੜੇ ਲੋਕ ਅੱਗੇ ਤੋਂ 'ਵਿਸ਼ਵ ਪੰਜਾਬੀ ਕਾਨਫਰੰਸ' ਕਰਨ ਦੇ ਨਾਂ ਤੇ ਪੰਜਾਬੀ ਸਾਹਿਤਕਾਰਾਂ/ਸਾਹਿਤ ਅਤੇ ਸਭਿਆਚਾਰ ਦੀ ਦੁਰਵਰਤੋਂ ਕਰਨ ਦੀ ਕੋਸ਼ਿਸ਼ ਕਰਨਗੇ, ਅਜਿਹੇ ਅਨਸਰਾਂ ਨਾਲ ਸਾਨੂੰ ਪੂਰੀ ਲਾਮਬੰਦੀ ਨਾਲ ਇਕਸੁਰ ਹੋ ਕੇ ਨਜਿੱਠਣ ਲਈ ਮਾਨਸਿਕ ਤੌਰ ਤੇ ਤਿਆਰ-ਬਰਤਿਆਰ ਰਹਿਣਾ ਚਾਹੀਦਾ ਹੈ।

**—ਗੁਲਜ਼ਾਰ ਮੁਹੰਮਦ ਗੌਰੀਆ**
ਬੀ-੧੨, ਪਿੱਛੇ ਪਨਸਪ ਗਦਾਮ
ਸਮਰਾਲਾ (ਲੁਧਿਆਣਾ)

—o—

ਉਮੀਦ ਹੈ ਕਲਯੁਗ ਦੀ ਅੱਤ ਦੀ ਗਰਮੀ ਵਿਚ ਸਿਹਤਯਾਬ ਹੋਵੋਗੇ। ਤੁਸੀਂ ਮੇਰੇ ਨਾਲੋਂ ਛੋਟੀ ਉਮਰ 'ਚ ਹੋ, ਪਰ ਆਪਦੇ ਕਾਰਨਾਮੇ ਪੰਜਾਬੀ ਅਦਬ ਦੀ ਖ਼ਿਦਮਤ ਸਰ-ਅੰਜਾਮ ਦੇ ਰਹੇ ਹਨ ਉਹ ਕਿਸੇ ਤੋਂ ਅਛੋਪਲੇ ਨਹੀਂ। ਮੈਂ ੭੩ਵੇਂ ਸਾਲ ਵਿਚ ਵੀ ਪੂਰੀ ਤਰ੍ਹਾਂ ਰਿਸ਼ਟ-ਪੁਸ਼ਟ ਹਾਂ। ਪੌਸ਼ਟਿਕ ਆਹਾਰ ਅਤੇ ਰੋਜ਼ ਦਸ ਮੀਲ ਸੈਰ ਕਰਨ ਕਰਕੇ ਹੀ ਇਹ ਕ੍ਰਿਸ਼ਮਾ ਸਾਹਮਣੇ ਆਇਆ, ਰੋਜ਼ ੮-੧੦ ਘੰਟੇ ਸ਼ਾਗਿਰਦਾਂ ਲਈ ਮਖਸੂਸ ਕੀਤੇ ਹੋਏ ਹਨ। ਫੇਰ ਆਪਣਾ ਸਾਹਿਤਕ ਸਫਰ ਵੀ ਜਾਰੀ ਰਖ ਰਿਹਾ ਹਾਂ। ਪ੍ਰਮਾਤਮਾ ਕਰੇ, "ਧੰਨ ਕਮਾਈ ਉਹਨਾਂ ਦੀ ਦਰਬਾਰਾ ਸਿੰਘਾ, ਜਿਹੜੇ ਤੁਰ ਗਏ ਚਲਦੇ ਨੈਣ ਪ੍ਰਾਣਾਂ।" ਖੈਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਨਾਲ ਅਤੇ ਦੋਸਤਾਂ ਦੀਆਂ ਦੁਆਵਾਂ ਨਾਲ ਅਨੰਦ ਹੀ ਅਨੰਦ ਹੈ। ਵਰਿਆਮ ਹਰ ਮਹੀਨੇ ਮਿਲਦਾ ਹੈ। ਬੇਹਦ ਰੌਚਿਕ ਅਤੇ ਦਿਲਚਸਪ ਸਮੱਗਰੀ ਨਾਲ ਸਰਸ਼ਾਰ ਤਾਂ ਹੁੰਦਾ ਹੀ ਹੈ, ਪਾਠਕਾਂ ਨੂੰ ਆਪਣੇ ਵਿਰਸੇ ਤੋਂ ਵੀ ਬਖੂਬੀ ਜਾਣੂ ਕਰਵਾਉਂਦਾ ਹੈ। ਇਹ ਆਪ ਜੀ ਦੀ ਅਣਥੱਕ ਮਿਹਨਤ ਅਤੇ ਅਟਲ ਵਿਸ਼ਵਾਸ ਸਦਕਾ ਹੀ ਸੰਭਵ ਹੋ ਸਕਿਆ ਹੈ। ਵਧਾਈ ਕਬੂਲ ਕਰੋ। ਆਪ ਅਤੇ ਵਰਿਆਮ ਦੀ ਦਰਾਜ਼ ਉਮਰ ਲਈ ਦੁਆਗੋ।

**—ਦੀਪਕ ਜੈਤੋਈ**
ਸ਼ਰੋਮਣੀ ਪੰਜਾਬੀ ਕਵੀ
ਜੈਤੋ ਮੰਡੀ (ਫਰੀਦਕੋਟ)

—o—

'ਵਰਿਆਮ' ਦਾ ਅਪ੍ਰੈਲ ਅੰਕ ਬਹੁਤ ਚੰਗਾ ਲਗਿਆ। 'ਪੈਂਤੀ ਅੱਖਰੀ' ਸਵਰਨ ਸਿੰਘ ਵਿਰਕ ਹੋਰਾਂ ਕਾਫੀ ਮਿਹਨਤ ਨਾਲ ਲਿਖੀ। ਹੋਰ ਵੀ ਰਚਨਾਵਾਂ ਪਸੰਦ ਆਈਆਂ। ਕਰਤਾਰ ਸਿੰਘ ਕਾਲੜਾ ਦੀ ਗ਼ਜ਼ਲ ਵੀ ਠੀਕ ਲੱਗੀ।

**—ਇੰਦਰਜੀਤ ਹਸਨਪੁਰੀ**, ਲੁਧਿਆਣਾ

—o—

'ਵਰਿਆਮ' ਲਗਾਤਾਰ ਮਿਲ ਰਿਹਾ ਹੈ। ਧੰਨਵਾਦ। ਵਰਿਆਮ ਸੰਧੂ ਦਾ ਸਫਰਨਾਮਾ ਬੜੀ ਦਿਲਚਸਪੀ ਨਾਲ ਪੜ੍ਹ ਰਿਹਾ ਹਾਂ। ਦੋਵਾਂ ਨੂੰ ਮੇਰੀ ਮੁਬਾਰਕ।

**—ਮੁਖਤਾਰ ਗਿੱਲ**, ਪ੍ਰੀਤ ਨਗਰ

—o—

## ਇਕ ਚਿੱਠੀ ਵਰਿਆਮ ਸੰਧੂ ਦੇ ਨਾਂ 'ਤੇ

ਤੇਰਾ ਸਫ਼ਰਨਾਮਾ ਮੈਂ 'ਵਰਿਆਮ' ਵਿਚ ਪੜ੍ਹ ਰਿਹਾ ਹਾਂ। ਮੈਨੂੰ ਤਾਂ ਐਂ ਲਗਦਾ ਰਿਹੈ ਜਿਵੇਂ ਅਸੀਂ ਵੀ ਮਿਲਵਾਕੀ ਦੀ ਕਾਨਫਰੰਸ ਵਿਚ ਸ਼ਾਮਲ ਹੋਈਏ...ਉਸੇ ਤਰ੍ਹਾਂ ਜਹਾਜ਼ ਵਿਚ ਸਫਰ ਕਰ ਰਹੇ ਹੋਈਏ...ਉਸੇ ਤਰ੍ਹਾਂ ਮਹਿਫਲ 'ਚ... ਕਾਰਾਂ 'ਚ ਹੂਟੇ ਲੈ ਰਹੇ ਹੋਈਏ। ਵਾਹ ਬਈ ਵਾਹ! ਕਮਾਲ ਕਰ ਦਿਤੀ।

ਮੈਂ ਕਦੇ ਵੀ 'ਵਰਿਆਮ' ਪੜ੍ਹਿਆ ਨਹੀਂ ਸੀ, ਪਰ ਜਦੋਂ ਦਾ ਤੇਰਾ ਸਫ਼ਰ ਛਪਣ ਲੱਗਾ ਹੈ, ਸਿਰਫ ਇਹੋ ਪੜ੍ਹ ਰਿਹਾ ਹਾਂ। ਕਲ੍ਹ ਹੀ ਵਰਿਆਮ ਆਇਆ ਸੀ ਕਲ੍ਹ ਹੀ ਪੜ੍ਹ ਕੇ ਰਖ ਦਿਤਾ। ਮਹੀਨਾਂ ਭਰ ਇੰਤਜ਼ਾਰ ਰਹਿੰਦਾ ਹੈ। ਏਸ ਮਹੀਨੇ ਕਾਫੀ ਫਿਕਰ ਭਰੀ ਇੰਤਜ਼ਾਰ ਰਹੀ, ਕਿਉਂਕਿ ਪਿਛਲੇ ਵਿਚ ਤੈਨੂੰ ਦਿਤੀ ਧਮਕੀ ਨੇ ਡਰਾ ਦਿਤਾ ਸੀ ਕਿ ਅੱਗੋਂ ਕੀ ਹੋਇਆ?

**—ਮੁਖਤਿਆਰ ਸਿੰਘ**, ਅੰਮ੍ਰਿਤਸਰ

## ਸਹਾਇਤਾ

ਸ. ਕਰਤਾਰ ਸਿੰਘ 'ਪੰਛੀ' ਦੀ ਧਰਮ ਪਤਨੀ ਸ੍ਰੀਮਤੀ ਜਸਵੰਤ ਕੌਰ ਦੀ ਪਹਿਲੀ ਬਰਸੀ ਸ੍ਰੀ ਭੈਣੀ ਸਾਹਿਬ ਵਿਖੇ ੨੩-੪-੯੮ ਨੂੰ ਮਨਾਈ ਗਈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਹਨਾਂ ਦੇ ਹੁਕਮ ਅਨੁਸਾਰ ਭੋਗ ਪਾਏ ਗਏ ਇਸ ਮੌਕੇ ਉਤੇ 'ਪੰਛੀ' ਜੀ ਵਲੋਂ ੧੫੧/- ਰੁਪੈ 'ਵਰਿਆਮ' ਨੂੰ ਸਹਾਇਤਾ ਭੇਜੀ ਗਈ।



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀ ... ਵਾਸਤੇ

... ਮਾਹਰ

## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869



ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ

ਹਰ ਕਿਸਮ ਦੀ ਲੱਕੜ

ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,

ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**

[TIMBER MERCHANTS]

**ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ**

Phone : 58795, 59056

Mobile Phone 9814060489 Pager 96124089



ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ

ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਫ਼ੋਨ 238784



ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ

ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

**ਨਿਊ ਟਿੰਬਰ ਮਾਰਕੀਟ,**

**ਅਕਹਿਰੀ ਪੁਲੀ, ਜਲੰਧਰ ਸ਼ਹਿਰ**

ਫੋਨ ਨੰ: 232990



## JANTA

**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING



ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ

ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ ਸ਼ਹਿਰ

ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ





Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

Furshi Durries & Carpets

*in Bright & Fast Colours*

*Manufactuers :*

Namdhari Sales

10240/54, Library Road, Azad Market, Delhi-11006


Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**

Sri Satguru Jagjit Singh Ji eLibrary NamdhariElibrary@gmail.com



Hohohehoohaaha ha!
Zzzzzzziiiiiippp! Dip! Zzzzzzzziiipp
Splash! Splish! Glugglu
Aaaaaarrrggaarraaggis!
Grunt Oink!
Eeyaahaahooo! Uu eeeeaaaha!
Oink oink oink! Sssquuueeeeeal!
Owoooeeeeeeyaaahoooo!
Uuueeeeeeaaaha! Eeyaahaaho!
IT'S FUNNFOOD VILLAGE
Old Delhi-Gurgaon Road, Kapashera,

Registered No. PB/JL-253 **MONTHLY WARIAM**, Ladowali Road, Jalandhar-144 001
Registered with the Reigstrar of News Papers for India No. 26453/75 **JUNE 1998**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

Sri Satguru Jagjit Singh Ji eLibrary NamdhariElibrary@gmail.com